# ਪਾਕਿਸਤਾਨ ਜਿਹੋ ਜਿਹਾ ਮੈਂ ਵੇਖਿਆ

*(ਸਫ਼ਰਨਾਮਾ)*

ਬੂਟਾ ਗੁਲਾਮੀ ਵਾਲਾ

5 ਆਬ
ਪ੍ਰਕਾਸ਼ਨ, ਜਲੰਧਰ

# Pakistan Jiho Jiha Mein Vekhya

*(Safarnama)*

**ਬੂਟਾ ਗੁਲਾਮੀ ਵਾਲਾ**
ਪ੍ਰਧਾਨ ਨਵ ਪੰਜਾਬੀ ਸਾਹਿਤ ਸਭਾ
ਕੋਟ ਈਸੇ ਖਾਂ, ਜ਼ਿਲ੍ਹਾ ਮੋਗਾ

*BUTA GULAMIWALA*
*DASHMESH NAGAR, KOT*
*ISE KHAN (MOGA)*

ਮੋਬਾ: 94171-97395, 88729-28580
*Email : butagulamiwala@gmail.com*

© ਲੇਖਕ

ISBN : 978-93-84306-60-1

ਦੂਜੀ ਵਾਰ: 2015 (ਪੇਪਰ ਬੈਕ)

ਕੀਮਤ : 100/-

ਟਾਈਟਲ ਫੋਟੋ : ਗੁਰਦੁਆਰਾ ਨਨਕਾਣਾ ਸਾਹਿਬ (ਪਾਕਿਸਤਾਨ)

**ਪ੍ਰਕਾਸ਼ਕ: ਪੰਜ ਆਬ ਪ੍ਰਕਾਸ਼ਨ**
1-ਦੇਸ਼ ਭਗਤ ਯਾਦਗਾਰ ਬਿਲਡਿੰਗ, ਜਲੰਧਰ
ਫ਼ੋਨ: 98140-87063
5aabparkashan@gmail.com www. 5aabparkashan.com

ਟਾਈਪ ਸੈਟਿੰਗ: ਵੈਕ ਕੰਪਿਊਟਰਜ਼, ਜਲੰਧਰ

ਪ੍ਰਿੰਟਰਜ਼: 5ਆਬ ਪ੍ਰਿੰਟਰਜ਼ ਜਲੰਧਰ

# ਸਮਰਪਣ

ਆਪਣੇ ਮਾਤਾ-ਪਿਤਾ ਸਰਦਾਰ ਬੁੱਢਾ ਸਿੰਘ,
ਸਰਦਾਰਨੀ ਸੁਰਜੀਤ ਕੌਰ ਅਤੇ ਸਤਿਕਾਰਯੋਗ ਉਨ੍ਹਾਂ
ਬਜ਼ੁਰਗਾਂ ਨੂੰ ਜਿਹੜੇ ਪਾਕਿਸਤਾਨ ਵਿਚ ਨਨਕਾਣਾ
ਸਾਹਿਬ ਅਤੇ ਹੋਰ ਗੁਰਧਾਮਾਂ ਦੇ ਦਰਸ਼ਨ ਤਾਂ ਕਰਨੇ
ਚਾਹੁੰਦੇ ਹਨ ਪਰ ਬਜ਼ੁਰਗ ਹੋਣ ਜਾਂ ਕਿਸੇ ਹੋਰ ਕਾਰਨਾਂ
ਕਰਕੇ ਉਨ੍ਹਾਂ ਨੂੰ ਦਰਸ਼ਨ ਕਰਨੇ ਨਸੀਬ ਨਹੀਂ ਹੋ ਰਹੇ।

## ਤਤਕਰਾ


- ਕੁਝ ਸ਼ਬਦ ਪ੍ਰਵਾਸੀ ਲੇਖਕ ਵੱਲੋਂ 5
- ਮੇਰੀ ਨਜ਼ਰ ਵਿਚ…<br>"ਪਾਕਿਸਤਾਨ ਜਿਹੋ ਜਿਹਾ ਮੈਂ ਵੇਖਿਆ" 7
- ਮੇਰੇ ਇਲਾਕੇ ਦਾ ਸਫ਼ਲ, ਸਫ਼ਰਨਾਮਾ ਲੇਖਕ<br>'ਬੂਟਾ ਗੁਲਾਮੀ ਵਾਲਾ' 9
- ਮੇਰੀ ਆਪਣੀ ਕਲਮ ਤੋਂ 11
- ਕੋਟ ਈਸੇ ਖਾਂ ਤੋਂ ਅਟਾਰੀ ਤੱਕ 13
- ਵਾਹਗਾ ਤੋਂ ਨਨਕਾਣਾ ਸਾਹਿਬ ਤੱਕ 17
- ਨਨਕਾਣਾ ਸਾਹਿਬ ਵਿੱਚ ਹੋਰ ਗੁਰਧਾਮ 27
- ਨਨਕਾਣਾ ਸਾਹਿਬ ਵਿੱਚ ਨਗਰ ਕੀਰਤਨ 33
- ਨਨਕਾਣਾ ਸਾਹਿਬ ਤੋਂ ਪੰਜਾ ਸਾਹਿਬ ਜੀ 43
- ਪੰਜਾ ਸਾਹਿਬ ਤੋਂ ਲਾਹੌਰ 55
- ਬੂਟਾ ਗੁਲਾਮੀ ਵਾਲਾ ਸ਼ੁਭ ਚਿੰਤਕਾਂ ਦੀ ਨਜ਼ਰ ਵਿਚ 75
- ਜਿਨ੍ਹਾਂ ਨੇ ਮੇਰਾ ਸਾਥ ਦਿੱਤਾ 80

# ਕੁਝ ਸ਼ਬਦ ਪ੍ਰਵਾਸੀ ਲੇਖਕ ਵੱਲੋਂ

ਪੰਜਾਬੀ ਦੇ ਵਾਰਤਕ ਰੂਪੀ ਸਾਹਿਤ ਨਾਲ ਸੰਬੰਧਤ ਪੰਜਾਬੀ ਲੇਖਕਾਂ ਦੀ ਲੇਖਣੀ ਉੱਪਰ ਜੇਕਰ ਸਰਸਰੀ ਜਿਹੀ ਨਜ਼ਰ ਮਾਰੀਏ ਤਾਂ ਵੱਡੀ ਗਿਣਤੀ ਵਿਚ ਲੇਖਕਾਂ ਨੇ ਆਪਣੀ ਲੇਖਣੀ ਦੀ ਸ਼ੁਰੂਆਤ ਕੋਈ ਸਫ਼ਰਨਾਮਾ ਲਿਖ ਕੇ ਹੀ ਕੀਤੀ ਹੈ। ਬੂਟਾ ਗੁਲਾਮੀ ਵਾਲਾ ਨੇ ਵੀ ਪੰਜਾਬੀ ਵਾਰਤਕ ਲੇਖਕਾਂ ਦੀ ਇਸ ਪਰੰਪਰਾ ਨੂੰ ਅੱਗੇ ਵਧਾਉਂਦਿਆਂ ਆਪਣੀ ਪਲੇਠੀ ਪੁਸਤਕ 'ਪਾਕਿਸਤਾਨ ਜਿਹੋ ਜਿਹਾ ਮੈਂ ਵੇਖਿਆ' ਇਕ ਧਾਰਮਿਕ ਸਫ਼ਰਨਾਮੇ ਦੇ ਰੂਪ ਵਿਚ ਹੀ ਪੰਜਾਬੀ ਸਾਹਿਤ ਦੀ ਝੋਲੀ ਵਿਚ ਪਾਈ ਹੈ। ਆਮ ਸਫ਼ਰਨਾਮਾ ਲਿਖਣ ਨਾਲੋਂ ਧਾਰਮਿਕ ਸਫ਼ਰਨਾਮਾ ਲਿਖਣਾ ਕੁਝ ਮੁਸ਼ਕਲ ਜ਼ਰੂਰ ਹੁੰਦਾ ਹੈ ਕਿਉਂਕਿ ਲੇਖਕਾਂ ਨੂੰ ਪਾਠਕਾਂ ਦੀਆਂ ਧਾਰਮਿਕ ਭਾਵਨਾਵਾਂ ਦਾ ਵਿਸ਼ੇਸ਼ ਰੂਪ ਵਿਚ ਧਿਆਨ ਰੱਖਣਾ ਪੈਂਦਾ ਹੈ। ਪਾਠਕਾਂ ਦੀਆਂ ਧਾਰਮਿਕ ਕਦਰਾਂ-ਕੀਮਤਾਂ ਦੇ ਦਾਇਰੇ ਵਿਚ ਵਿਚਰਦੇ ਹੋਏ ਬੂਟਾ ਗੁਲਾਮੀਵਾਲਾ ਨੇ ਬਹੁਤ ਹੀ ਸੰਜਮੀ ਰੂਪ ਦੇ ਬਿਰਤਾਂਤ ਨਾਲ ਇਸ ਧਾਰਮਿਕ ਸਰਫ਼ਰਨਾਮੇ ਨੂੰ ਕਲਮਬੱਧ ਕੀਤਾ ਹੈ। ਆਪਣੇ ਸਫ਼ਰ ਦੇ ਸ਼ੁਰੂਆਤੀ ਪੜਾਅ ਵਿਚ ਲੇਖਕ ਚੜ੍ਹਦੇ ਪੰਜਾਬ ਦੇ ਅਟਾਰੀ ਸਟੇਸ਼ਨ ਅਤੇ ਬਾਅਦ ਵਿਚ ਲਹਿੰਦੇ ਪੰਜਾਬ ਦੇ ਵਾਹਗਾ ਬਾਰਡਰ ਤੋਂ ਗੁਰਦੁਆਰਾ ਨਨਕਾਣਾ ਸਾਹਿਬ ਦੇ ਪਹੁੰਚਣ ਤੱਕ ਦੇ ਸਫ਼ਰ ਅਤੇ ਉਥੇ ਸਜਾਏ ਨਗਰ ਕੀਰਤਨ ਦਾ ਦ੍ਰਿਸ਼ ਬਹੁਤ ਹੀ ਸਰਲ ਭਾਸ਼ਾ ਅਤੇ ਭਾਵੁਕਤਾ ਵਿਚ ਚਿਤਰਦਾ ਹੈ। ਉਸ ਵੱਲੋਂ ਕਹੇ ਹੋਏ ਇਹ ਸ਼ਬਦ ਹਾਮੀ ਭਰਦੇ ਹਨ ਤੇ ਉਹ ਲਿਖਦਾ ਹੈ "ਬਈ ਆਹ ਇੱਕ ਵੱਟ ਜਿਹੀ ਨੇ ਹੀ ਸਾਡੇ ਪੁਰਾਣੇ ਪੰਜਾਬ ਨੂੰ ਦੋ ਭਾਗਾਂ ਵਿਚ ਵੰਡ ਦਿੱਤਾ, ਇੱਕ ਸਰਹੱਦ ਦੀ ਵੱਟ ਦੇ ਕਾਰਨ ਦੋ ਮੁਲਕ ਬਣ ਗਏ ਹਨ।" ਸੱਚ ਪੁੱਛੋ ਤਾਂ ਹੱਦ 'ਤੇ ਜਾ ਕੇ ਰੋਣ ਨਿਕਲ ਜਾਂਦਾ ਹੈ, ਜਿਹੜੇ ਲੋਕਾਂ ਨੇ ਸੰਤਾਲੀ ਦਾ ਸੰਤਾਪ ਹੰਢਾਇਆ ਹੈ, ਜਦੋਂ ਉਹ ਲੋਕ ਇਸ ਵੱਟ ਉੱਪਰੋਂ ਲੰਘਦੇ ਹੋਣਗੇ ਤਾਂ ਉਹਨਾਂ ਦਾ ਕੀ ਹਾਲ ਹੁੰਦਾ ਹੋਵੇਗਾ! ਬੂਟਾ ਗੁਲਾਮੀਵਾਲਾ ਨੇ ਆਪਣੇ ਇਸ ਧਾਰਮਿਕ ਸਫ਼ਰਨਾਮੇ ਵਿਚ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ, ਦੂਜੇ ਗੁਰੂ ਸਾਹਿਬਾਨਾਂ, ਸ਼ਹੀਦਾਂ ਅਤੇ ਹੋਰ ਮਹਾਨ ਸਿੱਖ ਹਸਤੀਆਂ ਦਾ ਜ਼ਿਕਰ ਕੀਤਾ ਹੈ ਅਤੇ ਸਿੱਖ ਸੰਗਤਾਂ ਵੱਲੋਂ ਉਸਾਰੇ ਗੁਰੂ ਘਰਾਂ ਦਾ ਵਰਨਣ ਕਰਦੇ ਸਮੇਂ ਸੰਬੰਧਤ ਗੁਰਦੁਆਰਿਆਂ ਦਾ ਸੰਖੇਪ ਰੂਪ ਵਿਚ ਇਤਿਹਾਸ ਹੀ ਵਰਨਣ ਨਹੀਂ ਕੀਤਾ, ਸਗੋਂ ਗੁਰੂ ਘਰਾਂ ਵਿਚ ਚੱਲ ਰਹੀ ਨਵ ਉਸਾਰੀ ਅਤੇ ਮੁਰੰਮਤ ਦੀ ਕਾਰ ਸੇਵਾ, ਲੰਗਰ ਅਤੇ ਹੋਰ ਪ੍ਰਬੰਧਾਂ ਬਾਰੇ ਵੀ

ਵਿਸਥਾਰ ਸਹਿਤ ਲਿਖਿਆ ਹੈ। ਭਾਈ ਮਰਦਾਨਾ ਜੀ ਦੀ ਅਠਾਰਵੀਂ ਵੰਸ਼ ਦੇ ਨਾਇਮ ਤਾਹਿਰ ਨਾਲ ਮੁਲਾਕਾਤ ਲਹਿੰਦੇ ਪੰਜਾਬ ਦੇ ਸ਼ਹਿਰਾਂ, ਪਿੰਡਾਂ, ਬਜ਼ਾਰਾਂ ਦੀਆਂ ਰੌਣਕਾਂ, ਪਾਕਿਸਤਾਨ ਸਰਕਾਰ ਵੱਲੋਂ ਉਪਲੱਬਧ ਕਰਵਾਈ ਗਈ ਸਕਿਉਰਿਟੀ ਦੀ ਕਾਰਗੁਜ਼ਾਰੀ, ਸਕਿਉਰਿਟੀ ਵਾਲੇ ਮਰਦ, ਔਰਤਾਂ ਅਤੇ ਵਰਦੀਆਂ ਦਾ ਸੰਖੇਪ ਵਰਨਣ ਕਰਕੇ ਲੇਖਕ ਦੇ ਸਫ਼ਰਨਾਮੇ ਦੀ ਰੌਚਿਕਤਾ ਵਿਚ ਹੋਰ ਵਾਧਾ ਕਰਦੇ ਹਨ। ਲਹਿੰਦੇ ਪੰਜਾਬ ਦੇ ਲੋਕਾਂ ਵੱਲੋਂ ਦਿਖਾਏ ਮੋਹ ਭਿੱਜੇ ਸਨੇਹ, ਪਿਆਰ-ਸਤਿਕਾਰ ਅਤੇ ਬੱਸਾਂ, ਆਟੋ ਰਿਕਸ਼ਿਆਂ ਆਦਿ ਵਿੱਚ ਸਫ਼ਰ ਕਰਨ ਸਮੇਂ ਉਨ੍ਹਾਂ ਨਾਲ ਨਿੱਤ ਪ੍ਰਤੀ ਜ਼ਿੰਦਗੀ ਬਾਰੇ ਕੀਤੇ ਵਿਚਾਰ-ਵਟਾਂਦਰਿਆਂ ਨੂੰ ਬਹੁਤ ਹੀ ਸਰਲ ਅਤੇ ਸਿੱਧੀ ਭਾਸ਼ਾ ਵਿਚ ਕਲਮਬੰਦ ਕੀਤਾ ਹੈ। ਲੇਖਕ ਵੱਲੋਂ ਪਿੰਡਾਂ ਵਿਚ ਗੇੜਾ ਮਾਰਨ ਸਮੇਂ ਉਥੋਂ ਦੇ ਕੱਚੇ ਰਾਹਾਂ, ਕੱਚੀਆਂ ਗਲੀਆਂ, ਕੱਚੇ ਘਰਾਂ ਤੇ ਘਰਾਂ ਵਿਚ ਰਹਿੰਦੇ ਲੋਕਾਂ ਦੇ ਰੀਤੀ-ਰਿਵਾਜ਼, ਰਹਿਣ-ਸਹਿਣ ਦਾ ਵੀ ਜ਼ਿਕਰ ਸਲਾਹੁਣਯੋਗ ਹੈ। ਗੁਲਾਮੀਵਾਲਾ ਨੇ ਇਹ ਪਹਿਲਾ ਅਤੇ ਧਾਰਮਿਕ ਸਫ਼ਰਨਾਮਾ ਲਿਖ ਕੇ ਆਮ ਪਾਠਕਾਂ ਦੀ ਜਾਣਕਾਰੀ ਹਿੱਤ ਵੱਡਮੁੱਲਾ ਯੋਗਦਾਨ ਪਾਇਆ ਹੈ। "ਮੈਂ ਆਪਣੇ ਸਮਕਾਲੀ ਪ੍ਰਵਾਸੀ ਲੇਖਕਾਂ ਅਤੇ ਬ੍ਰਿਟਿਸ਼ ਕੋਲੰਬੀਆ ਪੰਜਾਬੀ ਕਲਚਰਲ ਫਾਊਡੇਸ਼ਨ ਵਲੋਂ ਬੂਟਾ ਗੁਲਾਮੀਵਾਲਾ ਨੂੰ ਪੰਜਾਬੀ ਮਾਂ-ਬੋਲੀ ਦੇ ਸਾਹਿਤ ਨੂੰ ਇਸ ਪੁਸਤਕ ਦੇ ਰੂਪ ਵਿੱਚ ਹੋਰ ਅਮੀਰ ਕਰਨ ਲਈ ਹਾਰਦਿਕ ਵਧਾਈ ਭੇਜਦਾ ਹਾਂ ਅਤੇ ਆਸ ਕਰਦਾ ਹਾਂ ਕਿ ਇਹ ਧਾਰਮਿਕ ਪੁਸਤਕ ਪਾਠਕਾਂ ਦੀਆਂ ਆਸਾਂ 'ਤੇ ਖਰਾ ਉਤਰੇਗੀ।

**-ਨਛੱਤਰ ਸਿੰਘ ਬਰਾੜ**

ਡਾਇਰੈਕਟਰ

ਬੀ.ਸੀ. ਪੰਜਾਬੀ ਕਲਚਰਲ ਫਾਊਂਡੇਸ਼ਨ

ਸਰੀ, ਬੀ.ਸੀ ਕੈਨੇਡਾ

778-856-2164

# ਮੇਰੀ ਨਜ਼ਰ ਵਿਚ...
# "ਪਾਕਿਸਤਾਨ ਜਿਹੋ ਜਿਹਾ ਮੈਂ ਵੇਖਿਆ"

ਪੰਜਾਬੀ ਸਫ਼ਰਨਾਮਾ ਸਾਹਿਤ ਵਿਚ ਨਵਾਂ ਹਸਤਾਖ਼ਰ ਹੈ ਬੂਟਾ ਗੁਲਾਮੀ ਵਾਲਾ। ਭਾਵੇਂ ਹੱਥਲੀ ਕਿਰਤ ਗੁਰਧਾਮਾਂ ਦੀ ਯਾਤਰਾ ਦੀਆਂ ਸੀਮਾਵਾਂ ਵਿਚ ਨੀਯਤ ਹੈ, ਪਰੰਤੂ ਲੇਖਕ ਦੀ ਵਡਿਆਈ ਕਰਨੀ ਬਣਦੀ ਹੈ ਕਿ ਉਸ ਨੇ ਨਿਸ਼ਚਿਤ ਦਾਇਰੇ ਵਿਚ ਰਹਿ ਕੇ ਇਸ ਰੂਪਾਕਾਰ ਦੇ ਹਰ ਪੱਖ ਨੂੰ ਕਲਾਵੇ ਲਿਆ ਹੈ। ਇਹ ਕੋਈ ਬੌਧਿਕ ਲਿਖਤ ਨਹੀਂ, ਸ਼ਾਬਦਿਕ ਪਰਚੰਡ ਨਹੀਂ, ਅਹੰ-ਪ੍ਰਗਟਾਵਾ ਵੀ ਨਹੀਂ ਬਲਕਿ ਨਿਰ-ਉਚੇਚ ਤੱਥ-ਅਧਾਰਤ ਵੇਰਵੇ ਹਨ ਜਿਵੇਂ ਧਰਤੀ ਦੀ ਪਰਿਕਰਮਾ ਕਰਦੇ ਉਪਗ੍ਰਹਿ ਨੇ ਚਿੱਤਰ ਖਿੱਚ ਕੇ ਭੇਜੇ ਹੋਣ। ਜਿੱਥੇ ਦ੍ਰਿਸ਼-ਮੂਲਕ ਅਤੇ ਸਥਾਨ-ਮੂਲਕ ਵਿਵਰਣ ਨਾਲ ਸਫ਼ਰਨਾਮੇ ਨੂੰ ਸਾਰਥਕ ਸਰੂਪ ਦਿੱਤਾ ਗਿਆ ਹੈ, ਉੱਥੇ ਹੀ ਉੱਥੋਂ ਦੀ ਸਮਾਜਿਕ, ਸਭਿਆਚਾਰਕ ਅਤੇ ਆਰਥਿਕ ਵਿਵਸਥਾ ਦਾ ਅਵਲੋਕਨ ਵੀ ਹੋਇਆ ਹੈ ਅਤੇ ਲੇਖਕ ਦਾ ਵਸਤੂਗਤ ਨਿਰੀਖਣ ਵੀ ਨਾਲੋਂ-ਨਾਲ ਚੱਲਦਾ ਹੈ। ਗੁਰਧਾਮਾਂ ਦੀ ਯਾਤਰਾ ਕਰਦਿਆਂ ਉਨ੍ਹਾਂ ਦੇ ਇਤਿਹਾਸਕ ਸਰੋਕਾਰਾਂ ਅਤੇ ਪ੍ਰਚਲਿਤ ਲੋਕ-ਰੂੜ੍ਹੀਆਂ ਨੂੰ ਬੜੇ ਮਹੱਤਵ ਨਾਲ ਦਰਸਾਇਆ ਗਿਆ ਹੈ। ਗੁਰਦੁਆਰਿਆਂ ਦੀ ਦਸ਼ਾ ਅਤੇ ਸਾਂਭ-ਸੰਭਾਲ ਦਾ ਤਾਂ ਜਿਵੇਂ ਸੁਚਿੱਤਰ ਵਰਣਨ ਹੈ। ਇਤਿਹਾਸਕ ਘਟਨਾਵਾਂ ਦੀ ਜਾਣਕਾਰੀ ਦੇਣ ਲੱਗਿਆ ਤੱਥਾਂ-ਤਰੀਕਾਂ ਅਤੇ ਨਾਵਾਂ-ਥਾਵਾਂ ਦਾ ਪੂਰਾ ਧਿਆਨ ਰੱਖਿਆ ਗਿਆ ਹੈ।

ਇਹ ਸਫ਼ਰਨਾਮਾ ਇਕ ਖੁੰਧਕ-ਰਹਿਤ ਸਾਕਾਰਾਤਮਕ ਮਨੋਦਸ਼ਾ ਦੀ ਉਪਜ ਹੈ। ਸੋਚ ਵਿਚ ਕੋਈ ਉਲਾਰ ਨਹੀਂ, ਪੱਖਪਾਤ ਨਹੀਂ। ਲੇਖਕ ਪਾਕਿਸਤਾਨੀ ਵਕਫ਼ ਬੋਰਡ ਵਲੋਂ ਯਾਤਰਾ ਸੰਬੰਧੀ ਕੀਤੇ ਗਏ ਪ੍ਰਬੰਧਾਂ ਤੋਂ ਖ਼ੁਸ਼ ਹੈ। ਯਾਤਰੀਆਂ ਦੇ ਰਹਿਣ-ਸਹਿਣ ਅਤੇ ਲੰਗਰ ਦੇ ਪ੍ਰਬੰਧਾਂ ਨੂੰ ਵੀ ਸਲਾਹਿਆ ਗਿਆ ਹੈ। ਪੂਰੇ ਪ੍ਰਕਰਣ ਵਿਚ ਪ੍ਰਸ਼ਾਸਨਿਕ ਅਧਿਕਾਰੀ, ਪੁਲਿਸ ਅਤੇ ਸਥਾਨਕ ਲੋਕ ਉਸ ਦੀ ਪ੍ਰਸੰਸਾ ਦੇ ਪਾਤਰ ਬਣੇ ਰਹਿੰਦੇ ਹਨ। (ਇਕ ਭਾਰਤੀ ਲਈ ਇਹ ਪ੍ਰਤੀਕਿਰਿਆ ਏਨੀ ਵੀ ਸਹਿਜ ਨਹੀਂ ਹੁੰਦੀ ਜਿੰਨੀ ਲੇਖਕ ਦੀ ਵੇਖੀ ਗਈ ਹੈ) ਹਾਲਾਂਕਿ ਉਸ ਨੇ ਆਰਥਕ ਤੌਰ 'ਤੇ ਪਿਛੜੇ ਪਾਕਿਸਤਾਨ ਅਤੇ ਉੱਥੋਂ ਦੀ ਅੱਗ ਉਗਲਦੀ ਮਹਿੰਗਾਈ ਦਾ ਜ਼ਿਕਰ ਕੀਤਾ ਹੈ, ਕੱਚੇ ਘਰ ਅਤੇ ਟੁੱਟੀਆਂ ਸੜਕਾਂ ਦਾ ਵੀ ਉਲੇਖ ਮਿਲਦਾ ਹੈ ਪ੍ਰੰਤੂ ਇਹ ਤਾਂ ਯਥਾਰਥ ਹੈ ਅਤੇ ਯਥਾਰਥ-ਚਿਤਰਣ ਕਿਸੇ

ਵੀ ਰੂਪਾਕਾਰ ਦਾ ਮੂਲ ਹੁੰਦਾ ਹੈ। ਸਰਹੱਦਾਂ ਦਾ ਸੰਤਾਪ ਮਾਨਵੀ ਚੇਤਨਾ ਦੇ ਮੱਥੇ ਵਿਚ ਖੁੱਭਿਆ ਇਕ ਕਿੱਲ ਹੈ ਅਤੇ ਇਹ ਪੀੜ੍ਹੀਆਂ ਦੇ ਨਾਲ ਨਿਭਦਾ ਹੈ। ਮੁੱਠੀ ਭਰ ਲੋਕਾਂ ਦੀ ਸੌੜੀ ਸਿਆਸਤ, ਨਸਲਾਂ ਲਈ ਕੰਡੇ ਖਿਲਾਰ ਜਾਂਦੀ ਹੈ। ਵੰਡ ਰਾਜਨੀਤਕ ਤੌਰ ’ਤੇ ਲਾਹੇਵੰਦ ਹੋ ਸਕਦੀ ਹੈ ਪਰ ਮਾਨਵੀ ਦ੍ਰਿਸ਼ਟੀ ਤੋਂ ਬਿਲਕੁਲ ਨਹੀਂ। ਉਧਰਲੇ ਲੋਕਾਂ ਦਾ ਯਾਤਰੂਆਂ ਨੂੰ ਮਿਲਣ ਦਾ ਚਾਅ-ਹੁਲਾਸ, ਬੱਚਿਆਂ ਦਾ ਹੱਥ ਹਿਲਾ-ਹਿਲਾ ਕੇ ਸਵਾਗਤ ਕਰਨਾ ਅਤੇ ਬਜ਼ੁਰਗਾਂ ਦਾ ‘ਪੁਰਾਣੇ ਬੇਲੀ ਸੱਜਣਾਂ’ ਨੂੰ ਮਿਲਣ ਦੀ ਤਾਂਘ ਸਾਡੇ ਵਿਚਾਰਾਂ ਦੀ ਪ੍ਰੋੜ੍ਹਤਾ ਲਈ ਕੁਝ ਮਿਸਾਲਾਂ ਹਨ। ਇਸ ਤੋਂ ਇਲਾਵਾ ਵਾਕ-ਅੰਸ਼ ‘ਵਿੰਗੀ ਟੇਢੀ ਵੱਟ’ ਲੇਖਕ ਦੀ ਵੰਡ ਪ੍ਰਤੀ ਅਸਹਿਜਤਾ ਨੂੰ ਕਈ ਥਾਈਂ ਪ੍ਰਤੀਬਿੰਬਤ ਕਰਦੀ ਹੈ। ਪ੍ਰਕਿਰਤੀ ਚਿਤਰਣ, ਦ੍ਰਿਸ਼ ਵਰਨਣ ਅਤੇ ਹਲਕਾ ਹਾਸਾ-ਠੱਠਾ ਸਫ਼ਰਨਾਮੇ ਦਾ ਵਹਾਓ ਕਾਇਮ ਰੱਖਦੇ ਹਨ। ‘ਟੈਕਸਟ’ ਨੂੰ ਬੋਝਲ ਨਹੀਂ ਹੋਣ ਦਿੰਦੇ। ਬਿਰਤਾਂਤਕ ਅਤੇ ਵਰਣਾਤਮਕ ਸ਼ੈਲੀ ਦੇ ਸੁਮੇਲ ਨਾਲ ਰੌਚਿਕਤਾ ਬਰਕਰਾਰ ਰਹਿੰਦੀ ਹੈ। ਸੁਚੇਤ ਜਾਂ ਅਚੇਤ ਪਰ ਯਾਤਰਾ ਸਾਹਿਤ ਦੇ ਸੰਦਰਭ ਵਿਚ ਇਹ ਇਕ ਕਾਰਗਰ ਜੁਗਤ ਹੈ। ਕਿਧਰੇ-ਕਿਧਰੇ ਆਪਸੀ ਵਾਰਤਾਲਾਪ ਅਤੇ ਨੋਕ-ਝੋਕ ਸਤਹੀ ਪੱਧਰ ਦੀ ਹੋ ਜਾਂਦੀ ਹੈ, ਲਫ਼ਜ਼ਾਂ ਅਤੇ ਵਾਕਾਂ ਦਾ ਦੁਹਰਾਓ ਵੀ ਹੈ। ਇੱਕਾ-ਦੁੱਕਾ ਟੀਕਾ-ਟਿੱਪਣੀਆਂ ਬੇਲੋੜੀਆਂ ਵੀ ਪ੍ਰਤੀਤ ਹੋਈਆਂ ਹਨ ਪਰ ਧਾਨ ਵਿਚ ਥੋੜ੍ਹਾ-ਥੋੜ੍ਹਾ ਚੋਬਾ ਉੱਗ ਆਉਣਾ ਸੁਭਾਵਿਕ ਗੱਲ ਹੁੰਦੀ ਹੈ, ਰੜਕਦਾ ਨਹੀਂ। ਕੁਲ ਮਿਲਾ ਕੇ ਇਹ ਇਕ ਇੱਕੋ-ਸਾਹੇ ਪੜ੍ਹਨਯੋਗ ਅਤੇ ਮਾਨਣਯੋਗ ਲਿਖਤ ਹੈ ਅਤੇ ਆਸ ਕਰਦਾ ਹਾਂ ਕਿ ਪਾਠਕ ਮੇਰੀ ‘ਪੜ੍ਹਤ’ ਤੇ ਭਰੋਸਾ ਕਰਕੇ ਚੰਗਾ ਹੁੰਗਾਰਾ ਦੇਣਗੇ।

**-ਗੁਰਦੀਪ ਖਿੰਡਾ**

**94172-55267**

# ਮੇਰੇ ਇਲਾਕੇ ਦਾ ਸਫ਼ਲ, ਸਫ਼ਰਨਾਮਾ ਲੇਖਕ 'ਬੂਟਾ ਗੁਲਾਮੀ ਵਾਲਾ'

"ਪਾਕਿਸਤਾਨ ਜਿਹੋ ਜਿਹਾ ਮੈਂ ਵੇਖਿਆ" ਟਾਈਟਲ ਵਾਲੀ ਪੁਸਤਕ ਬਣਨ ਤੋਂ ਪਹਿਲਾਂ ਇਸੇ ਸਿਰਲੇਖ ਹੇਠ ਤੇਰਾਂ ਕਿਸ਼ਤਾਂ ਹਫ਼ਤਾਵਾਰੀ ਬਣ ਕੇ 6 ਅਪ੍ਰੈਲ 2014 ਤੋਂ 29 ਜੂਨ 2014 ਤੱਕ ਰੋਜ਼ਾਨਾ 'ਅੱਜ ਦੀ ਅਵਾਜ਼' ਵੱਲੋਂ ਐਤਵਾਰਤਾ ਦੇ ਅੰਕ 'ਚ ਪ੍ਰਕਾਸ਼ਿਤ ਹੋਈਆਂ, ਨੂੰ ਪਾਠਕਾਂ ਨੇ ਬਾਖੂਬੀ ਪੜ੍ਹਿਆ ਅਤੇ ਲੇਖਕ ਨਾਲ ਆਪਣੇ ਪ੍ਰਤੀਕਰਮ ਵੀ ਸਾਂਝੇ ਕੀਤੇ। ਬੂਟਾ ਗੁਲਾਮੀ ਵਾਲਾ ਨੇ ਸਾਲ 2008 ਅਤੇ ਸਾਲ 2013 ਦੀਆਂ ਯਾਤਰਾਵਾਂ ਦੌਰਾਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜਨਮ ਦਿਹਾੜੇ ਨਾਲ ਸਬੰਧਿਤ ਪਾਕਿਸਤਾਨ ਦੀ ਧਾਰਮਿਕ ਯਾਤਰਾ ਨੂੰ ਸੰਵਾਦ ਸੰਸਾਰ ਵਿਚ ਸੰਭਾਲਿਆ ਹੈ। ਬੂਟਾ ਗੁਲਾਮੀ ਵਾਲਾ ਵੱਲੋਂ ਇੱਕ ਚੰਗੀ ਸ਼ੁਰੂਆਤ ਦੀ ਮੈਨੂੰ ਬੇਹੱਦ ਖੁਸ਼ੀ ਹੋਈ ਹੈ, ਕਿਉਂਕਿ ਉਹ ਮੇਰੇ ਇਲਾਕੇ ਅਤੇ ਕੋਟ ਈਸੇ ਖਾਂ ਦਾ ਵਾਸੀ ਹੈ। ਮੇਰਾ ਗੁਆਂਢੀ ਹੈ, ਮੇਰਾ ਦੋਸਤ ਹੈ ਅਤੇ ਮੇਰਾ ਸਮਕਾਲੀ ਲੇਖਕ ਹੈ। ਸ਼ੁਰੂਆਤ ਵੇਲੇ ਮੈਂ ਉਸ ਨੂੰ ਇੱਕ ਗੀਤਕਾਰ ਵਜੋਂ ਅਤੇ ਨਵ-ਪੰਜਾਬੀ ਸਾਹਿਤ ਸਭਾ ਕੋਟ ਈਸੇ ਖਾਂ (ਮੋਗਾ) ਦਾ ਪ੍ਰਧਾਨ ਹੀ ਸਮਝਦਾ ਸੀ, ਪਰ 'ਅੱਜ ਦੀ ਅਵਾਜ਼' ਵਿਚ ਉਸ ਦੀ ਵਾਰਤਕ ਵਾਲੀ ਸ਼ੈਲੀ ਨੂੰ ਪਹਿਲੀ ਵਾਰ ਪੜ੍ਹਿਆ ਤਾਂ ਮੈਂ ਉਸ ਦੀ ਕਲਮ ਵੱਲ ਖਿੱਚਿਆ ਗਿਆ, ਕਿਉਂਕਿ ਉਸ ਨੇ ਬੜੀ ਹੀ ਸਰਲ ਤੇ ਠੇਠ ਪੰਜਾਬੀ ਬੋਲੀ ਨੂੰ ਸੰਭਾਲਿਆ ਹੈ। ਉਸ ਨੇ ਸਿੱਖ ਗੁਰੂ ਸਹਿਬਾਨਾਂ ਜੀ ਦੇ ਜਨਮ ਸਥਾਨ, ਜਨਮ ਸਾਲ ਆਦਿ ਨੂੰ ਕੇਂਦਰ ਵਿਚ ਲੈ ਕੇ ਸ੍ਰੀ ਨਨਕਾਣਾ ਸਾਹਿਬ ਅਤੇ ਹੋਰ ਗੁਰਧਾਮਾਂ ਦੀ ਧਾਰਮਿਕ ਯਾਤਰਾ ਰਾਹੀ ਪਾਕਿਸਤਾਨੀ ਪੰਜਾਬ ਦੀ ਧਾਰਮਿਕ, ਸਮਾਜਿਕ ਅਤੇ ਸੱਭਿਆਚਾਰਕ ਸਾਂਝ ਦਾ ਬਾਖੂਬੀ ਚਿਤਰਨ ਕੀਤਾ ਹੈ, ਜਿਸ ਵਿਚ ਯਾਤਰੀਆਂ ਦਾ ਆਪਸੀ ਮਿਲਵਰਤਨ, ਹਾਸਾ-ਠੱਠਾ ਰੌਚਿਕਤਾ ਵਜੋਂ ਦਰਜ ਹੈ। ਇਸ ਤਰ੍ਹਾਂ ਇਹ ਸਫ਼ਰਨਾਮਾ ਬਹੁਪੱਖੀ, ਬਹੁ-ਦਿਸ਼ਾਵੀ ਬਣਿਆ ਮੈਨੂੰ ਲੱਗਿਆ ਹੈ। ਇਸ ਸਾਰੀ ਰਚਨਾ ਵਿਚ ਬੂਟੇ ਨੇ ਜਿਥੇ ਆਪਣੇ ਗੁਰੂਆਂ ਜੀ ਦੇ ਬਾਰੇ ਵਿਚ ਤਾਂ ਜ਼ਿਕਰ ਕੀਤਾ ਹੀ ਹੈ, ਉਧਰਲੇ ਲਹਿੰਦੇ ਪੰਜਾਬ ਦੀਆਂ ਭਰਪੂਰ ਜਾਣਕਾਰੀਆਂ ਵੀ ਪਾਠਕਾਂ ਨੂੰ ਮੁਹੱਈਆ ਕਰਵਾਈਆਂ ਹਨ, ਜਿਸ ਨਾਲ ਪੜ੍ਹਨ ਵਾਲਿਆਂ ਦੀ ਲੜੀ ਬਣੀ ਰਹਿੰਦੀ ਹੈ ਅਤੇ ਅੱਗੇ ਤੋਂ ਅੱਗੇ ਇਹ ਸਫ਼ਰਨਾਮਾ ਵਧੇਰੇ ਰੌਚਿਕ ਬਣਦਾ ਜਾਂਦਾ

ਹੈ। ਉੱਥੋਂ ਦੇ ਆਲੇ-ਦੁਆਲੇ ਧੜਕਦੇ ਜੀਵਨ ਨੂੰ ਇਸ ਪੁਸਤਕ ਵਿਚ ਠੇਠ ਪੰਜਾਬੀ ਮਾਂ-ਬੋਲੀ ਵਿਚ ਵਰਨਣ ਕਰਕੇ ਬੂਟਾ ਗੁਲਾਮੀ ਵਾਲਾ ਮੇਰੇ ਇਲਾਕੇ ਦਾ ਪਹਿਲਾ ਤੇ ਸਫ਼ਲ ਸਫ਼ਰਨਾਮਾ ਲੇਖਕ ਬਣ ਕੇ ਉੱਭਰਿਆ ਹੈ। ਉਸ ਦੇ ਇਸ ਤਰ੍ਹਾਂ ਦੇ ਸ਼ੁਭ ਵਰਤਾਰੇ ਨੇ ਮੈਨੂੰ ਦਿਲੋਂ ਖੁਸ਼ੀ ਦਿੱਤੀ ਹੈ। ਮੇਰੇ ਇਲਾਕੇ ਦੇ ਲੇਖਕਾਂ ਨੇ ਅਖ਼ਬਾਰਾਂ ਰਸਾਲਿਆਂ ਤੋਂ ਅੱਗੇ ਪੁਸਤਕਾਂ ਤੱਕ ਪਹੁੰਚ ਕੀਤੀ ਹੈ। ਇਸ ਲਈ ਗੁਲਾਮੀ ਵਾਲਾ ਵਧਾਈ ਦਾ ਪਾਤਰ ਹੈ ਤੇ ਭਵਿੱਖ ਵਿਚ ਇਸ ਤੋਂ ਹੋਰ ਵੀ ਆਸਾ ਨੇ, ਸਾਡੀਆਂ ਸ਼ੁਭ ਇਛਾਵਾਂ ਇਸ ਦੇ ਨਾਲ ਹਨ। ਦਿਨ ਦੁੱਗਣੀ ਰਾਤ ਚੌਗੁਣੀ ਤਰੱਕੀ ਕਰੇ।

**-ਜਸਵੀਰ ਕਲਸੀ ਧਰਮਕੋਟ**

**81468-13291**

# ਮੇਰੀ ਆਪਣੀ ਕਲਮ ਤੋਂ

'ਜਿਸ ਨੇ ਲਾਹੌਰ ਨਹੀਂ ਵੇਖਿਆ ਉਹ ਜੰਮਿਆ ਨਹੀਂ' ਇਹ ਗੱਲ ਮੈਂ ਛੋਟੇ ਹੁੰਦਿਆਂ ਆਪਣੇ ਦਾਦਾ ਜੀ ਅਤੇ ਕਈ ਹੋਰ ਬਜ਼ੁਰਗਾਂ ਪਾਸੋਂ ਸੁਣੀ ਸੀ। ਉਦੋਂ ਮੇਰੇ ਚਿੱਤ ਖਿਆਲ ਵਿਚ ਵੀ ਨਹੀਂ ਸੀ ਕਿ ਮੈਂ ਵੀ ਇਕ ਦਿਨ ਲਾਹੌਰ ਵੇਖਾਂਗਾ ਅਤੇ ਪਾਕਿਸਤਾਨ ਦੀ ਪਵਿੱਤਰ ਧਰਤੀ 'ਤੇ ਨਨਕਾਣਾ ਸਾਹਿਬ, ਪੰਜਾ ਸਾਹਿਬ ਅਤੇ ਹੋਰ ਗੁਰਧਾਮਾਂ ਦੇ ਦਰਸ਼ਨ ਕਰਾਂਗਾ। ਮੇਰੇ ਦਿਲ ਦੀ ਇੱਛਾ ਨੂੰ ਉਸ (ਸਮੇਂ) ਬੂਰ ਪਿਆ ਜਦ ਮੈਂ ਪਹਿਲੀ ਵਾਰ ਦੋ ਹਜ਼ਾਰ ਅੱਠ (2008) ਵਿਚ ਇਨ੍ਹਾਂ ਗੁਰਧਾਮਾਂ ਦੇ ਦਰਸ਼ਨ ਕਰਨ ਗਿਆ ਅਤੇ ਫਿਰ ਦੂਜੀ ਵਾਰ ਦੋ ਹਜ਼ਾਰ ਤੇਰਾਂ (2013) ਵਿਚ ਦਰਸ਼ਨ ਕਰ ਆਇਆ। ਪਾਕਿਸਤਾਨ ਦੀ ਧਰਤੀ 'ਤੇ ਵੱਸਿਆ ਲਾਹੌਰ ਵਾਕਿਆ ਹੀ ਲਾਹੌਰ ਹੈ। ਜਿੱਡਾ ਚਾਅ ਹੋਰਾਂ ਲੋਕਾਂ ਨੂੰ ਕੈਨੇਡਾ, ਅਮਰੀਕਾ ਜਾਣ ਦਾ ਹੁੰਦਾ ਹੈ ਉਸ ਤੋਂ ਵੀ ਕਿਤੇ ਵੱਧ ਚਾਅ ਮੇਰੇ ਦਿਲ ਨੂੰ ਨਨਕਾਣਾ ਸਾਹਿਬ ਅਤੇ ਲਾਹੌਰ ਵੇਖਣ ਦਾ ਸੀ, ਕਿਉਂਕਿ 1947 ਦੀ ਵੰਡ ਤੋਂ ਪਹਿਲਾਂ ਲਾਹੌਰ ਲਹਿੰਦੇ ਅਤੇ ਚੜ੍ਹਦੇ ਪੰਜਾਬ ਦੀ ਰਾਜਧਾਨੀ, ਭਾਰਤੀ ਖਿੱਤੇ, ਪੰਜਾਬੀ ਸੱਭਿਆਚਾਰ ਅਤੇ ਵਪਾਰ ਦਾ ਮੁੱਖ ਕੇਂਦਰ ਸੀ। ਉਸ ਸਮੇਂ ਮੈਨੂੰ ਆਪਣੇ ਦਾਦਾ ਜੀ ਦੀ ਕਹੀ ਗੱਲ ਐਵੇਂ ਮੁਹਾਵਰਾ ਜਿਹਾ ਹੀ ਲੱਗਦੀ ਸੀ ਪਰ ਲਾਹੌਰ ਨੂੰ ਨੇੜਿਓਂ ਤੱਕ ਕੇ ਤਾਂ ਸੱਚੀਂ ਇੰਝ ਲੱਗ ਰਿਹਾ ਸੀ ਕਿ ਵਾਕਿਆ ਹੀ ਜਿਸ ਨੇ ਲਾਹੌਰ ਨਹੀਂ ਵੇਖਿਆ ਉਹ ਜੰਮਿਆ ਨਹੀਂ। ਜਦ ਮੈਂ ਪਾਕਿਸਤਾਨ ਦੀ ਧਰਤੀ 'ਤੇ ਇਨ੍ਹਾਂ ਗੁਰਧਾਮਾਂ ਦੇ ਦਰਸ਼ਨ ਕਰ ਰਿਹਾ ਸੀ ਤਾਂ ਸੋਚ ਰਿਹਾ ਸੀ ਬਈ ਸਾਡੇ ਵੱਡੇ-ਵਡੇਰੇ ਵੀ ਇਨ੍ਹਾਂ ਅਸਥਾਨਾਂ 'ਤੇ ਆਉਂਦੇ ਰਹੇ ਹੋਣਗੇ, ਕਿਉਂਕਿ ਚੜ੍ਹਦੇ ਪੰਜਾਬ ਦੇ ਬਹੁਤੇ ਲੋਕ ਲਹਿੰਦੇ ਪੰਜਾਬ ਵਿਚੋਂ ਹੀ ਸੰਤਾਲੀ ਦੀ ਵੰਡ ਮੌਕੇ ਆਏ ਸਨ। ਮੈਂ ਕਈ ਬਜ਼ੁਰਗਾਂ ਨੂੰ ਅਕਸਰ ਇਹ ਕਹਿੰਦਿਆਂ ਸੁਣਿਆ ਹੈ ਕਿ ਬਈ ਅਸੀਂ ਤਾਂ ਉਧਰ ਭਰੇ ਘਰ ਛੱਡ ਕੇ ਆ ਗਏ ਸੀ ਕਿ ਰੌਲਾ ਖ਼ਤਮ ਹੁੰਦਿਆਂ ਹੀ ਫਿਰ ਆਪਣੇ ਘਰਾਂ ਨੂੰ ਵਾਪਸ ਮੁੜ ਆਵਾਂਗੇ, ਪਰ ਫਿਰ ਉਹ ਘੜੀ ਸਾਡੇ ਕਦੇ ਨਸੀਬ ਨਹੀਂ ਹੋਈ। ਉਨ੍ਹਾਂ ਪਿੰਡਾਂ, ਥਾਵਾਂ, ਗਲੀਆਂ, ਘਰਾਂ ਤੇ ਯਾਰਾਂ-ਬੇਲੀਆਂ ਨੂੰ ਚੇਤੇ ਕਰ ਕੇ ਬੱਸ ਰੋ ਲਈਦਾ ਹੈ। ਹੁਣ ਜਦ ਕਈ ਬਜ਼ੁਰਗ ਸ਼ਰਧਾਲੂ ਪਾਕਿਸਤਾਨ ਦੀ ਧਰਤੀ 'ਤੇ ਜੱਥਿਆਂ ਦੇ ਨਾਲ ਜਾਂਦੇ ਹਨ ਤਾਂ ਉਧਰ ਉਹ ਆਪਣੇ ਪਿੰਡਾਂ ਵਿੱਚ ਵੀ ਗੇੜਾ ਲਾ ਆਉਂਦੇ ਹਨ। ਪਰ ਇਹ ਸਾਰਿਆਂ ਨੂੰ ਨਸੀਬ ਨਹੀਂ ਹੁੰਦਾ। ਕਿਸੇ ਕੋਲ ਪਾਸਪੋਰਟ ਨਹੀਂ, ਕਿਸੇ ਦਾ ਵੀਜ਼ਾ ਨਹੀਂ ਲੱਗਦਾ, ਕਈ ਡਰਦੇ ਨਹੀਂ ਜਾਂਦੇ ਤੇ ਕਈ

ਅਸਲੋਂ ਬਜ਼ੁਰਗ ਹੋ ਚੁੱਕੇ ਹਨ ਤੇ ਉਹ ਆਪਣੇ ਪਿੰਡਾਂ ਨੂੰ ਵੇਖਣ ਦੇ ਸੁਪਨੇ ਆਪਣੀਆਂ ਅੱਖਾਂ ਵਿਚ ਲੈ ਕੇ ਇਸ ਜਹਾਨ ਤੋਂ ਕੂਚ ਕਰੀ ਜਾ ਰਹੇ ਹਨ। ਮੈਂ ਆਪਣੀਆਂ ਦੋਹਾਂ ਯਾਤਰਾਵਾਂ ਦੌਰਾਨ ਪਾਕਿਸਤਾਨ ਦੀ ਧਰਤੀ ਤੇ ਗੁਰਧਾਮਾਂ ਦੀ ਜਾਣਕਾਰੀ ਆਪਣੀ ਤੁੱਛ ਜਿਹੀ ਬੁੱਧੀ ਅਨੁਸਾਰ ਦੇਣ ਦੀ ਕੋਸ਼ਿਸ਼ ਕੀਤੀ ਹੈ ਅਤੇ ਉਧਰਲੇ ਰੀਤੀ-ਰਿਵਾਜ਼, ਰਹਿਣ-ਸਹਿਣ, ਪੰਜਾਬੀ ਸੱਭਿਆਚਾਰ, ਪੰਜਾਬੀ ਵਿਰਸੇ, ਪਹਿਰਾਵੇ ਤੇ ਹੋਰ ਅਨੇਕਾਂ ਪੱਖਾਂ ਨੂੰ ਨੇੜਿਓ ਤੱਕ ਕੇ ਲਿਖਣ ਦਾ ਛੋਟਾ ਜਿਹਾ ਉਪਰਾਲਾ ਕੀਤਾ ਹੈ। ਮੈਂ ਵੇਖਿਆ ਹੈ ਕਿ ਇਧਰਲੇ ਤੇ ਉਧਰਲੇ ਦੋਹਾਂ ਮੁਲਕਾਂ ਦੇ ਲੋਕ ਆਪਸ ਵਿੱਚ ਕਿੰਨਾ ਪਿਆਰ ਕਰਦੇ ਹਨ। ਮੇਰਾ ਇਸ ਪੁਸਤਕ ਨੂੰ ਲਿਖਣ ਦਾ ਖਾਸ ਮਕਸਦ ਹੀ ਇਹੀ ਹੈ ਕਿ ਜਿਹੜਾ ਵੀ ਇਸ ਨੂੰ ਪੜ੍ਹੇ ਉਸ ਦਾ ਮਨ ਨਨਕਾਣਾ ਸਾਹਿਬ ਅਤੇ ਹੋਰ ਗੁਰਧਾਮਾਂ ਦੇ ਦਰਸ਼ਨ ਕਰਨ ਦਾ ਬਣੇ ਅਤੇ ਸੰਖੇਪ ਜਿਹੀ ਜਾਣਕਾਰੀ ਉਸ ਨੂੰ ਘਰ ਬੈਠਿਆਂ ਹੀ ਇਸ ਪੁਸਤਕ ਰਾਹੀਂ ਮਿਲੇ। ਮੇਰੀ ਇਹ ਯਾਤਰਾ ਅਖ਼ਬਾਰਾਂ ਵਿੱਚ ਵੀ ਪ੍ਰਕਾਸ਼ਤ ਹੁੰਦੀ ਰਹੀ ਹੈ ਜਿਸ ਨੂੰ ਪੜ੍ਹ ਕੇ ਪਾਠਕਾਂ ਦੇ ਅਨੇਕਾਂ ਫੋਨ ਆਏ ਤੇ ਉਨ੍ਹਾਂ ਨੇ ਇਸ ਨੂੰ ਪੁਸਤਕ ਦਾ ਰੂਪ ਦੇਣ ਲਈ ਕਿਹਾ। ਭਾਵੇਂ ਲੇਖਕ ਵਾਸਤੇ ਕੀਤੀ ਹੋਈ ਯਾਤਰਾ ਲਿਖਣੀ ਕੋਈ ਵੱਡੀ ਗੱਲ ਨਹੀਂ ਪਰ ਧਾਰਮਿਕ ਇਤਿਹਾਸ ’ਤੇ ਯਾਤਰਾ ਲਿਖਣੀ ਕੋਈ ਸੌਖਾ ਕਾਰਜ ਨਹੀਂ, ਕਿਉਂਕਿ ਹੋਰਨਾਂ ਯਾਤਰਾਵਾਂ ਮੁਤਾਬਿਕ ਧਾਰਮਿਕ ਯਾਤਰਾ ਵਿੱਚ ਆਪਣੇ ਕੋਲੋਂ ਕੁਝ ਵੀ ਨਹੀਂ ਪਾਇਆ ਜਾ ਸਕਦਾ ਤੇ ਹਰ ਪੱਖੋਂ ਸੁਚੇਤ ਰਹਿਣਾ ਪੈਂਦਾ ਹੈ। ਮੇਰੇ ਸੂਝਵਾਨ ਪਾਠਕੋ, ਦੋਸਤੋ, ਮਿੱਤਰੋ ਤੁਸੀਂ ਜਿਵੇਂ-ਜਿਵੇਂ ਇਸ ਪੁਸਤਕ ਨੂੰ ਪੜ੍ਹਦੇ ਜਾਓਗੇ, ਉਵੇਂ ਉਧਰਲੇ ਗੁਰਧਾਮਾਂ ਦੀ ਜਾਣਕਾਰੀ ਤੁਹਾਨੂੰ ਪੜ੍ਹਨ ਨੂੰ ਮਿਲੇਗੀ, ਜਿਨ੍ਹਾਂ ਤੋਂ ਸਾਨੂੰ ਵਿਛੋੜਿਆ ਗਿਆ ਹੈ ਅਤੇ ਅਸੀਂ ਹਰ ਅਰਦਾਸ ਵਿਚ ਉਨ੍ਹਾਂ ਦਾ ਜ਼ਿਕਰ ਵੀ ਕਰਦੇ ਹਾਂ। ਅੰਤ ਵਿਚ ਮੈਂ ਇਹੀ ਕਹਾਂਗਾ ਕਿ ਪਾਕਿਸਤਾਨ ਤੇ ਭਾਰਤ ਦੀਆਂ ਦੋਹਾਂ ਹੀ ਸਰਕਾਰਾਂ ਨੂੰ ਮਿਲ ਕੇ ਕੋਈ ਸਾਰਥਕ ਹੱਲ ਕੱਢਣਾ ਚਾਹੀਦਾ ਹੈ, ਜਿਸ ਨਾਲ ਬਗੈਰ ਪਾਸਪੋਰਟ, ਬਗੈਰ ਵੀਜ਼ੇ ਦੇ ਸੰਗਤਾਂ ਇਨ੍ਹਾਂ ਗੁਰਧਾਮਾਂ ਦੇ ਦਰਸ਼ਨ ਦੀਦਾਰੇ ਕਰ ਸਕਣ ਅਤੇ ਅਸੀਂ ਆਪਣੇ ਗੁਰੂਆਂ ਦੀ ਛੋਹ ਪ੍ਰਾਪਤ ਉਸ ਪਵਿੱਤਰ ਧਰਤੀ ’ਤੇ ਸੌਖਿਆਂ ਹੀ ਆ ਜਾ ਸਕੀਏ। ਮੈਂ ਆਸ ਕਰਦਾ ਹਾਂ ਕਿ ਇਹ ਮੇਰੀ ਪਹਿਲੀ ਧਾਰਮਿਕ ਪੁਸਤਕ ਹੈ ਅਤੇ ਤੁਹਾਨੂੰ ਜ਼ਰੂਰ ਪਸੰਦ ਆਵੇਗੀ ਅਤੇ ਇਸ ਵਿਚ ਕਿਸੇ ਵੀ ਤਰ੍ਹਾਂ ਦੀ ਹੋਈ ਭੁੱਲ ਦੀ ਮੈਂ ਆਪ ਜੀ ਤੋਂ ਅਗਾਊਂ ਮਾਫ਼ੀ ਮੰਗਦਾ ਹਾਂ, ਕਿਉਂਕਿ ਇਤਿਹਾਸ ਦੇ ਪੂਰੇ ਵੇਰਵੇ ਦੇਣੇ ਮੇਰੇ ਵੱਸ ਦੀ ਗੱਲ ਨਹੀਂ। ਪਾਠਕੋ ਮੈਨੂੰ ਤੁਹਾਡੇ ਸੁਝਾਅ ਤੇ ਹੁੰਗਾਰੇ ਦੀ ਉਡੀਕ ਰਹੇਗੀ। ਮੈਂ ਹਮੇਸ਼ਾ ਉਡੀਕਦਾ ਰਹਾਂਗਾ ਤੁਹਾਡੀਆਂ ਚਿੱਠੀਆਂ, ਫੋਨ, ਸੁਨੇਹੇ।

**-ਬੂਟਾ ਗੁਲਾਮੀ ਵਾਲਾ**
ਪ੍ਰਧਾਨ ਨਵ-ਪੰਜਾਬੀ ਸਾਹਿਤ ਸਭਾ
ਕੋਟ ਈਸੇ ਖਾਂ, ਜ਼ਿਲ੍ਹਾ ਮੋਗਾ
94171-97395, 88729-28580

# ਕੋਟ ਈਸੇ ਖਾਂ ਤੋਂ ਅਟਾਰੀ ਤੱਕ

ਇਸ ਵਾਰ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਗੁਰਪੁਰਬ 17 ਨਵੰਬਰ 2013 ਦਾ ਸੀ ਤੇ ਪਾਕਿਸਤਾਨ ਜਾਣ ਵਾਲੇ ਜਥੇ 15 ਨਵੰਬਰ ਨੂੰ ਅਟਾਰੀ ਤੋਂ ਰਵਾਨਾ ਹੋਣੇ ਸੀ। ਕੋਟ ਈਸੇ ਖਾਂ ਤੋਂ ਇਸ ਵਾਰ ਮੇਰੇ ਨਾਲ ਬਲਵੀਰ ਸਿੰਘ ਲਾਟੀ, ਗੁਰਸੇਵਕ ਸਿੰਘ ਜਥੇਦਾਰ, ਬਲਜੀਤ ਸਿੰਘ ਸੈਕਟਰੀ, ਕਰਨੈਲ ਸਿੰਘ (ਸਾਹਬ), ਸੁਰਜੀਤ ਸਿੰਘ ਕੜਿਆਲ, ਗੁਰਚਰਨ ਸਿੰਘ ਚੰਨਾ, ਮਲਕੀਤ ਸਿੰਘ ਕਾਮਲ ਵਾਲਾ, ਬਲਵੀਰ ਸਿੰਘ ਖਹਿਰਾ, ਮਾਹਨ ਸਿੰਘ, ਜਸਵੰਤ ਸਿੰਘ, ਹਰਭਜਨ ਸਿੰਘ ਪਟਵਾਰੀ ਤੇ ਜਗਦੀਸ਼ ਕੌਰ, ਨਨਕਾਣਾ ਸਾਹਿਬ ਦੀ ਪਵਿੱਤਰ ਧਰਤੀ ਤੇ ਨਤਮਸਤਕ ਹੋਣ ਲਈ ਜਾ ਰਹੇ ਸੀ। ਅਸੀਂ ਸਾਰਿਆਂ ਨੇ ਆਪੋ-ਆਪਣੇ ਪਾਸਪੋਰਟ ਤਿੰਨ ਮਹੀਨੇ ਪਹਿਲਾਂ ਵੀਜੇ ਲਗਵਾਉਣ ਵਾਸਤੇ ਫੜ੍ਹਾ ਦਿੱਤੇ ਸਨ। ਬੱਸ ਫਿਰ ਕੀ ਸੀ ਸਾਰੇ ਤਿਆਰੀਆਂ ਕਰਨ ਲੱਗੇ, ਇਨਕੁਆਰੀਆਂ ਵੀ ਹੋ ਗਈਆਂ ਪਰ ਜਦੋਂ ਦਿੱਲੀ ਤੋਂ ਵੀਜ਼ੇ ਲੱਗ ਕੇ ਪਾਸਪੋਰਟ ਆਏ ਤਾਂ ਉਨ੍ਹਾਂ ਵਿਚੋਂ ਸਾਡੇ ਕੁਝ ਸਾਥੀਆਂ ਦੇ ਵੀਜ਼ੇ ਨਹੀਂ ਸੀ ਲੱਗੇ, ਜਿਨ੍ਹਾਂ ਵਿਚੋਂ ਇਕ ਸਾਡਾ ਖਾਸ ਦੋਸਤ ਬਲਜੀਤ ਸਿੰਘ ਬਿੱਟੂ ਵੀ ਸੀ, ਜਿਸ ਦੇ ਕਹਿਣ 'ਤੇ ਹੀ ਅਸੀਂ ਤਿਆਰ ਹੋਏ ਸੀ। ਇਸ ਕਾਰਨ ਅਸੀਂ ਕੁਝ ਪ੍ਰੇਸ਼ਾਨ ਵੀ ਹੋਏ, ਪਰ ਹੁਣ ਹੋ ਕੁਝ ਵੀ ਨਹੀਂ ਸੀ ਸਕਦਾ। ਬਲਜੀਤ ਸਿੰਘ ਬਿੱਟੂ ਭਾਵੇਂ ਪਹਿਲਾਂ ਵੀ ਨਨਕਾਣਾ ਸਾਹਿਬ ਜਾ ਆਇਆ ਸੀ, ਪਰ ਇਸ ਵਾਰ ਸਾਨੂੰ ਸਾਰਿਆਂ ਨੂੰ ਉਸ ਨਾਲ ਜਾਣ ਦਾ ਡਾਅਢਾ ਚਾਅ ਸੀ, ਪਰ ਉਸ ਦਾ ਵੀਜ਼ਾ ਨਾ ਲੱਗਣ ਕਰਕੇ ਅੰਦਰੋ-ਅੰਦਰ ਥੋੜ੍ਹਾ ਦੁੱਖ ਵੀ ਸੀ। ਖ਼ੈਰ! ਸਾਨੂੰ ਵੀਜ਼ੇ ਲੱਗਣ ਦਾ ਦੋ ਕੁ ਦਿਨ ਹੀ ਪਹਿਲਾਂ ਪਤਾ ਲੱਗਾ ਤੇ ਅਸੀਂ ਸਾਰਿਆਂ ਨੇ ਅਟਾਰੀ ਤੱਕ ਜਾਣ ਵਾਸਤੇ ਗੱਡੀ ਦਾ ਪ੍ਰਬੰਧ ਕਰ ਲਿਆ ਤੇ ਬਿੱਟੂ ਨੂੰ ਅਸੀਂ ਅਟਾਰੀ ਤੱਕ ਨਾਲ ਚੱਲਣ ਵਾਸਤੇ ਵੀ ਮਨਾ ਲਿਆ। ਗੱਡੀ ਵਾਲੇ ਨੇ ਅਟਾਰੀ ਛੱਡ ਕੇ ਵਾਪਸ ਮੁੜਨਾ ਸੀ, ਸੋ ਅਸੀਂ ਕਿਹਾ ਬਈ ਤੂੰ ਉਸੇ ਗੱਡੀ 'ਤੇ ਹੀ ਵਾਪਸ ਆ ਜਾਵੀਂ, ਉਹ ਮੰਨ ਗਿਆ ਤੇ ਅਸੀਂ ਸਭ ਨੇ ਆਪੋ-ਆਪਣੀਆਂ ਤਿਆਰੀਆਂ ਆਰੰਭ ਕਰ ਦਿੱਤੀਆਂ। 15 ਨਵੰਬਰ ਤੜਕੇ ਸਾਰਿਆਂ ਨੂੰ 6 ਵਜੇ ਇਕੱਠਿਆਂ ਹੋਣ ਲਈ ਕਹਿ ਦਿੱਤਾ। ਸਭ ਨੇ ਬੈਗਾਂ ਵਿੱਚ ਕੱਪੜੇ ਪਾ ਲਏ ਸਨ। ਅੱਜ ਰਾਤ ਅਸੀਂ ਇਕ-ਦੂਜੇ ਨੂੰ ਫੋਨ ਕਰਦੇ ਰਹੇ। ਕੋਈ ਕਹੇ ਫਲਾਣੀ ਸ਼ੈਅ ਜ਼ਰੂਰ ਪਾ ਲਈਂ, ਉਹ ਰਹਿ ਨਾ ਜਾਵੇ, ਸੋ ਅੱਜ ਨੀਂਦ ਕਿੱਥੇ ਆ ਰਹੀ ਸੀ, ਜੀਅ ਕਰਦਾ ਸੀ ਕਿ ਕਿਹੜਾ ਵੇਲਾ ਹੋਵੇ ਅਸੀਂ ਅਟਾਰੀ ਵੱਲ ਨੂੰ ਤੁਰ ਪਈਏ। ਸਵੇਰੇ

ਨਹਾ-ਧੋ ਕੇ ਸਭ ਤੋਂ ਪਹਿਲਾਂ ਮੈਂ ਗੁਰਦੁਆਰਾ ਸਾਹਿਬ ਪਹੁੰਚ ਗਿਆ ਸੀ। ਮਗਰੇ ਹੀ ਸੇਵਕ ਆ ਗਿਆ। ਸੁਰਜੀਤ ਸਿੰਘ ਕੜਿਆਲ ਨੂੰ ਉਨ੍ਹਾਂ ਦਾ ਮੁੰਡਾ ਸਕੂਟਰ 'ਤੇ ਛੱਡ ਗਿਆ ਸੀ। ਖਹਿਰਾ ਵੀ ਬੈਗ ਰੇੜ੍ਹਦਾ ਆ ਗਿਆ। ਬਲਜੀਤ ਸੈਕਟਰੀ ਵੀ ਪਹੁੰਚ ਗਿਆ। ਹਰਭਜਨ ਸਿੰਘ ਪਟਵਾਰੀ ਤੇ ਉਨ੍ਹਾਂ ਦੀ ਪਤਨੀ ਜਗਦੀਸ਼ ਕੌਰ ਤੇ ਕਰਨੈਲ ਸਿੰਘ ਲੇਟ ਹੀ ਆਏ ਸਨ। ਬਲਜੀਤ ਸਿੰਘ ਬਿੱਟੂ ਵੀ ਸਾਡੇ ਕੋਲ ਅੱਪੜ ਗਿਆ। ਬਲਵੀਰ ਲਾਟੀ ਤੇ ਗੁਰਚਰਨ ਚੰਨਾ ਸਾਰਿਆਂ ਤੋਂ ਲੇਟ ਆਉਣ ਵਾਲਿਆਂ ਦੀ ਕਤਾਰ ਵਿੱਚ ਸ਼ਾਮਲ ਸਨ। ਬਾਪੂ ਮਾਹਨ ਸਿੰਘ ਤੇ ਉਸ ਦਾ ਮੁੰਡਾ ਜਸਵੰਤ ਸਿੰਘ ਜਿਹੜੇ ਬਰਨਾਲੇ ਤੋਂ ਸਨ ਉਹ ਰਾਤ ਮੱਖੂ ਰਿਸ਼ੇਤਦਾਰੀ ਵਿਚ ਆ ਕੇ ਰਹੇ ਸਨ। ਉਨ੍ਹਾਂ ਨੇ ਮੱਖੂ ਤੋਂ ਹੀ ਸਾਡੇ ਨਾਲ ਰਲਣਾ ਸੀ ਤੇ ਮਲਕੀਤ ਸਿੰਘ ਕਾਮਲ ਵਾਲਾ ਨੇ ਬੰਗਾਲੀ ਵਾਲੇ ਪੁਲ ਤੋਂ ਸਾਡੇ ਵਿਚ ਸ਼ਾਮਲ ਹੋਣਾ ਸੀ। ਖ਼ੈਰ ਗੁਰਦੁਆਰਾ ਸਾਹਿਬ ਦੇ ਪਾਠੀ ਸਿੰਘ ਤੋਂ ਅਰਦਾਸ ਕਰਵਾ ਕੇ ਅਸੀਂ ਸਾਰੇ ਜਣੇ ਗੱਡੀ ਵਿਚ ਬੈਠ ਕੇ ਅਟਾਰੀ ਵੱਲ ਨੂੰ ਰਵਾਨਾ ਹੋ ਗਏ। ਸਮਾਂ ਵੀ ਅੱਠ ਵਜੇ ਦਾ ਹੋ ਗਿਆ ਸੀ। ਸਾਡੇ ਹਿਸਾਬ ਨਾਲ ਅਸੀਂ ਲੇਟ ਸੀ। 'ਬੋਲੇ ਸੋ ਨਿਹਾਲ' ਦੇ ਜੈਕਾਰੇ ਲਾ ਕੇ ਅਸੀਂ ਅੱਗੇ ਵੱਲ ਨੂੰ ਵੱਧ ਰਹੇ ਸੀ। ਸਾਰਿਆਂ ਦੀ ਗੱਲਬਾਤ ਦਾ ਵਿਸ਼ਾ ਵੀ ਨਨਕਾਣਾ ਸਾਹਿਬ ਹੀ ਸੀ। ਸਾਰੇ ਖਿੜਖਿੜਾ ਕੇ ਹੱਸ ਰਹੇ ਸਨ, ਪਰ ਬਿੱਟੂ ਥੋੜ੍ਹਾ ਚੁੱਪ ਸੀ। ਮੈਂ ਆਪਣੀ ਡਾਇਰੀ ਕੱਢ ਕੇ ਸਾਰਿਆਂ ਦੇ ਨਾਮ ਤੇ ਫੋਨ ਨੰਬਰ ਨੋਟ ਕਰ ਰਿਹਾ ਸੀ। ਮੱਖੂ ਤੋਂ ਮਾਹਨ ਸਿੰਘ ਤੇ ਜਸਵੰਤ ਸਿੰਘ ਵੀ ਚੜ੍ਹ ਗਏ ਸਨ ਤੇ ਮਲਕੀਤ ਸਿੰਘ ਨੂੰ ਵੀ ਗੱਡੀ ਵਿੱਚ ਬੰਗਾਲੀ ਵਾਲੇ ਪੁੱਲ ਤੋਂ ਬਿਠਾ ਲਿਆ ਸੀ। ਹਰੀਕੇ, ਪੱਟੀ ਮੋੜ, ਭਿੱਖੀਵਿੰਡ ਤੇ ਝਬਾਲ ਤੋਂ ਹੁੰਦੇ ਹੋਏ ਅਸੀਂ ਅਟਾਰੀ ਪਹੁੰਚ ਗਏ। ਸਾਡੇ ਜਾਣ ਤੋਂ ਪਹਿਲਾਂ ਹੀ ਯਾਤਰੀ ਇਥੇ ਪਹੁੰਚੇ ਹੋਏ ਸਨ ਤੇ ਬਾਕੀ ਆ ਰਹੇ ਸਨ। ਇਥੇ ਸ਼ਰਧਾਲੂਆਂ ਦੀ ਕਾਫੀ ਭੀੜ ਲੱਗੀ ਹੋਈ ਸੀ। ਅੱਗੇ ਪਿੱਛੇ ਭਾਵੇਂ ਅਟਾਰੀ ਸਟੇਸ਼ਨ ਸੁੰਨਾ ਹੀ ਰਹਿੰਦਾ ਹੋਵੇਗਾ, ਪਰ ਅੱਜ ਤਾਂ ਇਥੇ ਰੌਣਕਾਂ ਲੱਗੀਆਂ ਪਈਆਂ ਸਨ। ਸਾਢੇ ਕੁ ਨੌਂ ਵਜੇ ਦੇ ਕਰੀਬ ਅਸੀਂ ਅਟਾਰੀ ਸਟੇਸ਼ਨ 'ਤੇ ਪਹੁੰਚ ਗਏ ਸੀ। ਅਸੀਂ ਜਿਉਂ ਹੀ ਗੱਡੀ ਵਿਚੋਂ ਬੈਗ ਚੁੱਕ ਕੇ ਉਤਰੇ ਤਾਂ ਇਥੇ ਗੁਰਦੁਆਰਾ ਸਰਦਾਰਨੀ ਆਸ ਕੌਰ ਵਾਲਿਆਂ ਵੱਲੋਂ ਚਾਹ ਤੇ ਭੁਜੀਆ-ਬਦਾਨੇ ਦਾ ਲੰਗਰ ਚਲਾਇਆ ਜਾ ਰਿਹਾ ਸੀ। ਅਸੀਂ ਸਾਰਿਆਂ ਨੇ ਕੱਪ-ਕੱਪ ਚਾਹ ਤੇ ਨਾਲ ਭੁਜੀਆ-ਬਦਾਨਾ ਵੀ ਖਾਧਾ ਤੇ ਇਥੋਂ ਤੱਕ ਬਿੱਟੂ ਵੀ ਸਾਡੇ ਨਾਲ ਹੀ ਰਿਹਾ ਤੇ ਕਹਿੰਦਾ ਬਈ ਬੂਟੇ 'ਹੁਣ ਭੁਜੀਆ ਬਦਾਨਾ ਖਾ ਲਿਆ ਹੈ ਤੇ ਮੈਂ ਹੁਣ ਵਾਪਸ ਕੋਟ ਵੱਲ ਨੂੰ ਚੱਲਦਾਂ।' ਅਸੀਂ ਨਾ ਚਾਹੁੰਦੇ ਹੋਏ ਵੀ ਉਸ ਨੂੰ ਉਸੇ ਗੱਡੀ 'ਤੇ ਹੀ ਵਾਪਸ ਭੇਜ ਕੇ ਆਪੋ-ਆਪਣੇ ਬੈਗਾਂ ਨੂੰ ਮੋਢਿਆਂ 'ਤੇ ਚੱਕ ਕੇ ਸਟੇਸ਼ਨ ਵੱਲ ਨੂੰ ਤੁਰ ਪਏ। ਪਾਕਿਸਤਾਨ ਜਾਣ ਵਾਲੀਆਂ ਸੰਗਤਾਂ ਵਾਸਤੇ ਅਟਾਰੀ ਸਟੇਸ਼ਨ 'ਤੇ ਸਭ ਤੋਂ ਪਹਿਲਾ ਕੰਮ ਕਰੰਸੀ ਬਦਲਣ ਦਾ ਹੁੰਦਾ ਹੈ। ਵੈਸੇ ਤਾਂ ਅੱਗੋਂ ਵੀ ਤੁਸੀਂ ਗੁਰਦੁਆਰਿਆਂ ਵਿਚੋਂ ਵੀ ਤੇ ਬਜ਼ਾਰਾਂ ਵਿਚੋਂ ਵੀ ਕਈ ਦੁਕਾਨਾਂ ਤੋਂ ਕਰੰਸੀ ਬਦਲ ਸਕਦੇ ਹੋ, ਪਰ ਇੱਥੇ ਬੈਂਕ ਹੋਣ ਕਰਕੇ ਦੋ-ਚਾਰ ਰੁਪਏ ਵੱਧ ਮਿਲ ਜਾਂਦੇ ਹਨ। ਅਸੀਂ

ਸਾਰਿਆਂ ਨੇ ਲੋੜ ਮੁਤਾਬਕ ਕਰੰਸੀ ਬਦਲੀ। ਹੁਣ ਕੰਮ ਇੰਮੀਗਰੇਸ਼ਨ ਕਰਾਉਣ ਦਾ ਸੀ, ਜਿਸ ਵਾਸਤੇ ਪਹਿਲਾਂ ਇਕ ਫਾਰਮ ਭਰਨਾ ਹੁੰਦਾ ਹੈ ਤੇ ਅਸੀਂ ਵੀ ਪਹਿਲਾਂ ਫਾਰਮ ਭਰਨ ਲੱਗੇ। ਮੈਂ ਤੇ ਬਲਵੀਰ ਲਾਟੀ ਫਾਰਮ ਭਰ ਰਹੇ ਸੀ। ਮੈਂ ਹਰੇਕ ਦੇ ਪਾਸਪੋਰਟ ਤੋਂ ਵੇਖ ਕੇ ਉਸ ਨੂੰ ਦੱਸ ਰਿਹਾ ਸੀ ਤੇ ਉਹ ਭਰ ਰਿਹਾ ਸੀ। ਬਾਕੀ ਸਾਰੇ ਸਾਡੇ ਸਾਥੀ ਇਧਰ-ਉਧਰ ਘੁੰਮ ਰਹੇ ਸਨ। ਭਾਵੇਂ ਇਹ ਫਾਰਮ ਭਰਨਾ ਕੋਈ ਏਡਾ ਔਖਾ ਕੰਮ ਨਹੀਂ ਪਰ ਫਿਰ ਵੀ ਸ਼ਰਧਾਲੂਆਂ ਵਿਚੋਂ ਕਈ ਬਜ਼ੁਰਗ ਅੰਗੂਠਾ ਛਾਪ ਹੀ ਹੁੰਦੇ ਹਨ ਤੇ ਕਈ ਪੜ੍ਹੇ-ਲਿਖੇ ਵੀ ਇਹ ਫਾਰਮ ਨਹੀਂ ਸੀ ਭਰ ਸਕਦੇ। ਵੈਸੇ ਸ਼ਰਧਾਲੂਆਂ ਦੀਆਂ ਸਹੂਲਤਾਂ ਵਾਸਤੇ ਇਹ ਫਾਰਮ ਭਰਨ ਦਾ ਕੰਮ ਮੁਲਾਜ਼ਮਾਂ ਨੂੰ ਆਪ ਹੀ ਕਰਨਾ ਚਾਹੀਦਾ ਹੈ ਤੇ ਸੰਗਤਾਂ ਨੂੰ ਇਸ ਖੱਜਲ-ਖੁਆਰੀ ਤੋਂ ਮੁਕਤ ਕਰਨਾ ਚਾਹੀਦਾ ਹੈ। ਫਾਰਮ ਭਰਨ ਦਾ ਕੰਮ ਮੁਕਾ ਕੇ ਅਸੀਂ ਲਾਈਨਾਂ ਵਿਚ ਲੱਗ ਕੇ ਇੰਮੀਗਰੇਸ਼ਨ ਵਸਤੇ ਖੜ੍ਹੇ ਹੋ ਗਏ। ਮੁਲਾਜ਼ਮ ਪਾਸਪੋਰਟ ਲੈ ਕੇ ਕੰਪਿਊਟਰਾਂ ਵਿਚ ਪਾ ਕੇ ਕੈਮਰੇ ਨਾਲ ਫੋਟੋ ਖਿੱਚਦੇ ਤੇ ਸਭ ਕੁਝ ਦਰੁਸਤ ਕਰ ਰਹੇ ਸੀ, ਪਰ ਸਵਾਲ ਕੋਈ ਨਹੀਂ ਸੀ ਪੁੱਛਦੇ। ਇਸ ਸਾਰੀ ਪ੍ਰਕਿਰਿਆ 'ਤੇ ਦਸ-ਪੰਦਰਾਂ ਮਿੰਟ ਦਾ ਸਮਾਂ ਲੱਗ ਜਾਂਦਾ ਹੈ। ਇਹ ਕੰਮ ਨਬੇੜ ਕੇ ਹੌਲੀ-ਹੌਲੀ ਯਾਤਰੀਆਂ ਦੀ ਤਲਾਸ਼ੀ ਲੈਣ ਤੋਂ ਬਾਅਦ ਉਨ੍ਹਾਂ ਨੂੰ ਪਲੇਟਫਾਰਮ ਵੱਲ ਭੇਜ ਦਿੱਤਾ ਜਾਂਦਾ ਹੈ। ਇਸ ਵਾਰ ਇਕੱਲੇ ਪੰਜਾਬ ਤੋਂ ਚਾਰ ਕੁ ਹਜ਼ਾਰ ਦੇ ਕਰੀਬ ਯਾਤਰੀ ਸਨ ਤੇ ਪਾਕਿਸਤਾਨ ਦੀ ਸਰਕਾਰ ਨੇ ਤਿੰਨ ਟਰੇਨਾਂ ਦਾ ਪ੍ਰਬੰਧ ਕੀਤਾ ਸੀ। ਸਾਥੋਂ ਪਹਿਲਾਂ ਪਹਿਲੀ ਟਰੇਨ ਜਾ ਚੁੱਕੀ ਸੀ ਤੇ ਦੂਜੀ ਜਾਣੀ ਸੀ, ਪਰ ਸਾਡੀ ਤੀਜੀ ਟਰੇਨ ਸੀ। ਉਸ ਦੇ ਆਉਣ 'ਤੇ ਵੀ ਹਾਲੇ ਸਮਾਂ ਲੱਗਣਾ ਸੀ, ਸੋ ਅਸੀਂ ਸਟੇਸ਼ਨ ਦੇ ਇਧਰ-ਉਧਰ ਘੁੰਮਣ ਲੱਗ ਪਏ। ਅਟਾਰੀ ਸਟੇਸ਼ਨ 'ਤੇ ਸਫ਼ਾਈ ਦਾ ਬੜਾ ਸੋਹਣਾ ਪ੍ਰਬੰਧ ਕੀਤਾ ਹੋਇਆ ਸੀ। ਦੂਜੀ ਟਰੇਨ ਦੇ ਤੁਰਣ ਤੋਂ ਬਾਅਦ ਹੁਣ ਸਾਡੀ ਤੀਜੀ ਟਰੇਨ ਪਲੇਟਫਾਰਮ 'ਤੇ ਆ ਗਈ ਸੀ। ਸਾਡੇ ਪੰਜਾਬੀਆਂ ਨੂੰ ਇੱਕ ਆਦਤ ਬੜੀ ਮਾੜੀ ਹੈ ਇਕ ਦੂਜੇ ਤੋਂ ਅੱਗੇ ਲੰਘਣ ਦੀ। ਜਿਉਂ ਹੀ ਟਰੇਨ ਆ ਕੇ ਖੜੀ ਸਾਰੇ ਇਕ ਦੂਜੇ ਤੋਂ ਪਹਿਲਾਂ ਚੜ੍ਹਨ ਲਈ ਧੱਕਿਓ-ਧੱਕੀ ਹੋ ਗਏ, ਪਰ ਬਾਅਦ ਵਿਚ ਗੱਡੀ ਪੂਰਾ ਡੇਢ ਘੰਟਾ ਖੜ੍ਹੀ ਰਹੀ। ਹੁਣ ਤਾਂ ਕਈ ਯਾਤਰੀ ਦੁਬਾਰਾ ਗੱਡੀ ਵਿਚੋਂ ਉਤਰ ਕੇ ਥੱਲੇ ਆ ਰਹੇ ਸਨ। ਅਸੀਂ ਵੀ ਤਕਰੀਬਨ ਸਾਰੇ ਇਕੱਠੇ ਹੀ ਬੈਠੇ ਸੀ। ਹਰਭਜਨ ਪਟਵਾਰੀ ਥੱਲੇ ਉਤਰ ਕੇ ਦੋ ਕੁ ਸੰਤਰੇ ਲੈ ਆਇਆ ਸੀ। ਇਕ ਆਪ ਤੇ ਇਕ ਉਸ ਨੇ ਆਪਣੀ ਘਰਵਾਲੀ ਨੂੰ ਫੜਾ ਦਿੱਤਾ। ਬਲਜੀਤ ਸੈਕਟਰੀ ਕਹਿ ਰਿਹਾ ਸੀ ਬਈ ਅਸੀਂ ਵੀ ਬੈਠੇ ਆਂ ਤੇ ਉਹ ਕਹਿ ਰਿਹਾ ਸੀ ਇਹ ਤਾਂ ਸੈਂਪਲ ਲੈ ਕੇ ਆਇਆਂ ਤੇ ਉਹ ਵੀ ਖੱਟੇ ਹਨ। ਹਰਭਜਨ ਪਟਵਾਰੀ ਗਾਲੜੀ ਬਹੁਤ ਹੈ, ਸੁਭਾਅ ਦਾ ਚੰਗਾ ਹੈ। ਉਸ ਦੀ ਘਰਵਾਲੀ ਜਗਦੀਸ਼ ਕੌਰ ਤਾਂ ਬਹੁਤੇ ਹੀ ਸਾਊ ਸੁਭਾਅ ਦੀ ਹੈ। ਸਾਰੀ ਹੀ ਯਾਤਰਾ ਦੌਰਾਨ ਉਚਾ ਤੱਕ ਨਹੀਂ ਬੋਲੀ, ਬੱਸ ਸੇਵਾ ਵਿਚ ਹੀ ਮਗਨ ਰਹੀ। ਇੱਥੇ ਹਾਲੇ ਆਪਣੇ (ਭਾਰਤੀ) ਮੋਬਾਇਲ ਸਿੰਮ ਚੱਲ ਰਹੇ ਸਨ। ਅਸੀਂ ਆਪੋ-ਆਪਣੇ ਘਰਾਂ ਨੂੰ ਫੋਨ ਕੀਤਾ ਤੇ ਬਿੱਟੂ ਨਾਲ ਵੀ ਗੱਲ ਕਰ ਲਈ। ਸਮਾਂ ਵੀ ਬਾਰਾਂ ਤੋਂ ਉਪਰ ਦਾ ਹੋ ਗਿਆ ਸੀ। ਇੱਥੋਂ

ਅੱਗੇ ਤਾਂ ਸਾਡੇ ਮੋਬਾਇਲ ਡੱਬੇ ਹੀ ਬਣ ਜਾਣੇ ਸਨ ਜਾਂ ਫੋਟੂਆਂ ਖਿੱਚਣ ਜੋਗੇ ਰਹਿ ਜਾਣੇ ਸਨ। ਬਾਕੀ ਭਾਰਤੀ ਮੋਬਾਇਲਾਂ ਦੀਆਂ ਰੇਂਜਾਂ ਤਾਂ ਅਟਾਰੀ ਤੋਂ ਤੁਰਦੇ ਸਾਰ ਹੀ ਖ਼ਤਮ ਹੋ ਜਾਂਦੀਆਂ ਹਨ। ਸਟੇਸ਼ਨ ਤੋਂ ਅਨਾਊਂਸਮੈਂਟ ਹੋ ਰਹੀ ਸੀ ਬਈ ਅਟਾਰੀ ਤੋਂ ਵਾਹਗਾ ਬਾਰਡਰ ਤੱਕ ਦੀ ਟਿਕਟ ਜ਼ਰੂਰ ਲੈ ਲਓ, ਪਰ ਬਹੁਤੇ ਯਾਤਰੀ ਇਹ ਟਿਕਟ ਨਹੀਂ ਲੈਂਦੇ, ਕਿਉਂਕਿ ਪੰਜਾਬੀ ਇਹੀ ਸੋਚਦੇ ਹਨ ਕਿ ਚਾਰ ਕੁ ਕਿਲੋਮੀਟਰ ਦੀ ਕੀ ਟਿਕਟ ਲੈਣੀ ਏ। ਪੂਰੇ ਇਕ ਵਜੇ ਗੱਡੀ ਰਵਾਨਾ ਹੋ ਗਈ। ਆਸੇ ਪਾਸੇ ਪੁਲਿਸ ਹੀ ਪੁਲਿਸ ਸੀ। ਘੋੜ ਚੜ੍ਹੀਏ ਤੇ ਹੋਰ ਪੁਲਿਸ ਦੀਆਂ ਜਿਪਸੀਆਂ ਹੂਟਰ ਮਾਰਦੀਆਂ ਨਾਲ-ਨਾਲ ਚੱਲ ਰਹੀਆਂ ਸਨ। ਟਰੇਨ ਦੀ ਸਪੀਡ ਮਸਾਂ 10-15 ਪ੍ਰਤੀ ਕਿਲੋਮੀਟਰ ਦੀ ਹੋਵੇਗੀ। ਥੋੜ੍ਹਾ ਜਿਹਾ ਅੱਗੇ ਜਾ ਕੇ ਗੱਡੀ ਫਿਰ ਰੁੱਕ ਗਈ। ਇੱਥੇ ਕੰਡਿਆਲੀ ਤਾਰ ਤੇ ਮੇਨ ਗੇਟ ਆ ਗਿਆ ਸੀ। ਗੇਟ ਖੋਲ੍ਹ ਕੇ ਟਰੇਨ ਨੂੰ ਅੱਗੇ ਵੱਲ ਰਵਾਨਾ ਕੀਤਾ ਗਿਆ। ਪੰਜਾਬ ਦੀ ਫੋਰਸ ਇੱਥੋਂ ਤੱਕ ਹੀ ਗੱਡੀ ਦੇ ਨਾਲ ਗਈ ਸੀ ਤੇ ਇਥੋਂ ਵਾਪਸ ਆ ਗਈ। ਹੁਣ ਇਸ ਤੋਂ ਅੱਗੇ ਪਾਕਿਸਤਾਨ ਦੀ ਫੋਰਸ ਉਸੇ ਤਰ੍ਹਾਂ ਉਸ ਤੋਂ ਵੀ ਜ਼ਿਆਦਾ ਗੱਡੀ ਦੇ ਨਾਲ-ਨਾਲ ਚੱਲ ਰਹੀ ਸੀ। ਸਾਰੇ ਹੀ ਯਾਤਰੀ ਸਤਿਨਾਮ-ਵਾਹਿਗੁਰੂ ਦਾ ਜਾਪ ਕਰ ਰਹੇ ਸਨ। 'ਬੋਲੇ ਸੋ ਨਿਹਾਲ' ਦੇ ਜੈਕਾਰੇ ਵੀ ਲੱਗ ਰਹੇ ਸਨ। ਹੁਣ ਗੱਡੀ ਮੇਨ ਹੱਦ ਤੋਂ ਲੰਘ ਰਹੀ ਸੀ। ਇਹ ਹੱਦ ਕੰਡਿਆਲੀ ਤਾਰ ਤੋਂ 500 ਮੀਟਰ ਦੀ ਵਿੱਥ 'ਤੇ ਅੱਗੇ ਹੈ। ਤਾਰ ਆਪਣੀ ਭਾਰਤੀ ਜ਼ਮੀਨ ਵਿਚ ਹੈ ਤੇ ਹੱਦ 'ਤੇ ਤਾਂ ਸਿਰਫ ਵਿੰਗੀ ਟੇਡੀ ਵੱਟ ਹੀ ਹੈ। ਇਥੋਂ ਗੁਜ਼ਰਦਿਆਂ ਮੈਨੂੰ ਹੰਸ ਰਾਜ ਹੰਸ ਦਾ ਗਾਇਆ ਗੀਤ 'ਇਹ ਹੱਦਾਂ ਤੋੜ ਦਿਓ ਸਰਹੱਦਾਂ ਤੋੜ ਦਿਓ' ਯਾਦ ਆ ਰਿਹਾ ਸੀ। ਮੈਂ ਸੋਚ ਰਿਹਾ ਸੀ ਬਈ ਆਹ ਵਿੰਗੀ ਟੇਡੀ ਵੱਟ ਨੇ ਹੀ ਪੰਜਾਬ ਨੂੰ ਦੋ ਭਾਗਾਂ ਵਿਚ ਵੰਡਿਆ ਹੋਇਆ ਹੈ। ਚੜ੍ਹਦੇ ਤੇ ਲਹਿੰਦੇ ਪੰਜਾਬ ਦੇ ਲੋਕ, ਜਿਨ੍ਹਾਂ ਨੇ ਸੰਤਾਲੀ ਦਾ ਸੰਤਾਪ ਹੰਢਾਇਆ ਹੈ, ਉਹ ਜਦੋਂ ਇੱਥੋਂ ਲੰਘਦੇ ਹੋਣਗੇ ਤਾਂ ਉਨ੍ਹਾਂ ਦੇ ਮਨ 'ਤੇ ਕੀ ਗੁਜ਼ਰ ਰਹੀ ਹੋਵੇਗੀ ਇਹ ਰੱਬ ਹੀ ਜਾਣਦਾ ਹੈ। ਮਾਹੌਲ ਕੁਝ ਗਮਗੀਨ ਜਿਹਾ ਮਹਿਸੂਸ ਹੋ ਗਿਆ ਸੀ ਤੇ ਹੁਣ ਸਾਡੀ ਗੱਡੀ ਵਾਹਗਾ ਸਟੇਸ਼ਨ 'ਤੇ ਆ ਰੁਕੀ ਸੀ।

✲✲✲

# ਵਾਹਗਾ ਤੋਂ ਨਨਕਾਣਾ ਸਾਹਿਬ ਤੱਕ

ਅਟਾਰੀ ਤੋਂ ਵਾਹਗਾ ਸਟੇਸ਼ਨ ਸਿਰਫ ਚਾਰ ਕਿਲੋਮੀਟਰ ਦਾ ਸਫ਼ਰ ਹੈ ਤੇ ਵਾਹਗਾ ਪਾਕਿਸਤਾਨ ਦਾ ਪਹਿਲਾ ਰੇਲਵੇ ਸਟੇਸ਼ਨ ਹੈ। ਇੱਥੇ ਵੀ ਅਟਾਰੀ ਵਾਂਗ ਸਾਰੀ ਕਾਰਵਾਈ ਦੁਬਾਰਾ ਪਾਕਿਸਤਾਨ ਅਧਿਕਾਰੀਆਂ ਦੀ ਦੇਖ-ਰੇਖ ਹੇਠ ਹੋਈ। ਇਕੱਲੇ-ਇਕੱਲੇ ਡੱਬੇ ਦੀਆਂ ਸਵਾਰੀਆਂ ਨੂੰ ਹੇਠਾਂ ਉਤਾਰਿਆ ਜਾ ਰਿਹਾ ਸੀ। ਜਦੋਂ ਮੈਂ ਪਹਿਲੀ ਵਾਰ ਗਿਆ ਸੀ ਤਾਂ ਉਦੋਂ ਸਾਰੀ ਟਰੇਨ ਦੇ ਯਾਤਰੀਆਂ ਨੂੰ ਇਕੱਠੇ ਹੀ ਉਤਾਰ ਦਿੱਤਾ ਗਿਆ ਸੀ, ਪਰ ਇਸ ਵਾਰ ਇਹ ਪ੍ਰਬੰਧ ਬੜਾ ਵਧੀਆ ਲੱਗਾ। ਅਸੀਂ ਤਕਰੀਬਨ ਵਿਚ ਵਿਚਾਲੇ ਵਾਲੇ ਡੱਬਿਆਂ ਵਿਚ ਬੈਠੇ ਸੀ ਇਸ ਲਈ ਸਾਨੂੰ ਵੀ ਕਾਫੀ ਸਮਾਂ ਗੱਡੀ ਵਿਚ ਹੀ ਬੈਠਣਾ ਪਿਆ। ਅਸੀਂ ਆਪੋ ਵਿਚ ਗੱਲਾਂ-ਬਾਤਾਂ ਕਰ ਰਹੇ ਸੀ। ਅਸੀਂ ਤਾਂ ਕਈ ਜਣੇ ਅੱਗੇ ਵੀ ਜਾ ਆਏ ਸੀ, ਪਰ ਜਿਹੜੇ ਇਸ ਵਾਰ ਪਹਿਲੀ ਵਾਰ ਗਏ ਸਨ ਉਹ ਪੁੱਛ ਰਹੇ ਸਨ ਹੁਣ ਇੱਥੇ ਕਿੰਨਾ ਕੁ ਟਾਈਮ ਲੱਗਣਾ। "ਬਈ ਇਹ ਤਾਂ ਇਹੀ ਜਾਨਣ ਪਰ ਫਿਰ ਵੀ ਆਪਾਂ ਅੱਧੀ ਰਾਤ ਤੱਕ ਨਨਕਾਣਾ ਸਾਹਿਬ ਪਹੁੰਚ ਹੀ ਜਾਵਾਂਗੇ ਬੱਸ ਧੀਰਜ ਰੱਖ ਕੇ ਬੈਠੇ ਰਹੋ ਤੇ ਵੇਖੀ ਚੱਲੋ ਇਨ੍ਹਾਂ ਦੇ ਕਾਨੂੰਨਾਂ ਨੂੰ" ਮੈਂ ਵਿਚ-ਵਿਚਾਲੇ ਹੀ ਬੋਲਿਆ। ਅਟਾਰੀ ਵਾਂਗ ਵਾਹਗਾ ਸਟੇਸ਼ਨ ਵੀ ਸਾਫ਼-ਸੁਥਰਾ ਬਣਿਆ ਹੋਇਆ ਹੈ। ਪੁਰਾਣੀ ਬਿਲਡਿੰਗ ਤਾਂ ਸ਼ਾਇਦ ਅੰਗਰੇਜ਼ਾਂ ਮੌਕੇ ਦੀ ਹੀ ਹੈ ਪਰ ਹੁਣ ਨਵੀਂ ਇਮਾਰਤ ਬੜੀ ਵਧੀਆ ਬਣਾਈ ਹੋਈ ਹੈ ਤੇ ਉਹ ਵੀ ਸਾਰੀ ਏ.ਸੀ.। ਇੱਥੇ ਵੀ ਸੰਗਤਾਂ ਦਾ ਮੇਲਾ ਲੱਗਾ ਹੋਇਆ ਸੀ। ਸਾਥੋਂ ਪਹਿਲੀ ਟਰੇਨ ਵੀ ਹਾਲੇ ਅੱਗੇ ਵੱਲ ਨੂੰ ਰਵਾਨਾ ਨਹੀਂ ਸੀ ਹੋਈ। ਇਥੇ ਵੀ ਸਾਰੀ ਪ੍ਰਕਿਰਿਆ ਅਟਾਰੀ ਸਟੇਸ਼ਨ ਵਾਂਗ ਹੀ ਚੱਲ ਰਹੀ ਸੀ। ਬੱਸ ਦੇਸ਼ ਤੇ ਸਟਾਫ਼ ਬਦਲਿਆ ਹੋਇਆ ਸੀ। ਇਸ ਤਰ੍ਹਾਂ ਸਾਰਾ ਕੰਮ ਮੁਕਾ ਕੇ ਫੇਰ ਸਾਡੇ ਕੁਝ ਸਾਥੀ ਟਿਕਟਾਂ ਲੈਣ ਲਈ ਲਾਈਨਾਂ ਵਿਚ ਲੱਗ ਪਏ। ਬਲਵੀਰ ਲਾਟੀ, ਗੁਰਸੇਵਕ ਸਿੰਘ, ਮਲਕੀਤ ਸਿੰਘ ਟਿਕਟਾਂ ਲੈ ਰਹੇ ਸਨ। ਬਲਵੀਰ ਖਹਿਰਾ, ਕਰਨੈਲ ਸਿੰਘ, ਗੁਰਚਰਨ ਚੰਨਾ ਕਮਰੇ ਲੈਣ ਵਾਲਿਆਂ ਦੀ ਕਤਾਰ ਵਿਚ ਖੜ੍ਹੇ ਸਨ। ਮੈਂ ਤਾਂ ਇਧਰ-ਉਧਰ ਦੇ ਨਜ਼ਾਰੇ ਮਾਣ ਰਿਹਾ ਸੀ। ਹਰਭਜਨ, ਜਗਦੀਸ਼ ਕੌਰ, ਬਲਜੀਤ ਸੈਕਟਰੀ, ਬਾਪੂ ਸੁਰਜੀਤ ਕੜਿਆਲ, ਜਸਵੰਤ ਸਿੰਘ ਫੌਜੀ, ਬਾਪੂ ਮਾਹਨ ਸਿੰਘ ਬੈਗਾਂ ਦੇ ਕੋਲ ਬੈਠੇ ਸਨ। ਵਾਹਗਾ ਰੇਲਵੇ ਸਟੇਸ਼ਨ ਤੋਂ ਟਰੇਨ ਦੀ ਆਉਣ-ਜਾਣ ਦੀ ਟਿਕਟ ਮਿਲ ਜਾਂਦੀ ਹੈ। ਗੱਡੀ ਦਾ ਡੱਬਾ ਨੰਬਰ ਤੇ ਸੀਟ ਨੰਬਰ ਵੀ ਲੱਗ ਜਾਂਦਾ ਹੈ। ਯਾਤਰੀਆਂ ਨੂੰ ਸੀਟਾਂ ਲੱਭਣ ਵਿਚ ਜ਼ਿਆਦਾ ਮੁਸ਼ਕਲ ਨਹੀਂ ਆਉਂਦੀ, ਹਾਂ ਅਨਪੜ੍ਹ ਬਜ਼ੁਰਗਾਂ ਨੂੰ ਇਸ ਦੀ ਜ਼ਰੂਰ

ਪ੍ਰੇਸ਼ਾਨੀ ਹੁੰਦੀ ਹੈ ਪਰ ਉਹ ਵੀ ਪੁੱਛ ਦੱਸ ਨਾਲ ਹੱਲ ਹੋ ਜਾਂਦੀ ਹੈ। ਇੱਥੇ ਯਾਤਰੀਆਂ ਦੇ ਪਾਸਪੋਰਟ ਜਮਾਂ ਕਰ ਲਏ ਜਾਂਦੇ ਹਨ ਜੋ ਵਾਪਸੀ 'ਤੇ ਲਾਹੌਰ ਤੋਂ ਮਿਲਦੇ ਹਨ। ਇਹ ਗੱਲ ਵੀ ਬਹੁਤ ਵਧੀਆ ਲੱਗੀ, ਕਿਉਂਕਿ ਇਕ ਤਾਂ ਪਾਸਪੋਰਟ ਚੁੱਕਣੇ ਨਹੀਂ ਪੈਂਦੇ ਤੇ ਬਾਕੀ ਸਾਂਭ-ਸੰਭਾਲ ਵੀ ਨਹੀਂ ਕਰਨੀ ਪੈਂਦੀ। ਸਰਕਾਰ ਆਪ ਹੀ ਸੰਭਾਲਦੀ ਹੈ। ਦਸ ਗਿਆਰਾਂ ਪਾਸਪੋਰਟ ਇਕੱਠੇ ਕਰਕੇ ਇਥੇ ਹੀ ਕਮਰਿਆਂ ਦੀ ਅਲਾਟਮੈਂਟ ਕਰ ਦਿੱਤੀ ਜਾਂਦੀ ਹੈ। ਨਨਕਾਣਾ ਸਾਹਿਬ, ਪੰਜਾ ਸਾਹਿਬ ਤੇ ਡੇਰਾ ਸਾਹਿਬ ਠਹਿਰਣ ਵਾਸਤੇ ਇਥੋਂ ਹੀ ਕਮਰਿਆਂ ਦੀ ਪਰਚੀ ਕੱਟ ਦਿੱਤੀ ਜਾਂਦੀ ਹੈ। ਸਾਰਾ ਕੰਮ ਮੁਕਾ ਅਸੀਂ ਸਾਰੇ ਇਕੱਠੇ ਬਾਹਰ ਵੱਲ ਨੂੰ ਹੋ ਤੁਰੇ। ਬੈਗਾਂ ਨੂੰ ਸਟੇਸ਼ਨ 'ਤੇ ਰੱਖ ਕੇ ਕੋਲ ਅੱਧੇ ਜਣੇ ਬੈਠ ਗਏ ਤੇ ਅੱਧੇ ਕੁ ਅਸੀਂ ਵਾਹਗਾ ਬਾਰਡਰ 'ਤੇ ਲੱਗੇ ਲੰਗਰ ਛਕਣ ਚਲੇ ਗਏ। ਪਾਕਿਸਤਾਨ ਗੁਰਦੁਆਰਾ ਪ੍ਰਬੰਧਕ ਕਮੇਟੀ ਸ਼ਰਧਾਲੂਆਂ ਨੂੰ ਕੋਈ ਪ੍ਰੇਸ਼ਾਨੀ ਨਹੀਂ ਆਉਣ ਦਿੰਦੀ। ਲੰਗਰ ਦਾ ਪ੍ਰਬੰਧ ਬੜੇ ਹੀ ਵਧੀਆ ਤਰੀਕੇ ਨਾਲ ਕੀਤਾ ਹੁੰਦਾ ਹੈ, ਉਹ ਪਾਠਕੋ ਤੁਹਾਨੂੰ ਅੱਗੇ ਪੜ੍ਹਦਿਆਂ ਪਤਾ ਲੱਗ ਜਾਵੇਗਾ। ਲੰਗਰ ਛਕ ਕੇ ਅਨੰਦ ਆ ਗਿਆ ਸੀ। ਉਪਰੋਂ ਗਰਮ-ਗਰਮ ਚਾਹ ਵੀ ਪੀ ਲਈ ਸੀ। ਨਾਲ ਹੀ ਡਾਕਟਰੀ ਸਹੂਲਤ ਵਾਸਤੇ ਮੇਜ਼ ਡਾਹ ਕੇ ਡਾਕਟਰ ਬੈਠੇ ਸਨ। ਪੰਜਾਬੀ ਲੋਕ ਧੜਾਧੜ ਦਵਾਈਆਂ ਲੈ ਰਹੇ ਸੀ। ਕਈਆਂ ਮਾਈਆਂ, ਬੀਬੀਆਂ ਨੂੰ ਜੇ ਕੋਈ ਬਿਮਾਰੀ ਨਹੀਂ ਵੀ ਸੀ ਤਾਂ ਵੀ ਉਹ ਗੋਲੀਆਂ ਲੈ ਰਹੀਆਂ ਸਨ। ਡਾਕਟਰ ਨਾਲੇ ਖਚਰਾ ਹਾਸਾ ਹੱਸ ਰਹੇ ਸਨ ਨਾਲੇ ਦਵਾਈਆਂ ਲੰਗਰ ਵਾਂਗੂ ਹੀ ਵਰਤਾ ਰਹੇ ਸਨ। ਉਂਝ ਟਰੇਨ ਦੇ ਵਿਚ ਵੀ ਡਾਕਟਰ ਹਰ ਸਮੇਂ ਮੌਜੂਦ ਰਹਿੰਦੇ ਹਨ, ਲੋੜ ਪੈਣ 'ਤੇ ਗੱਡੀ ਦੇ ਵਿਚ ਵੀ ਯਾਤਰੀ ਦਵਾਈ ਲੈ ਸਕਦੇ ਹਨ। ਹੁਣ ਵਾਰੋ-ਵਾਰੀ ਅਸੀਂ ਸਾਰੇ ਜਣੇ ਲੰਗਰ ਛਕ ਕੇ ਸਟੇਸ਼ਨ 'ਤੇ ਆਣ ਬੈਠੇ। ਪਹਿਲੀ ਗੱਡੀ ਤੋਂ ਬਾਅਦ ਦੂਜੀ ਵੀ ਤੁਰ ਗਈ। ਹੁਣ ਸਾਡੀ ਤੀਜੀ ਟਰੇਨ ਨੇ ਪਲੇਟਫਾਰਮ 'ਤੇ ਆ ਕੇ ਖੜ੍ਹਨਾ ਸੀ। ਅਸੀਂ ਸਾਰੇ ਟਰੇਨ ਦੀ ਉਡੀਕ ਕਰਨ ਲੱਗੇ। ਸਟੇਸ਼ਨ 'ਤੇ ਪੰਜਾਬੀਆਂ ਦਾ ਮੇਲਾ ਜਿਹਾ ਲੱਗਾ ਹੋਇਆ ਸੀ, ਇਹ ਮਹਿਸੂਸ ਹੀ ਨਹੀਂ ਸੀ ਹੋ ਰਿਹਾ ਕਿ ਅਸੀਂ ਆਪਣੇ ਪੰਜਾਬ ਵਿਚ ਹਾਂ ਜਾਂ ਪਾਕਿਸਤਾਨ ਵਿਚ। ਟੀ.ਵੀ. ਚੈਨਲਾਂ ਵਾਲੇ ਘੁੰਮ ਰਹੇ ਸਨ। ਕਈ ਤਾਂ ਸਿੱਧਾ ਪ੍ਰਸਾਰਨ ਵੀ ਕਰ ਰਹੇ ਸਨ। ਪੁਲਿਸ ਵਾਲੇ ਆਪਣਾ ਕੰਮ ਦੇਖ ਰਹੇ ਸਨ। ਲੇਡੀਜ਼ ਪੁਲਿਸ ਵੀ ਆਪਣਾ ਕੰਮ ਕਰ ਰਹੀ ਸੀ। ਉਨ੍ਹਾਂ ਦੀ ਵਰਦੀ ਸਲਵਾਰ ਕੁੜਤਾ ਤੇ ਸਿਰ 'ਤੇ ਚੁੰਨੀ ਸੀ। ਸਾਰੀ ਵਰਦੀ ਦਾ ਰੰਗ ਨੀਲਾ ਸੀ ਤੇ ਸਿਰ 'ਤੇ ਚੁੰਨੀ ਪੱਕੀਆਂ ਕਲਿੱਪਾਂ ਲਾ ਕੇ ਖਿਲਾਰੀ ਹੋਈ ਸੀ, ਮਜਾਲ ਏ ਕਿਤੇ ਚੁੰਨੀ ਸਿਰ ਤੋਂ ਲਹਿ ਜਾਵੇ। ਪਰ ਜੱਥੇ ਨਾਲ ਗਈਆਂ ਬੀਬੀਆਂ ਦੀਆਂ ਚੁੰਨੀਆਂ ਸਿਰ ਤੋਂ ਲਹਿ ਕੇ ਗਲਾਂ ਵਿੱਚ ਪਈਆਂ ਹੋਈਆਂ ਸਨ। ਪੁਲਿਸ ਵਾਲਿਆਂ ਦੀ ਬੋਲੀ ਵੀ ਸ਼ਹਿਦ ਵਰਗੀ ਮਾਖਿਓਂ ਮਿੱਠੀ ਸੀ, ਸਾਡੀ ਪੁਲਿਸ ਵਾਂਗ ਕੌੜੇ ਤੁੰਮੇ ਵਰਗੀ ਨਹੀਂ ਸੀ। ਗੱਲ ਕੀ ਹਰ ਇੱਕ ਸਰਕਾਰੀ ਅਧਿਕਾਰੀ ਤੇ ਆਮ ਨਾਗਰਿਕ ਸਰਦਾਰ ਜੀ, ਸਰਦਾਰ ਜੀ ਕਰ ਰਿਹਾ ਸੀ। ਇਹ ਸਾਰਾ ਪ੍ਰਬੰਧ ਵੇਖ ਕੇ ਮਨ ਡਾਅਢਾ ਪ੍ਰਸੰਨ ਹੋਇਆ। ਸਟੇਸ਼ਨ 'ਤੇ ਟਰੇਨ ਉਡੀਕਦਿਆਂ ਹਨੇਰਾ ਹੋ ਗਿਆ ਤੇ ਪੂਰੇ ਅੱਠ ਵਜੇ ਟਰੇਨ ਆਈ। ਸਾਡੀ ਅੱਜ ਦੀ

ਸਾਰੀ ਦਿਹਾੜੀ ਦੋਵਾਂ ਸਟੇਸ਼ਨਾਂ ’ਤੇ ਹੀ ਬੀਤ ਗਈ ਸੀ। ਰਾਤ ਦੇ ਨੌਂ ਕੁ ਵਜੇ ਅਸੀਂ ਟਰੇਨ ਵਿਚ ਬੈਠ ਕੇ ਨਨਕਾਣਾ ਸਾਹਿਬ ਵੱਲ ਨੂੰ ਰਵਾਨਾ ਹੋ ਗਏ। ਡੱਬਾ ਨੰਬਰ, ਸੀਟ ਨੰਬਰ ਲੱਗੇ ਹੋਣ ਕਰਕੇ ਯਾਤਰੀ ਆਪੋ ਆਪਣੀਆਂ ਸੀਟਾਂ ’ਤੇ ਬੈਠ ਗਏ। ਸਾਡੀਆਂ ਸਾਰੀਆਂ ਸੀਟਾਂ ਤਕਰੀਬਨ ਇਕੱਠੀਆਂ ਹੀ ਸਨ। ਇੱਕੋ ਡੱਬੇ ਵਿੱਚ ਮੈਂ ਬਾਹਰ ਸ਼ੀਸ਼ੇ ਵਾਲੇ ਪਾਸੇ ਡਾਇਰੀ ਲੈ ਕੇ ਬੈਠ ਗਿਆ ਸੀ, ਪਰ ਹਨੇਰਾ ਹੋਣ ਕਰਕੇ ਬਾਹਰ ਕੁਝ ਵੀ ਨਜ਼ਰ ਨਹੀਂ ਸੀ ਆ ਰਿਹਾ। ਮੇਰੇ ਨਾਲ ਗੁਰਸੇਵਕ, ਸਾਹਬ, ਸੈਕਟਰੀ, ਬਾਪੂ ਕੜਿਆਲ ਬੈਠੇ ਸਨ। ਸਾਹਮਣੇ ਵਾਲੀ ਸੀਟ ’ਤੇ ਜਸਵੰਤ ਸਿੰਘ, ਮਾਹਨ ਸਿੰਘ, ਮਲਕੀਤ ਸਿੰਘ, ਚੰਨਾ, ਲਾਟੀ ਬੈਠੇ ਸਨ। ਹਰਭਜਨ ਤੇ ਜਗਦੀਸ਼ ਕੌਰ ਇਕੱਠੇ ਦੂਜੇ ਪਾਸੇ ਦੀ ਕਤਾਰ ਵਿੱਚ ਬੈਠੇ ਸਨ। ਸਾਡੇ ਕੀ ਹਰੇਕ ਡੱਬੇ ਵਿਚ ਦੋ-ਦੋ ਪੁਲਿਸ ਵਾਲੇ ਵੀ ਆਣ ਕੇ ਬੈਠ ਗਏ ਸਨ ਉਨ੍ਹਾਂ ਵਿਚੋਂ ਇਕ ਦਾ ਸੁਭਾਅ ਬਾਹਲਾ ਹੀ ਵਧੀਆ ਸੀ ਤੇ ਸਾਡੇ ਵਿਚ ਹੀ ਘੁਲਮਿਲ ਗਿਆ ਸੀ। ਉਸ ਦੀ ਉਮਰ ਪੰਜਾਹ ਤੋਂ ਲੰਘੀ ਹੋਈ ਸੀ। ਟਰੇਨ ਦੀ ਸਪੀਡ ਹੁਣ ਕੁਝ ਵਾਹਵਾ ਸੀ। ਟਰੇਨ ਵਿਚ ਲੈਟਰੀਨ ਬਾਥਰੂਮ ਤੇ ਪੀਣ ਵਾਲੇ ਪਾਣੀ ਦੀ ਸਹੂਲਤ ਵੀ ਸੀ। ਟਰੇਨ ਕਾਫੀ ਪੁਰਾਣੀ ਸੀ ਬਾਅਦ ਵਿਚ ਮੈਨੂੰ ਇਹ ਵੀ ਪਤਾ ਲੱਗਾ ਕਿ ਚੀਨ ਦੀਆਂ ਪੁਰਾਣੀਆਂ ਟਰੇਨਾਂ ਪਾਕਿਸਤਾਨ ਵਰਤ ਲੈਂਦਾ ਹੈ ਪਰ ਪਤਾ ਨਹੀਂ ਇਹ ਸੱਚ ਹੈ ਕਿ ਝੂਠ ਪਰ ਵਾਹਗਾ ਬਾਰਡਰ ਨੂੰ ਛੱਡ ਕੇ ਬਾਕੀ ਸਾਰੇ ਹੀ ਸਟੇਸ਼ਨਾਂ ਦਾ ਮੰਦਾ ਹਾਲ ਵੇਖਿਆ ਤੇ ਟਰੇਨਾਂ ਵੀ ਕੰਡਮ ਜਿਹੀਆਂ ਹੀ ਸਨ। ਟਰੈਕ ਵੀ ਮਾੜੇ ਅੰਗਰੇਜ਼ਾਂ ਵੇਲੇ ਦੇ ਹੀ ਹਨ। ਪਾਕਿਸਤਾਨ ਨੇ ਉਸ ਤੋਂ ਬਾਅਦ ਕੋਈ ਖਾਸ ਤਰੱਕੀ ਨਹੀਂ ਕੀਤੀ। “ਸਰਦਾਰੋ ਆਓ! ਗੱਪਸ਼ੱਪ ਲਾਈਏ” ਇਹ ਬੋਲਦਿਆਂ ਪੁਲਿਸ ਵਾਲਾ ਆਪਣੀ ਸੀਟ ਤੋਂ ਉੱਠ ਕੇ ਸਾਡੇ ਵਾਲੀ ਸੀਟ ’ਤੇ ਆਣ ਬੈਠਾ। ਮੈਂ ਸਮਝ ਗਿਆ ਸੀ ਬਈ ਇਹ ਬੰਦਾ ਗਾਲੜੀ ਹੈ ਤੇ ਸਾਡਾ ਸਾਥੀ ਭਜਨ ਵੀ ਗੱਲਾਂ ਨੂੰ ਸ਼ੇਰ ਸੀ, ਇਸ ਲਈ ਭਜਨ ਵੀ ਆਪਣੀ ਸੀਟ ਛੱਡ ਕੇ ਸਾਡੇ ਕੋਲ ਆਣ ਬੈਠਾ। ਭਾਵੇਂ ਅਸੀਂ ਤੰਗ ਬੈਠੇ ਸੀ, ਪਰ ਗੱਲਾਂ ਦਾ ਅਨੰਦ ਆ ਰਿਹਾ ਸੀ, ਜ਼ਮੀਨਾਂ ਦੇ ਰੇਟਾਂ ਦੀਆਂ ਗੱਲਾਂ ਮੁਲਾਜ਼ਮਾਂ ਦੀ ਤਨਖਾਹਾਂ ਦੀਆਂ, ਕਣਕ-ਝੋਨੇ ਦੀਆਂ, ਚੜ੍ਹਦੇ ਲਹਿੰਦੇ ਪੰਜਾਬ ਦੀਆਂ ਬਹੁਤ ਗੱਲਾਂ ਹੋਈਆਂ। ਸਾਡੇ ਵਾਲੇ ਡੱਬੇ ਵਿਚ ਵਾਹਵਾ ਰੌਣਕ ਲੱਗੀ ਹੋਈ ਸੀ। ਕਈ ਹੋਰ ਪੁਲਿਸ ਮੁਲਾਜ਼ਮ ਗੱਡੀ ਵਿਚ ਜਦੋਂ ਗੇੜਾ ਲਾਉਣ ਆਉਂਦੇ ਤਾਂ ਬੈਠੇ ਮੁਲਾਜ਼ਮ ਚੌਕਸ ਹੋ ਜਾਂਦੇ, ਗੱਲਬਾਤ ਰੋਕ ਦਿੰਦੇ। ਚੱਲਦੀ ਗੱਡੀ ਵਿਚ ਕਈ ਮੁਸਾਫ਼ਰ ਨੀਂਦ ਦੇ ਝੂਟੇ ਲੈਣ ਲੱਗੇ। ਸਾਡੀ ਟਰੇਨ ਲਾਹੌਰ ਦੇ ਸਟੇਸ਼ਨ ’ਤੇ ਆਣ ਰੁਕੀ। ਅਟਾਰੀ ਸਟੇਸ਼ਨ ਤੋਂ ਲਾਹੌਰ 24 ਕਿਲੋਮੀਟਰ ਤੇ ਵਾਹਗਾ ਬਾਰਡਰ ਤੋਂ 20 ਕਿਲੋਮੀਟਰ ਸੀ, ਇੱਥੇ ਭਾਵੇਂ ਟਰੇਨ ਰੁਕ ਤਾਂ ਗਈ ਸੀ ਪਰ ਕਿਸੇ ਵੀ ਯਾਤਰੀ ਨੂੰ ਥੱਲੇ ਨਹੀਂ ਉਤਰਨ ਦਿੱਤਾ ਗਿਆ। ਪੁਲਿਸ ਵਾਲੇ ਸਾਰੇ ਥੱਲੇ ਉਤਰ ਕੇ ਖੜ੍ਹ ਗਏ ਸਨ। ਯਾਤਰੀ ਕੁਝ-ਕੁਝ ਖਾਣ-ਪੀਣ ਦੀਆਂ ਚੀਜਾਂ ਜਾਂ ਤਾਂ ਪੁਲਿਸ ਵਾਲਿਆਂ ਤੋਂ ਮੰਗਵਾ ਰਹੇ ਸਨ ਜਾਂ ਫਿਰ ਦੁਕਾਨਦਾਰ ਆਪ ਫੜ੍ਹਾ ਕੇ ਜਾਂਦੇ ਸਨ। ਪਰ ਛੇਤੀਂ ਕੀਤਿਆਂ ਪੁਲਿਸ ਵਾਲੇ ਉਧਰਲੇ ਬੰਦਿਆਂ ਨੂੰ ਯਾਤਰੀ ਟਰੇਨ ਦੇ ਨੇੜੇ ਘੱਟ ਹੀ ਆਉਣ ਦੇਂਦੇ ਹਨ। ਟਰੇਨਾਂ ਕਿਉਂਕਿ ਯਾਤਰੀਆਂ

ਵਾਸਤੇ ਹੀ ਬੁੱਕ ਹੁੰਦੀਆਂ ਹਨ। ਰਸਤੇ ਵਿਚੋਂ ਨਾ ਕੋਈ ਸਵਾਰੀ ਉਤਰ ਸਕਦੀ ਹੈ ਨਾ ਚੜ੍ਹ ਸਕਦੀ ਹੈ। ਗੁਰਸੇਵਕ ਸਿੰਘ, ਮਲਕੀਤ ਸਿੰਘ ਤੇ ਬਲਜੀਤ ਸੈਕਟਰੀ ਨੇ ਫੈਂਟੇ ਦੀ ਢਾਈ ਲੀਟਰ ਦੀ ਬੋਤਲ ਤੇ ਨਾਲ ਪਲਾਸਟਿਕ ਦੇ ਗਲਾਸ ਮੰਗਵਾ ਲਏ ਸਨ ਤੇ ਬਲਵੀਰ ਲਾਟੀ ਸਾਰਿਆਂ ਨੂੰ ਵਰਤਾ ਰਿਹਾ ਸੀ, ਕਹਿੰਦਾ ਬੂਟੇ 'ਲਾਹੌਰ ਦਾ ਠੰਡਾ ਪੀ ਕੇ ਵੇਖੋ', ਠੰਡਾ ਪੀਂਦਿਆਂ ਤੱਕ ਟਰੇਨ ਫਿਰ ਅੱਗੇ ਵੱਲ ਨੂੰ ਰਵਾਨਾ ਹੋ ਗਈ। ਗੱਡੀ ਵਿਚਲੀਆਂ ਲਾਈਟਾਂ ਜਗ ਰਹੀਆਂ ਸਨ। ਬਾਹਰ ਨਿਗ੍ਹਾ ਮਾਰਿਆਂ ਕੋਈ-ਕੋਈ ਲਾਈਟ ਜਗਦੀ ਨਜ਼ਰ ਆ ਰਹੀ ਸੀ। ਭਾਵੇਂ ਰਾਤ ਚਾਨਣੀ ਸੀ ਪਰ ਫਿਰ ਵੀ ਬਾਹਰ ਕੁਝ ਨਜ਼ਰ ਨਹੀਂ ਸੀ ਆ ਰਿਹਾ। ਖੈਰ! ਤੜਕੇ ਦੇ ਢਾਈ ਤਿੰਨ ਵੱਜ ਚੁੱਕੇ ਸਨ। ਤੀਸਰੀ ਟਰੇਨ ਨਨਕਾਣਾ ਸਾਹਿਬ ਦੇ ਰੇਲਵੇ ਸਟੇਸ਼ਨ 'ਤੇ ਪਹੁੰਚ ਗਈ ਸੀ। 'ਬੋਲੇ ਸੋ ਨਿਹਾਲ ਸਤਿ ਸ੍ਰੀ ਅਕਾਲ' ਦੇ ਜੈਕਾਰੇ ਬੁਲਾ ਕੇ ਸਾਰੇ ਹੀ ਯਾਤਰੀ ਗੱਡੀ ਵਿਚੋਂ ਉਤਰਣ ਲੱਗੇ। ਨਨਕਾਣਾ ਸਾਹਿਬ ਲਾਹੌਰ ਤੋਂ 65 ਕਿਲੋਮੀਟਰ ਤੇ ਅਟਾਰੀ ਸਟੇਸ਼ਨ ਤੋਂ 89 ਕਿਲੋਮੀਟਰ ਹੈ। ਗੱਡੀ ਵਿਚੋਂ ਉਤਰ ਕੇ ਅਸੀਂ ਕੋਲ ਹੀ ਖੜ੍ਹੀਆਂ ਬੱਸਾਂ ਵੱਲ ਵਧੇ ਜਿਨ੍ਹਾਂ ਨੇ ਪ੍ਰਤੀ ਸਵਾਰੀ ਦਸ ਰੁਪਏ ਕਿਰਾਇਆ ਲੈ ਕੇ ਗੁਰਦੁਆਰਾ ਸਾਹਿਬ ਤੱਕ ਸੰਗਤਾਂ ਨੂੰ ਲੈ ਕੇ ਜਾਣਾ ਸੀ। ਸਟੇਸ਼ਨ 'ਤੇ ਸਪੀਕਰ ਰਾਹੀਂ ਸਾਰੇ ਯਾਤਰੀਆਂ ਨੂੰ ਜੀ ਆਇਆਂ ਕਿਹਾ ਜਾ ਰਿਹਾ ਸੀ। ਦੂਜੇ ਯਾਤਰੀਆਂ ਵਾਂਗ ਅਸੀਂ ਵੀ ਬੱਸ ਵਿਚ ਚੜ੍ਹ ਗਏ ਤੇ ਛੇਤੀ ਹੀ ਗੁਰਦੁਆਰਾ ਜਨਮ ਅਸਥਾਨ ਦੇ ਮੇਨ ਗੇਟ ਮੂਹਰੇ ਪਹੁੰਚ ਗਏ। ਬੱਸਾਂ ਵਿਚੋਂ ਉਤਰ ਕੇ ਅਸੀਂ ਮੇਨ ਗੇਟ ਵਿਚੋਂ ਲੰਘ ਰਹੇ ਸੀ। ਇਕੱਲੇ-ਇਕੱਲੇ ਯਾਤਰੀ ਨੂੰ ਚੈਕਿੰਗ ਤੇ ਤਲਾਸ਼ੀ ਕਰਕੇ ਲੰਘਾਇਆ ਜਾ ਰਿਹਾ ਸੀ। ਗੁਰਦੁਆਰੇ ਵਿਚ ਵੀ ਪੁਲਿਸ ਦਾ ਪ੍ਰਬੰਧ ਸੀ। ਅੰਦਰ ਲੰਘ ਕੇ ਅਸੀਂ ਸਾਰਿਆਂ ਨੇ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਕੋਟਿਨ-ਕੋਟਿ ਧੰਨਵਾਦ ਕੀਤਾ ਜਿਨ੍ਹਾਂ ਨੇ ਆਪਣੇ ਜਨਮ ਦਿਵਸ 'ਤੇ ਆਉਣ ਦਾ ਸੁਭਾਗਾ ਸਮਾਂ ਬਖਸ਼ਿਆ ਸੀ। ਇਥੇ ਪਹੁੰਚ ਕੇ ਸਭ ਤੋਂ ਪਹਿਲਾਂ ਅਸੀਂ ਆਪਣਾ ਕਮਰਾ ਲੱਭਿਆ ਤੇ ਉਸ ਵਿਚ ਸਮਾਨ ਰੱਖ ਕੇ ਗੁਰਦੁਆਰਾ ਸਾਹਿਬ ਅੰਦਰ ਮੱਥਾ ਟੇਕਣ ਚਲੇ ਗਏ। ਸਾਰਾ ਗੁਰਦੁਆਰਾ ਬਿਜਲਈ ਲੜੀਆਂ ਨਾਲ ਜਗਮਗਾ ਰਿਹਾ ਸੀ। ਸਜਾਵਟ ਵੀ ਬੜੇ ਵਧੀਆ ਤਰੀਕੇ ਨਾਲ ਕੀਤੀ ਹੋਈ ਸੀ। ਰਾਤ ਦੀ ਰੋਸ਼ਨੀ ਵਿੱਚ ਸਾਰਾ ਹੀ ਗੁਰਦੁਆਰਾ ਸਾਹਿਬ ਅਤਿ ਸੁੰਦਰ ਨਜ਼ਾਰਾ ਪੇਸ਼ ਕਰ ਰਿਹਾ ਸੀ। ਤੜਕੇ ਦੇ ਚਾਰ ਵੱਜ ਰਹੇ ਸਨ। ਅਸੀਂ ਇੱਕ ਵਾਰ ਮੱਥਾ ਟੇਕ ਕੇ ਆਪਣੇ ਕਮਰੇ ਵਿਚ ਆ ਕੇ ਲੰਮੇ ਪੈ ਗਏ। ਕਦੋਂ ਨੀਂਦ ਆ ਗਈ ਪਤਾ ਹੀ ਨਾ ਲੱਗਾ। ਸਵੇਰੇ ਉਠ ਕੇ ਅਸੀਂ ਇਸ਼ਨਾਨ ਕਰਕੇ ਚਾਹ ਦੇ ਨਾਲ ਗਰਮਾ ਗਰਮ ਪਕੌੜਿਆਂ ਦਾ ਲੰਗਰ ਵੀ ਛਕਿਆ ਤੇ ਫਿਰ ਮੱਥਾ ਟੇਕਣ ਵਾਸਤੇ ਦਰਸ਼ਨੀ ਡਿਊੜੀ ਤੋਂ ਲਾਈਨਾਂ ਵਿਚ ਲੱਗ ਗਏ। ਹੁਣ ਸੰਗਤਾਂ ਦੀ ਕਾਫੀ ਭੀੜ ਹੋ ਚੁੱਕੀ ਸੀ। ਅੰਦਰ ਤੋਂ ਲੈ ਕੇ ਦਰਸ਼ਨੀ ਡਿਊੜੀ ਤੱਕ ਲਾਈਨਾਂ ਲੱਗੀਆਂ ਸਨ। ਸ੍ਰੀ ਨਨਕਾਣਾ ਸਾਹਿਬ ਜ਼ਿਲ੍ਹਾ ਸ਼ੇਖ਼ੂਪੁਰੇ ਦੀ ਤਹਿਸੀਲ ਦਾ ਪ੍ਰਧਾਨ ਸ਼ਹਿਰ ਹੈ। ਇਸ ਸ਼ਹਿਰ ਦਾ ਪਹਿਲਾ ਨਾਮ ਰਾਇ-ਭੋਇ ਦੀ ਤਲਵੰਡੀ ਸੀ ਜੋ ਪਹਿਲਾਂ ਇਕ ਮੁਸਲਮਾਨ ਹਾਕਮ ਰਾਇ-ਭੋਇ ਦੇ ਨਾਮ 'ਤੇ ਵਸਿਆ ਹੋਇਆ ਸੀ। ਇਥੇ ਹੀ ਦੁਨੀਆਂ ਦੇ ਬਾਨੀ ਸਾਹਿਬ ਸ੍ਰੀ ਗੁਰੂ

ਨਾਨਕ ਦੇਵ ਜੀ ਨੇ 15 ਅਪ੍ਰੈਲ 1469 ਨੂੰ ਮਾਤਾ ਤ੍ਰਿਪਤਾ ਜੀ ਦੀ ਕੁੱਖੋਂ ਤੇ ਪਿਤਾ ਮਹਿਤਾ ਕਾਲੂ ਦੇ ਘਰ ਅਵਤਾਰ ਧਾਰਿਆ ਸੀ। ਆਪ ਜੀ ਦੀ ਭੈਣ ਬੇਬੇ ਨਾਨਕੀ ਜੀ ਆਪ ਜੀ ਤੋਂ ਪੰਜ ਸਾਲ ਵੱਡੇ ਸਨ। ਇੱਥੇ ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਸਬੰਧਤ ਛੇ ਗੁਰਦੁਆਰੇ ਹਨ। ਇਨ੍ਹਾਂ ਤੋਂ ਇਲਾਵਾ ਪੰਜਵੇਂ ਪਾਤਸ਼ਾਹ ਅਤੇ ਛੇਵੇਂ ਪਾਤਸ਼ਾਹ ਨਾਲ ਸਬੰਧਤ ਦੋ ਗੁਰਦੁਆਰੇ ਹਨ ਜਿਨ੍ਹਾਂ ਦਾ ਵੇਰਵਾ ਆਪ ਜੀ ਨੂੰ ਅੱਗੇ ਜਾ ਕੇ ਮਿਲਦਾ ਰਹੇਗਾ। ਪਾਕਿਸਤਾਨ ਦੀ 1998 ਦੀ ਮਰਦਮਸ਼ੁਮਾਰੀ ਅਨੁਸਾਰ ਇੱਥੇ 98 ਫੀਸਦੀ ਲੋਕਾਂ ਦੁਆਰਾ ਪੰਜਾਬੀ ਭਾਸ਼ਾ ਬੋਲੀ ਜਾਂਦੀ ਹੈ ਅਤੇ ਸ਼ਾਹਮੁਖੀ ਲਿਪੀ ਦੀ ਵੀ ਜਿਆਦਾਤਰ ਵਰਤੋਂ ਕੀਤੀ ਜਾਂਦੀ ਹੈ। ਇਸ ਦੇ ਨਾਲ ਹੀ ਗੁਰਮੁਖੀ ਲਿਪੀ ਵੀ ਇੱਥੋਂ ਦੀ ਵਿਸ਼ੇਸ਼ ਭਾਸ਼ਾ ਹੈ। ਮਾਝੀ ਮਿਆਰੀ ਦੀ ਬੋਲੀ ਦਾ ਇੱਥਾ ਬਹੁਮਤ ਹੈ ਅਤੇ ਮਲਵਈ ਬੋਲੀ ਨੂੰ ਭਾਰਤੀ ਪੰਜਾਬ ਦੇ ਲੋਕ ਬਦਲਵੀਂ ਬੋਲੀ ਦੇ ਰੂਪ ਵਿਚ ਬੋਲਦੇ ਹਨ। ਇੱਥੇ ਕੌਮੀ ਭਾਸ਼ਾ ਹੋਣ ਦੇ ਕਾਰਨ ਉਰਦੂ ਬੋਲਿਆ ਅਤੇ ਵਰਤਿਆ ਜਾਂਦਾ ਰਿਹਾ ਹੈ। ਅੰਗਰੇਜ਼ੀ ਵੀ ਚੰਗੀ ਤਰ੍ਹਾਂ ਸਮਝੀ ਜਾਂਦੀ ਹੈ ਅਤੇ ਪੜ੍ਹੇ-ਲਿਖੇ ਲੋਕ ਵੱਡੀ ਗਿਣਤੀ ਬੋਲਦੇ ਹਨ। ਨਨਕਾਣਾ ਸਾਹਿਬ ਦੀ ਆਬਾਦੀ 1 ਲੱਖ ਦੇ ਕਰੀਬ ਹੈ। ਨਨਕਾਣਾ ਸਾਹਿਬ ਪਹੁੰਚਣ ਵਾਸਤੇ ਟਰੇਨਾਂ, ਬੱਸਾਂ ਤੇ ਹਵਾਈ ਜਹਾਜ਼ ਦਾ ਵੀ ਪ੍ਰਬੰਧ ਹੈ। ਗੁਰਦੁਆਰੇ ਅੰਦਰ ਸੰਗਤਾਂ ਦੇ ਠਹਿਰਣ ਵਾਸਤੇ ਕਮਰੇ ਤੇ ਸਰਾਵਾਂ ਬਣੀਆਂ ਹਨ। ਵੈਸੇ ਤਾਂ ਹਰੇਕ ਗੁਰਦੁਆਰੇ ਵਿਚ ਹਰ ਪ੍ਰਕਾਰ ਦੇ ਲੰਗਰਾਂ ਦਾ ਖਾਸ ਪ੍ਰਬੰਧ ਹੁੰਦਾ ਹੈ ਫਿਰ ਵੀ ਸੰਗਤਾਂ ਵਾਸਤੇ ਸ਼ਹਿਰ ਵਿਚ ਹੋਟਲਾਂ ਦਾ ਵੀ ਪ੍ਰਬੰਧ ਹੁੰਦਾ ਹੈ। ਸੰਗਤਾਂ ਉਥੋਂ ਵੀ ਖਾ ਪੀ ਸਕਦੀਆਂ ਹਨ। ਗੁਰਦੁਆਰਾ ਸਾਹਿਬ ਬਹੁਤ ਵੱਡਾ ਬਣਿਆ ਹੈ ਤੇ ਇਸ ਵਿਚ ਇਸ਼ਨਾਨ ਘਰ, ਲੈਟਰੀਨਾਂ, ਬਾਥਰੂਮ, ਕਮਰੇ, ਸਰਾਵਾਂ, ਬਰਾਂਡੇ ਤੇ ਦਰੀਆਂ, ਕੰਬਲਾਂ, ਬਿਸਤਰਿਆਂ ਦਾ ਵੀ ਪ੍ਰਬੰਧ ਹੁੰਦਾ ਹੈ। ਨਨਕਾਣਾ ਸਾਹਿਬ ਵਿਖੇ 15 ਨਵੰਬਰ ਅੱਧੀ ਰਾਤ ਬਾਰਾਂ ਵੱਜ ਕੇ 45 ਮਿੰਟ ’ਤੇ ਸ੍ਰੀ ਅਖੰਡ ਪਾਠ ਆਰੰਭ ਹੋ ਗਿਆ ਸੀ। ਇਹ ਅਖੰਡ ਪਾਠ ਉਸੇ ਕਮਰੇ ਵਿਚ ਹੀ ਕੀਤਾ ਜਾਂਦਾ ਹੈ ਜਿੱਥੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜਨਮ ਹੋਇਆ ਸੀ। ਹੁਣ ਅਸੀਂ ਉਸੇ ਕਮਰੇ ਵਿਚ ਮੱਥਾ ਟੇਕ ਰਹੇ ਸੀ। ਇਹ ਕਮਰਾ ਹੈ ਤਾਂ ਭਾਵੇਂ ਬਹੁਤ ਛੋਟਾ ਪਰ ਫਿਰ ਵੀ ਪੰਜ ਸੱਤ ਸੰਗਤਾਂ ਅੰਦਰ ਬੈਠ ਸਕਦੀਆਂ ਹਨ। ਕਮਰੇ ਅੰਦਰ ਮੱਥਾ ਟੇਕਣ ਤੋਂ ਬਾਅਦ ਅਸੀਂ ਖ਼ੂਹ ਬੇਬੇ ਨਾਨਕੀ ਜੀ ਦੇ ਦਰਸ਼ਨ ਕਰਨ ਲੱਗੇ। ਇਹ ਖ਼ੂਹ ਮਹਿਤਾ ਕਾਲੂ ਜੀ ਦੇ ਘਰ ਵਿਚ ਪਹਿਲਾਂ ਤੋਂ ਹੀ ਮੌਜੂਦ ਸੀ। ਹੁਣ ਦਰਸ਼ਨੀ ਡਿਊੜੀ ਲੰਘ ਕੇ ਖੱਬੇ ਹੱਥ ਹੈ। ਇਸ ਵੇਲੇ ਭਾਵੇਂ ਖ਼ੂਹ ਤਾਂ ਸੁੱਕ ਚੁੱਕਾ ਹੈ ਪਰ ਇਸ ਵਿੱਚ ਬੋਰ ਕਰਕੇ, ਮੋਟਰ ਨਾਲ ਜਲ ਸਾਰੇ ਗੁਰਦੁਆਰੇ ਨੂੰ ਸਪਲਾਈ ਕੀਤਾ ਹੋਇਆ ਹੈ। ਮੈਂ ਸੋਚ ਰਿਹਾ ਸੀ ਬਈ ਮਹਿਤਾ ਕਾਲੂ ਜੀ ਦਾ ਸਾਰਾ ਪਰਿਵਾਰ ਤਾਂ ਇਸ ਖ਼ੂਹ ਤੋਂ ਪਾਣੀ ਭਰਦਾ ਹੀ ਹੋਵੇਗਾ, ਹੋ ਸਕਦਾ ਹੈ ਸ਼ਾਇਦ ਉਸ ਵੇਲੇ ਸਾਰਾ ਪਿੰਡ ਵੀ ਇੱਥੋਂ ਹੀ ਪਾਣੀ ਭਰਦਾ ਹੋਵੇ। ਇਸ ਤੋਂ ਬਾਅਦ ਅਸੀਂ ਇਤਿਹਾਸਕ ਜੰਡ ਸਾਹਿਬ ਦੇ ਦਰਸ਼ਨ ਕਰਨ ਲੱਗੇ। ਇਹ ਉਹ ਇਤਿਹਾਸਕ ਜੰਡ ਹੈ ਜਿਸ ਨਾਲ 20 ਫਰਵਰੀ 1921 ਨੂੰ ਮਹੰਤ ਨਰੈਣੂ ਨੇ ਭਾਈ ਲਛਮਣ ਸਿੰਘ ਨੂੰ ਜਿਉਂਦੇ ਜੀਅ ਪੁੱਠਾ ਲਟਕਾ ਕੇ ਸ਼ਹੀਦ ਕੀਤਾ ਗਿਆ ਸੀ। ਬਾਅਦ ਵਿਚ 21 ਫਰਵਰੀ

1931 ਨੂੰ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਇਹ ਯਾਦਗਾਰ ਬਣਾਈ ਗਈ। ਇਸ ਘਟਨਾ ਤਹਿਤ ਹੀ ਭਾਈ ਦਲੀਪ ਸਿੰਘ ਤੇ ਭਾਈ ਵਰਿਆਮ ਸਿੰਘ ਨੂੰ ਜਿਉਂਦੇ ਭੱਠੇ ਵਿੱਚ ਸੁੱਟ ਦਿੱਤਾ ਗਿਆ ਸੀ। ਇਸ ਤੋਂ ਬਾਅਦ ਸਾਡੀ ਭੁੱਖ ਚਮਕ ਪਈ ਤੇ ਅਸੀਂ ਸਾਰੇ ਲੰਗਰ ਛਕਣ ਚਲੇ ਗਏ। ਗੁਰਦੁਆਰਾ ਜਨਮ ਅਸਥਾਨ ਵਿਚ ਸੰਗਤਾਂ ਵਾਸਤੇ ਕਈ ਲੰਗਰ ਚੱਲਦੇ ਹਨ ਜਿਨ੍ਹਾਂ ਵਿਚ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ, ਬਾਬਾ ਜਗਤਾਰ ਸਿੰਘ ਜੀ ਕਾਰਸੇਵਾ ਤਰਨਤਾਰਨ, ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ, ਭਾਈ ਜੋਗਾ ਸਿੰਘ ਜੀ ਪਿਸ਼ਾਵਰ, ਸਿੰਧੀ ਸਿੱਖਾਂ ਅਤੇ ਅਮਰੀਕਾ, ਕੈਨੇਡਾ ਦੀ ਸਮੁੱਚੀ ਸਾਧ ਸੰਗਤ ਵੱਲੋਂ ਲਗਾਏ ਗਏ ਸਨ। ਇਨ੍ਹਾਂ ਤੋਂ ਇਲਾਵਾ ਸਮੇਂ-ਸਮੇਂ ਤੇ ਕੁਝ ਹੋਰ ਜਥੇਬੰਦੀਆਂ ਵਲੋਂ ਵੀ ਸੰਗਤਾਂ ਵਿਚ ਚਾਹ ਪਾਣੀ ਤੇ ਲੰਗਰ ਪ੍ਰਸਾਦਿ ਵਰਤਾਇਆ ਜਾਂਦਾ ਹੈ। ਇਹ ਲੰਗਰ ਸੰਗਤਾਂ ਵਾਸਤੇ ਚੌਵੀ ਘੰਟੇ ਖੁੱਲ੍ਹੇ ਰਹਿੰਦੇ ਹਨ। ਲੰਗਰ ਵਿੱਚ ਬਣੀਆਂ ਵਸਤੂਆਂ ਮਟਰ, ਪਨੀਰ, ਕੜ੍ਹੀ ਚੌਲ, ਦਾਲ ਰੋਟੀ, ਪਕੌੜੇ, ਜਲੇਬੀਆਂ, ਬਦਾਮਾਂ ਵਾਲਾ ਦੁੱਧ, ਪ੍ਰਸ਼ਾਦਿ, ਸੇਬ, ਕੇਲੇ ਤੇ ਹੋਰ ਕਈ ਪ੍ਰਕਾਰ ਦੀਆਂ ਵਸਤੂਆਂ ਨੂੰ ਯਾਤਰੀ ਬੜੇ ਪ੍ਰਸੰਨ ਹੋ ਕੇ ਚਾਵਾਂ ਨਾਲ ਛਕਦੇ ਹਨ। ਇਥੇ ਮੈਂ ਇਹ ਵੀ ਜ਼ਰੂਰ ਦੱਸ ਦੇਵਾਂ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪੰਜਾਬ ਵੱਲੋਂ ਉਧਰ ਕੋਈ ਵੀ ਲੰਗਰ ਦਾ ਪ੍ਰਬੰਧ ਨਹੀਂ ਕੀਤਾ ਜਾਂਦਾ। ਇੱਥੋਂ ਤਕ ਕਿ ਆਪਣੇ ਅਟਾਰੀ ਸਟੇਸ਼ਨ 'ਤੇ ਵੀ ਨਹੀਂ ਜਦੋਂ ਕਿ ਫਰਜ਼ ਤਾਂ ਇਨ੍ਹਾਂ ਦਾ ਵੀ ਬਣਦਾ ਹੈ ਕਿ ਇਹ ਵੀ ਸੰਗਤਾਂ ਦੀ ਸਹੂਲਤਾਂ ਵਾਸਤੇ ਕੁਝ ਕਰਨ, ਪਰ ਗੱਲ ਇਹ ਹੈ ਕਿ 1904 ਈ: ਤੋਂ ਗੁਰਦੁਆਰਿਆਂ ਦਾ ਸਾਰਾ ਪ੍ਰਬੰਧ ਪਾਕਿਸਤਾਨ ਦੀ ਕਮੇਟੀ ਨੇ ਆਪਣੇ ਹੱਥਾਂ ਵਿੱਚ ਲਿਆ ਹੈ। ਉਸ ਤੋਂ ਪਹਿਲਾਂ ਇਹ ਪ੍ਰਬੰਧ ਪੰਜਾਬ ਦੀ ਕਮੇਟੀ ਕੋਲ ਹੁੰਦਾ ਸੀ। ਅੱਜ 16 ਨਵੰਬਰ ਸੀ ਤੇ ਅੱਜ ਜਥੇ ਦੀਆਂ ਸਾਰੀਆਂ ਸੰਗਤਾਂ ਨੂੰ ਗੁਰਦੁਆਰਾ ਸੱਚਾ ਸੌਦਾ ਲੈ ਕੇ ਜਾਣ ਦੀ ਅਨਾਊਂਸਮੈਂਟ ਸਪੀਕਰ ਰਾਹੀਂ ਹੋ ਰਹੀ ਸੀ। ਵੱਡੀਆਂ-ਵੱਡੀਆਂ ਆਲੀਸ਼ਾਨ ਬੱਸਾਂ ਗੁਰਦੁਆਰੇ ਦੇ ਮੇਨ ਗੇਟ ਮੂਹਰੇ ਲਾਈਨਵਾਰ ਆਣ ਖੜ੍ਹੀਆਂ ਸਨ। ਸੰਗਤਾਂ ਉਨ੍ਹਾਂ ਵਿੱਚ ਬੈਠ ਰਹੀਆਂ ਸਨ। ਸਭ ਸੰਗਤਾਂ ਨੂੰ ਬਿਠਾ ਕੇ ਇਕੱਠੀਆਂ ਤੋਰ ਦਿੱਤਾ ਗਿਆ। ਪੁਲਿਸ ਫੋਰਸ ਨਾਲ-ਨਾਲ ਚੱਲ ਰਹੀ ਸੀ। ਅਚਾਨਕ ਇਨ੍ਹਾਂ ਸਾਰੀਆਂ ਬੱਸਾਂ ਨੂੰ ਇਕ-ਡੇਢ ਕਿਲੋਮੀਟਰ ਬਾਹਰ ਚੌਂਕ ਕੋਲ ਲਿਆ ਕੇ ਰੋਕ ਦਿੱਤਾ ਸੀ। ਬੱਸਾਂ ਰੁਕੀਆਂ ਨੂੰ ਘੰਟੇ ਤੋਂ ਵੱਧ ਸਮਾਂ ਹੋ ਗਿਆ ਸੀ। ਬਹੁਤੀਆਂ ਸੰਗਤਾਂ ਬੱਸਾਂ ਵਿਚੋਂ ਉਤਰ ਕੇ ਥੱਲੇ ਤੁਰ-ਫਿਰ ਰਹੀਆਂ ਸਨ ਜਿਨ੍ਹਾਂ ਵਿਚ ਅਸੀਂ ਵੀ ਸੀ। ਸੇਵਕ ਨੇ ਮੂੰਗਫ਼ਲੀ ਲੈ ਆਂਦੀ ਸੀ, ਬਲਜੀਤ ਸੈਕਟਰੀ ਭੁੱਜੇ ਛੋਲੇ ਲੈ ਆਇਆ ਸੀ। ਬਲਵੀਰ ਖਹਿਰਾ ਨੇ ਖੰਡ ਦੀਆਂ ਰਿਉੜੀਆਂ ਲੈ ਲਈਆਂ ਸਨ। ਮਲਕੀਤ ਸਿੰਘ, ਸਾਹਿਬ ਸਿੰਘ, ਗੁਰਚਰਨ ਚੰਨਾ, ਬਾਪੂ ਮਾਹਨ ਸਿੰਘ ਇਧਰ-ਉਧਰ ਟਹਿਲ ਰਹੇ ਸਨ। ਹਰਭਜਨ, ਜਗਦੀਸ਼ ਕੌਰ, ਬਲਵੀਰ ਲਾਟੀ, ਸੁਰਜੀਤ ਸਿੰਘ, ਜਸਵੰਤ ਸਿੰਘ ਬੱਸ ਦੇ ਵਿੱਚ ਹੀ ਬੈਠੇ ਸਨ। ਖਾਣ ਵਾਲਾ ਸਾਮਾਨ ਅਸੀਂ ਉਨ੍ਹਾਂ ਨੂੰ ਬੱਸ ਵਿੱਚ ਹੀ ਫੜ੍ਹਾ ਦਿੱਤਾ ਸੀ। ਮੈਂ, ਸੇਵਕ ਤੇ ਖਹਿਰਾ ਅਸੀਂ ਤਿੰਨ ਚਾਰ ਜਣੇ ਬੱਸਾਂ ਦੇ ਮੂਹਰੇ ਖੜ੍ਹੀ ਭਾਰੀ ਪੁਲਿਸ ਫੋਰਸ ਕੋਲ

ਚਲੇ ਗਏ। ਇੱਕ ਨੀਲੀ ਬੱਤੀ ਵਾਲੀ ਜਿਪਸੀ ਵਿਚ ਡੀ.ਐਸ.ਪੀ. ਆਪ ਬੈਠਾ ਹੋਇਆ ਸੀ। ਅਸੀਂ ਸਿੱਧੇ ਉਸ ਕੋਲ ਪਹੁੰਚ ਗਏ। "ਆਓ ਸਰਦਾਰ ਜੀ ਕੋਈ ਤਕਲੀਫ਼ ਤਾਂ ਨਹੀਂ" ਉਸ ਸਹਿਜ ਸੁਭਾਅ ਪੁੱਛਿਆ। ਮੈਂ ਕਿਹਾ ਤਕਲੀਫ਼ ਤਾਂ ਹੈ, ਸਾਰੀਆਂ ਬੱਸਾਂ ਧੁੱਪੇ ਖੜ੍ਹੀਆਂ ਹਨ, ਇੱਕ ਘੰਟਾ ਹੋ ਚਲਿਆ ਹੈ ਤੇ ਤੁਸੀਂ ਤੋਰ ਹੀ ਨਹੀਂ ਰਹੇ। "ਆਓ ਸਰਦਾਰ ਜੀ ਤੁਸੀਂ ਮੇਰੇ ਨਾਲ ਮੇਰੀ ਗੱਡੀ ਵਿਚ ਬੈਠ ਜਾਓ" ਨਿਮਰਤਾ ਨਾਲ ਬੋਲਦਿਆਂ ਉਸ ਨੇ ਕਿਹਾ ਬੱਸ ਥੋੜ੍ਹੇ ਹੀ ਚਿਰ ਦੀ ਹੋਰ ਗੱਲ ਹੈ ਅੱਗੇ ਸਾਨੂੰ ਰੋਡ ਕਲੀਅਰ ਨਹੀਂ ਮਿਲ ਰਿਹਾ। ਸਾਡੀ ਗੱਲਬਾਤ ਚੱਲ ਰਹੀ ਹੈ, ਬੱਸ ਹੁਣੇ ਤੁਹਾਨੂੰ ਰਵਾਨਾ ਕਰ ਦੇਣਾ ਹੈ। ਅਸੀਂ ਇਸ ਲਈ ਮੁਆਫ਼ੀ ਚਾਹੁੰਨੇ ਆਂ। ਮੈਂ ਸੋਚ ਰਿਹਾ ਸੀ ਬਈ ਜੇ ਅਸੀਂ ਆਪਣੇ ਪੰਜਾਬ ਵਿੱਚ ਹੁੰਦੇ ਤਾਂ ਸਾਨੂੰ ਕਿਸੇ ਨੇ ਵੀ ਡੀ.ਐਸ.ਪੀ. ਤੱਕ ਜਾਣ ਨਹੀਂ ਸੀ ਦੇਣਾ ਤੇ ਇਹ ਸਾਥੋਂ ਮੁਆਫ਼ੀਆਂ ਮੰਗ ਰਹੇ ਸਨ। ਵਾਕਿਆ ਹੀ ਜਥੇ ਨਾਲ ਗਈਆਂ ਸੰਗਤਾਂ ਦੀ ਉਧਰਲੀ ਸਰਕਾਰ ਇੱਜ਼ਤ ਬਹੁਤ ਕਰਦੀ ਹੈ। ਬਾਅਦ ਵਿਚ ਜੋ ਮਰਜ਼ੀ ਕੋਈ ਕਹੀ ਜਾਵੇ। ਖੈਰ! ਥੋੜ੍ਹੇ ਸਮੇਂ ਬਾਅਦ ਬੱਸਾਂ ਤੁਰ ਪਈਆਂ ਤੇ ਫੋਰਸ ਦੀਆਂ ਗੱਡੀਆਂ ਹੂਟਰ ਮਾਰਦੀਆਂ ਅੱਗੇ-ਪਿੱਛੇ ਭੱਜ ਰਹੀਆਂ ਸਨ। ਕੰਡਕਟਰ ਨੇ ਸਾਰਿਆਂ ਤੋਂ ਕਿਰਾਇਆ ਲੈਣਾ ਸ਼ੁਰੂ ਕਰ ਦਿੱਤਾ ਸੀ ਪਰ ਟਿਕਟਾਂ ਨਹੀਂ ਦੇ ਰਿਹਾ ਸੀ। ਪਾਕਿਸਤਾਨੀ ਕਰੰਸੀ ਮੁਤਾਬਕ ਢਾਈ ਸੌ ਰੁਪਏ ਆਉਣ-ਜਾਣ ਦੀ ਟਿਕਟ ਸੀ। ਨਨਕਾਣਾ ਸਾਹਿਬ ਤੋਂ ਗੁਰਦੁਆਰਾ ਸੱਚਾ ਸੌਦਾ 45 ਕੁ ਮਿਲੋਮੀਟਰ ਦੀ ਦੂਰੀ 'ਤੇ ਹੈ। ਮੈਂ ਬੱਸ ਦੇ ਬਾਹਰਲੇ ਪਾਸੇ ਸੀਸ਼ੇ ਵੱਲ ਬੈਠਾ ਸੀ ਤੇ ਅੱਜ ਚਿੱਟਾ ਦਿਨ ਹੋਣ ਕਰਕੇ ਬਾਹਰ ਸਭ ਕੁਝ ਸਾਫ਼ ਦਿਖਾਈ ਦੇ ਰਿਹਾ ਸੀ। ਦੂਰ-ਦੂਰ ਤੱਕ ਜ਼ਮੀਨਾਂ ਖਾਲੀ ਪਈਆਂ ਦਿਸ ਰਹੀਆਂ ਸਨ। ਵਿਚ-ਵਿਚ ਕਣਕ ਛੱਟਾ ਦੇ ਕੇ ਬੀਜੀ ਹੋਈ ਸੀ। ਗਾਜਰਾਂ, ਸ਼ਲਗਮ, ਕਮਾਦ ਤੇ ਹੋਰ ਹਰਾ ਚਾਰਾ ਵੀ ਨਜ਼ਰ ਪੈ ਰਿਹਾ ਸੀ। ਖੇਤਾਂ ਵਿਚ ਕੋਈ ਮੋਟਰ ਨਹੀਂ ਸੀ ਦਿਸ ਰਹੀ। ਮਾੜਾ-ਮੋਟਾ ਬੋਰ ਕਰਕੇ ਇੰਜਣਾਂ ਨਾਲ ਪਾਣੀ ਕੱਢਿਆ ਜਾ ਰਿਹਾ ਸੀ। ਕੋਈ ਬਹੁਤੇ ਟਰੈਕਟਰ ਖੇਤਾਂ ਵਿੱਚ ਨਹੀਂ ਮਿਲੇ। ਹਾਲੇ ਵੀ ਕਈ ਲੋਕ ਬਲਦ ਹੱਕ ਰਹੇ ਸਨ। ਬਹੁਤੀਆਂ ਜ਼ਮੀਨਾਂ ਬੰਜਰ ਹੀ ਪਈਆਂ ਸਨ। ਖੇਤਾਂ ਵਿਚ ਤਾਂ ਕੀ ਬਹੁਤੀਆਂ ਮੋਟਰ ਗੱਡੀਆਂ ਸੜਕਾਂ 'ਤੇ ਵੀ ਵੇਖਣ ਨੂੰ ਨਹੀਂ ਮਿਲੀਆਂ। ਵੈਸੇ ਜਦੋਂ ਜਥੇ ਦੀਆਂ ਬੱਸਾਂ ਲੰਘ ਰਹੀਆਂ ਹੁੰਦੀਆਂ ਹਨ ਤਾਂ ਜੀ.ਟੀ. ਰੋਡ 'ਤੇ ਚੜ੍ਹਦੀਆਂ ਲਿੰਕ ਸੜਕਾਂ ਤੇ ਹੋਰ ਰਾਹ ਬੰਦ ਕਰ ਦਿੱਤੇ ਜਾਂਦੇ ਹਨ। ਸੜਕਾਂ ਤੇ ਰਾਹਾਂ 'ਤੇ ਖੜ੍ਹੇ ਪੁਲਿਸ ਮੁਲਾਜ਼ਮ ਕਿਸੇ ਸਾਈਕਲ ਜਾਂ ਪੈਦਲ ਚੱਲਣ ਵਾਲੇ ਨੂੰ ਵੀ ਸੜਕ 'ਤੇ ਨਹੀਂ ਚੜ੍ਹਣ ਦੇਂਦੇ। ਮੈਂ ਵੇਖ ਰਿਹਾ ਸੀ ਕਿ ਰਸਤੇ ਵਿਚ ਆਏ ਪਿੰਡਾਂ ਦੇ ਹਾਲ ਕੋਈ ਬਹੁਤੇ ਵਧੀਆ ਨਹੀਂ ਸਨ। ਕੱਚੇ ਕੋਠੇ, ਕੱਚੇ ਰਾਹ, ਉਡਦੀਆਂ ਧੂੜਾਂ ਤੇ ਮਿੱਟੀ-ਘੱਟਾ ਹੀ ਸੀ। ਪਿੰਡਾਂ ਵਿਚ ਸਰਕਾਰੀ ਜਾਂ ਪ੍ਰਾਈਵੇਟ ਸਕੂਲਾਂ ਦਾ ਹਾਲ ਵੀ ਮਾੜਾ ਦਿਸ ਰਿਹਾ ਸੀ। ਬੱਚੇ ਨੰਗ-ਧੜੰਗੇ ਇਧਰ-ਉਧਰ ਭੱਜੇ ਫਿਰਦੇ ਸਨ। ਮੇਰੇ ਸਾਥੀ ਆਪਸ ਵਿਚ ਗੱਲਾਂਬਾਤਾਂ ਕਰ ਰਹੇ ਸਨ, ਪਰ ਮੈਂ ਬਾਹਰਲੇ ਨਜ਼ਾਰੇ ਜ਼ਿਆਦਾ ਤੱਕਣਾ ਚਾਹੁੰਦਾ ਸੀ ਤੇ ਉਨ੍ਹਾਂ ਦੀਆਂ ਗੱਲਾਂ ਦਾ ਘੱਟ ਹੀ ਹੁੰਗਾਰਾ ਭਰਦਾ ਸੀ। ਬਲਵੀਰ ਲਾਟੀ ਕਹਿ ਰਿਹਾ ਸੀ, "ਬੂਟੇ ਅੱਜ ਚੁੱਪ ਕਿਉਂ ਏ? " ਮੈਂ ਕਿਹਾ,

"ਬੱਸ ਐਵੇਂ ਹੀ, ਗੱਲਾਂਬਾਤਾਂ ਕਰਦਿਆਂ ਸਾਰੀਆਂ ਬੱਸਾਂ ਸਫ਼ਰ ਨੂੰ ਮੁਕਾ ਕੇ ਗੁਰਦੁਆਰਾ ਸੱਚਾ ਸੌਦਾ ਵਿਖੇ ਪਹੁੰਚ ਗਈਆਂ ਸਨ। ਇਸ ਸ਼ਹਿਰ ਦਾ ਨਵਾਂ ਨਾਮ ਫਾਰੂਕਾਬਾਦ ਹੈ। ਪਹਿਲਾਂ ਇਹ ਚੂਹੜਕਾਣੇ ਦੇ ਨਾਮ 'ਤੇ ਸੀ। ਇਹ ਗੁਰਦੁਆਰਾ ਨਨਕਾਣਾ ਸਾਹਿਬ ਤੋਂ 45 ਕਿਲੋਮੀਟਰ ਤੇ ਲਾਹੌਰ ਤੋਂ 50 ਕਿਲੋਮੀਟਰ ਹੈ। ਇਹ ਸਥਾਨ ਉਹ ਪਾਕਿ ਤੇ ਪਵਿੱਤਰ ਅਸਥਾਨ ਹੈ ਜਿੱਥੇ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਭੁੱਖੇ ਸਾਧੂਆਂ ਨੂੰ ਭੋਜਨ ਛਕਾਇਆ ਸੀ। ਜਦ ਮਹਿਤਾ ਕਾਲੂ ਜੀ ਨੇ ਆਪਣੇ ਪੁੱਤਰ ਨਾਨਕ ਨੂੰ ਵੀਹ ਰੁਪਏ ਦੇ ਕੇ ਕੋਈ ਸੱਚਾ ਤੇ ਖਰਾ ਸੌਦਾ ਵਪਾਰ ਕਰਨ ਵਾਸਤੇ ਘਰੋਂ ਘੱਲਿਆ ਸੀ। ਉਸ ਸਮੇਂ ਗੁਰੂ ਨਾਨਕ ਜੀ ਨੇ ਆਪਣੇ ਸਾਥੀ ਮਰਦਾਨਾ ਜੀ ਨੂੰ ਵੀ ਨਾਲ ਲੈ ਲਿਆ ਸੀ ਅਤੇ ਵਪਾਰ ਕਰਨ ਵਾਸਤੇ ਘਰੋਂ ਤੁਰ ਪਏ ਸਨ। ਉਹ ਇਥੇ ਪਹੁੰਚੇ ਤਾਂ ਇਥੇ ਵਣ ਅਤੇ ਬੇਰੀ ਦੇ ਦਰੱਖ਼ਤ ਹੇਠਾਂ ਭੁੱਖੇ ਸਾਧੂਆਂ ਦਾ ਟੋਲਾ ਬੈਠਾ ਸੀ ਜੋ ਕਾਫ਼ੀ ਦਿਨਾਂ ਤੋਂ ਭੁੱਖੇ ਸਨ। ਬਾਬਾ ਜੀ ਨੇ ਆਪਣੇ ਸਾਥੀ ਮਰਦਾਨਾ ਜੀ ਨੂੰ ਕਿਹਾ ਪਿਤਾ ਜੀ ਨੇ ਆਪਾਂ ਨੂੰ ਖਰਾ ਸੌਦਾ ਕਰਨ ਵਾਸਤੇ ਕਿਹਾ ਹੈ ਤੇ ਇਸ ਤੋਂ ਵੱਧ ਕੋਈ ਖਰਾ ਸੌਦਾ ਹੋ ਹੀ ਨਹੀਂ ਸਕਦਾ ਤੇ ਉਨ੍ਹਾਂ ਨੇ ਵੀਹ ਰੁਪਏ ਦਾ ਰਾਸ਼ਨ ਪਾਣੀ ਲਿਆ ਕੇ ਭੁੱਖੇ ਸਾਧੂਆਂ ਵਿਚ ਵਰਤਾ ਦਿੱਤਾ। ਇੱਥੋਂ ਹੀ ਸਿੱਖ ਧਰਮ ਵਿਚ ਲੰਗਰ ਦੀ ਪਰੰਪਰਾ ਆਰੰਭ ਹੋਈ ਜੋ ਅੱਜ ਤੱਕ ਵੀ ਕਾਇਮ ਹੈ। ਇਥੇ ਉਹ ਵਣ ਦਾ ਦਰੱਖ਼ਤ ਤੇ ਬੇਰੀ ਦਾ ਦਰੱਖਤ ਹਾਲੇ ਜਿਉਂ ਦੇ ਤਿਉਂ ਹਨ। ਬੇਰੀ ਨੂੰ ਨਿੱਕੇ-ਨਿੱਕੇ ਹਰੇ ਬੇਰ ਲੱਗੇ ਹੋਏ ਸਨ ਤੇ ਵਣ ਦਾ ਦਰੱਖਤ ਵੀ ਹਰਿਆ-ਭਰਿਆ ਹੈ। ਇਸੇ ਜਗ੍ਹਾ 'ਤੇ ਗੁਰਦੁਆਰਾ ਸਾਹਿਬ ਮੌਜੂਦ ਹੈ। ਅੰਦਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ ਹੋਇਆ ਹੈ। ਇੱਥੇ ਸੰਗਤਾਂ ਦਾ ਇਕੱਠ ਜ਼ਿਆਦਾ ਸੀ ਤੇ ਕਮਰਾ ਛੋਟਾ ਹੋਣ ਕਰਕੇ ਭੀੜ ਜ਼ਿਆਦਾ ਪੈ ਗਈ ਸੀ। ਕਈ ਬਜ਼ੁਰਗਾਂ ਨੂੰ ਮੱਥਾ ਟੇਕਣ ਵਿਚ ਦਿੱਕਤ ਵੀ ਆਈ। ਪਰ ਜੇ ਹੌਲੀ-ਹੌਲੀ ਥੋੜ੍ਹੇ-ਥੋੜ੍ਹੇ ਕਰਕੇ ਧੀਰਜ ਨਾਲ ਮੱਥਾ ਟੇਕਿਆ ਜਾਵੇ ਤਾਂ ਵਧੀਆ ਹੈ। ਇੱਥੋਂ ਦਰਸ਼ਨ ਦੀਦਾਰੇ ਕਰਕੇ ਅਸੀਂ ਸਾਰੇ ਬਾਹਰ ਆ ਗਏ ਸੀ। ਸੰਗਤਾਂ ਲੰਗਰ ਵੱਲ ਨੂੰ ਹੋ ਤੁਰੀਆਂ ਸਨ। ਲੰਗਰ ਛਕ ਕੇ ਅਸੀਂ ਵਾਪਸ ਬਾਹਰ ਖੜ੍ਹੀਆਂ ਬੱਸਾਂ ਵੱਲ ਨੂੰ ਆ ਰਹੇ ਸੀ। ਰਸਤੇ ਵਿੱਚ ਅਮਰੂਦ ਵੇਚਣ ਵਾਲਾ ਖੜ੍ਹਾ ਸੀ। ਸੇਵਕ ਤੇ ਬਲਵੀਰ ਲਾਟੀ ਅਮਰੂਦ ਲੈ ਰਹੇ ਸਨ। ਮੈਂ ਪਿੱਛੋਂ ਜਾ ਕੇ ਸ਼ਰਾਰਤ ਨਾਲ ਲਿਫ਼ਾਫਾ ਖਿੱਚਿਆ ਤਾਂ ਅਮਰੂਦ ਡੁੱਲ੍ਹ ਗਏ। ਉਨ੍ਹਾਂ ਹਾਲੇ ਅਮਰੂਦਾਂ ਦੇ ਪੈਸੇ ਵੀ ਦੇਣੇ ਸਨ। ਮੈਨੂੰ ਕਹਿਣ ਲੱਗੇ ਲੈ ਬਈ ਹੁਣ ਅਮਰੂਦ ਤੂੰ ਹੀ ਲੈ ਤੇ ਸਾਰੇ ਪੈਸੇ ਦੇਹ ਫਿਰ ਮੈਂ ਸਾਰੇ ਪੈਸੇ ਦਿੱਤੇ ਤੇ ਅਸੀਂ ਹੱਸਦੇ-ਹੱਸਦੇ ਅਮਰੂਦ ਖਾਣ ਲੱਗੇ। ਸਵਾਰੀਆਂ ਆਪੋ-ਆਪਣੀਆਂ ਬੱਸਾਂ 'ਤੇ ਬੈਠ ਰਹੀਆਂ ਸਨ। ਬੱਸਾਂ ਵਾਲੇ ਸਵਾਰੀਆਂ ਦੀ ਗਿਣਤੀ ਕਰਕੇ ਤੋਰ ਰਹੇ ਸਨ। ਸਾਡੀ ਬੱਸ ਵਿਚਲੀ ਇਕ ਇਕੱਲੀ ਮਾਈ ਨਹੀਂ ਸੀ ਆਈ ਉਸੇ ਨੂੰ ਲੱਭਣ ਵਾਸਤੇ ਕਈ ਜਣੇ ਗਏ ਪਰ ਕਿਤੇ ਨਹੀਂ ਮਿਲੀ। ਫਿਰ ਪਤਾ ਨਹੀਂ ਆਪ ਹੀ ਕਿਧਰੋਂ ਆ ਗਈ। ਇੱਥੋਂ ਸ਼ਾਮ ਦੇ ਪੰਜ ਕੁ ਵਜੇ ਅਸੀਂ ਵਾਪਸ ਨਨਕਾਣਾ ਸਾਹਿਬ ਨੂੰ ਆ ਰਹੇ ਸੀ। ਉਸੇ ਤਰ੍ਹਾਂ ਸਾਰੀ ਸਕਿਉਰਿਟੀ ਨਾਲ ਚੱਲ ਰਹੀ ਸੀ। ਸ਼ਾਮੀ ਕਾਫੀ ਹਨੇਰੇ ਹੋਏ ਅਸੀਂ ਗੁਰਦੁਆਰਾ ਜਨਮ ਅਸਥਾਨ 'ਤੇ ਫਿਰ ਵਾਪਸ ਆ ਗਏ। ਆਉਂਦਿਆਂ ਹੀ

ਪਹਿਲਾਂ ਕਮਰੇ ਵਿਚ ਗਏ। ਬਲਵੀਰ ਖਹਿਰਾ ਸਾਡੇ ਤੋਂ ਪਿੱਛੇ ਆਉਂਦਾ ਸੀ। ਉਸ ਨੇ ਆ ਕੇ ਦੱਸਿਆ ਕਿ ਸਿੰਧੀ ਸਿੱਖਾਂ ਨੇ ਦੁੱਧ ਦਾ ਲੰਗਰ ਲਾਇਆ ਹੈ, ਪੀ ਕੇ ਆਓ। ਅਸੀਂ ਗਏ ਵਾਕਿਆ ਹੀ ਦੁੱਧ ਕਾਜੂ, ਬਦਾਮ, ਛੁਹਾਰੇ ਪਾ ਕੇ ਕਾੜ੍ਹਿਆ ਹੋਇਆ ਸੀ। ਮੈਂ ਸੋਚ ਰਿਹਾ ਸੀ ਬਈ ਮੱਝਾਂ, ਗਾਵਾਂ ਇੱਧਰ ਦਿਸਦੀਆਂ ਨਹੀਂ, ਬਸ ਭੇਡਾਂ, ਬੱਕਰੀਆਂ ਹੀ ਹਨ ਤੇ ਇਹ ਦੁੱਧ ਦਾ ਲੰਗਰ ਲਾਈ ਬੈਠੇ ਹਨ। ਪਰ ਇਹ ਸਭ ਪ੍ਰਮਾਤਮਾ ਆਪ ਮਿਹਰ ਕਰਦਾ ਹੈ। ਜਦੋਂ ਅਸੀਂ ਦੁੱਧ ਪੀ ਰਹੇ ਸੀ ਤਾਂ ਸਾਡੇ ਕੋਲ ਹੀ ਇਕ ਪੁਲਿਸ ਮੁਲਾਜ਼ਮ ਵੀ ਖੜ੍ਹਾ ਸੀ। ਮੈਂ ਦੋ ਦਿਨ ਤੋਂ ਵੇਖ ਰਿਹਾ ਸੀ ਕਿ ਪੁਲਿਸ ਵਾਲੇ ਕਿਸੇ ਵੀ ਲੰਗਰ ਵਿਚੋਂ ਲੰਗਰ ਜਾਂ ਚਾਹ ਪਾਣੀ ਨਹੀਂ ਪੀ ਰਹੇ ਸਨ। ਮੈਂ ਉਸ ਨੂੰ ਪੁੱਛ ਹੀ ਲਿਆ ਕਿ ਗੱਲ ਕੀ ਹੈ? ਉਸ ਨੇ ਕਿਹਾ, "ਸਾਡੇ ਵੱਡੇ ਅਫ਼ਸਰਾਂ ਦੀਆਂ ਸਖ਼ਤ ਹਦਾਇਤਾਂ ਹਨ ਕਿ ਕਿਤਿਓਂ ਵੀ ਕੁਝ ਨਹੀਂ ਖਾਣਾ-ਪੀਣਾ। ਇਹ ਸਿਰਫ ਤੁਹਾਡੀ ਆਓ ਭਗਤ ਵਾਸਤੇ ਹਨ ਤੇ ਸਾਨੂੰ ਤਾਂ ਸਰਕਾਰੀ ਰੋਟੀ ਆਉਂਦੀ ਹੈ। ਉਹੀ ਅਸੀਂ ਬਾਹਰ ਜਾ ਕੇ ਡਿਊਟੀ ਖਤਮ ਹੋਈ ਤੋਂ ਖਾਣੀ ਹੈ। ਅਸੀਂ ਦੁੱਧ ਪੀ ਰਹੇ ਸੀ ਨਾਲੇ ਗੱਲਾਂ ਕਰ ਰਹੇ ਸੀ। ਹੁਣ ਉਹ ਸਾਡੇ ਨਾਲ ਕਾਫੀ ਘੁਲ-ਮਿਲ ਗਿਆ ਸੀ। ਮੈਂ ਲਾਟੀ ਨੂੰ ਕਿਹਾ, "ਬਈ ਦੋ ਗਲਾਸ ਦੁੱਧ ਲੈ ਕੇ ਆ।" ਉਸ ਨੇ ਡਰਦਿਆਂ-ਡਰਦਿਆਂ ਥੋੜ੍ਹਾ ਆਸਾ-ਪਾਸਾ ਵੇਖ ਕੇ ਦੁੱਧ ਪੀ ਲਿਆ। ਏਨੇ ਨੂੰ ਸਾਡੇ ਬਾਕੀ ਸਾਥੀ ਵੀ ਸਾਡੇ ਕੋਲ ਆ ਗਏ ਤੇ ਅਸੀਂ ਗੁਰਦੁਆਰੇ ਅੰਦਰ ਕੀਰਤਨ ਸੁਣਨ ਵਾਸਤੇ ਚਲੇ ਗਏ। 17 ਨਵੰਬਰ ਦਿਨ ਐਤਵਾਰ ਨੂੰ ਅਸੀਂ ਸਵੇਰੇ ਉੱਠ ਕੇ ਇਸ਼ਨਾਨ ਪਾਣੀ ਕਰਨ ਤੋਂ ਬਾਅਦ ਚਾਹ ਦਾ ਲੰਗਰ ਛਕ ਛਕਾ ਕੇ ਆਪਣੇ ਕਮਰੇ ਵਿੱਚ ਆ ਕੇ ਤਿਆਰ ਹੋਣ ਲੱਗੇ। ਬਲਵੀਰ ਲਾਟੀ, ਕਰਨੈਲ ਸਿੰਘ (ਸਾਹਬ) ਤੇ ਬਲਵੀਰ ਖਹਿਰਾ ਆਪਣੀਆਂ ਪੱਗਾਂ ਨੂੰ ਪਾਣੀ ਨਾਲ ਅੱਧੀਆਂ ਗਿੱਲੀਆਂ ਕਰ ਰਹੇ ਸਨ, ਕਹਿੰਦੇ ਗਿੱਲੀਆਂ ਕੀਤੀਆਂ ਸੋਹਣੀਆਂ ਬੱਝਦੀਆਂ ਹਨ, ਇਕ ਪਾਸੇ ਬਲਜੀਤ ਸੈਕਟਰੀ ਸ਼ੀਸ਼ਾ ਲਈ ਖੜ੍ਹਾ ਸੀ। ਹਰਭਜਨ ਪਟਵਾਰੀ ਤਾਂ ਮੇਰੇ ਵਾਂਗੂ ਦੇਸੀ ਵਲਾਵੇਂ ਮਾਰਨ ਵਾਲਾ ਸੀ। ਮਲਕੀਤ ਸਿੰਘ ਤਾਂ ਸਿਰੋਂ ਮੋਨਾ ਸੀ ਪਰ ਸਾਫ਼ਾ ਬੰਨ੍ਹ ਲੈਂਦਾ ਸੀ। ਬਾਪੂ ਸੁਰਜੀਤ ਸਿੰਘ ਵੀ ਪੇਂਡੂ ਜੱਟ ਸੀ, ਸਿੱਧੀ ਪੱਧਰੀ ਪੱਗ ਬੰਨ੍ਹਣੀ ਪਰ ਦਾੜ੍ਹੀ ਨੂੰ ਫਿਕਸੋ ਜ਼ਰੂਰ ਲਾਉਂਦਾ ਸੀ। ਮੈਂ ਵੀ ਹਰ ਰੋਜ਼ ਉਸ ਕੋਲੋਂ ਹੀ ਲੈ ਕੇ ਫਿਕਸੋ ਲਾਉਂਦਾ ਸੀ। ਅਸੀਂ ਉਸ ਨੂੰ ਸਾਰਿਆਂ ਨੇ ਬਾਬਾ ਫਿਕਸੋ ਵਾਲਾ ਕਹਿਣਾ ਸ਼ੁਰੂ ਕਰ ਦਿੱਤਾ ਸੀ। ਸੁਭਾਅ ਦਾ ਹੱਸਮੁੱਖ ਤੇ ਖਿੜੇ ਰਹਿਣ ਵਾਲਾ ਸੀ। ਇਸੇ ਹੀ ਉਮਰ ਦਾ ਸਾਡੇ ਨਾਲ ਇਕ ਹੋਰ ਬਾਪੂ ਮਾਹਣ ਸਿੰਘ ਸੀ ਜੋ ਸ਼ੀਸ਼ੇ ਤੋਂ ਬਗੈਰ ਪੱਗ ਬੰਨ੍ਹਦਾ ਸੀ। ਉਹ ਗੁਰੂ ਘਰ ਦੀਆਂ ਕਥਾ ਕਹਾਣੀਆਂ ਬਹੁਤ ਸੁਣਾਉਂਦਾ ਸੀ। ਉਸ ਦਾ ਮੁੰਡਾ ਜਸਵੰਤ ਸਿੰਘ ਫੌਜੀ ਸੁਭਾਅ ਦਾ ਚੰਗਾ ਸੀ। ਕੋਈ ਵੱਧ-ਘੱਟ ਕਿਸੇ ਨਾਲ ਨਹੀਂ ਸੀ ਕਰਦਾ, ਫੌਜੀਆਂ ਵਾਂਗ ਪੱਗ ਬੰਨ੍ਹਦਾ ਸੀ। ਗੁਰਚਰਨ ਚੰਨਾ ਮੱਧਰੇ ਕੱਦ ਦਾ ਵੀ ਚੰਗੀ ਠੋਕ ਕੇ ਪੱਗ ਬੰਨ੍ਹ ਲੈਂਦਾ ਸੀ। ਮੈਂ ਆਪ ਕਦੇ ਪੱਗ ਤੇ ਕਦੇ ਤਿੰਨ ਕੁ ਮੀਟਰ ਸਾਫਾ ਬੰਨ੍ਹ ਲੈਂਦਾ ਸੀ। ਬਲਜੀਤ ਸੈਕਟਰੀ ਹਮੇਸ਼ਾ ਕਹਿੰਦਾ ਸੀ ਬਈ ਬੂਟੇ ਤੂੰ ਸਭ ਤੋਂ ਪਹਿਲਾਂ ਤਿਆਰ ਹੋ ਜਾਂਦਾ। ਮੈਂ ਵੀ ਕੋਈ ਟੌਹਰ ਨਹੀਂ ਸੀ ਕੱਢਦਾ ਤੇ ਬਾਕੀ ਤਾਂ ਸਾਰੇ ਸ਼ੀਸ਼ਾ ਹੀ

ਨਹੀਂ ਸੀ ਛੱਡਦੇ। ਭਾਵੇਂ ਸਾਡੇ ਕੋਲ ਦੋ ਤਿੰਨ ਸ਼ੀਸ਼ੇ ਸਨ ਪਰ ਜਿਹੜਾ ਫੜ੍ਹ ਲੈਂਦਾ ਸੀ ਮੱਥੇ ਤੋਂ ਪਰੇ ਨਹੀਂ ਸੀ ਕਰਦਾ। ਬਲਵੀਰ ਖਹਿਰਾ ਭਾਵੇਂ ਅੱਧਖੜ ਉਮਰ ਵਿਚ ਪਹੁੰਚਿਆ ਪਿਆ ਸੀ ਪਰ ਪੱਗ ਮੁੰਡਿਆਂ ਵਰਗੀ ਗੂੜੀ ਲਾਲ ਜਾਂ ਸੰਤਰੀ ਬੰਨ੍ਹਦਾ ਸੀ। ਉਹ ਤਕਰੀਬਨ ਸਾਰਾ ਸਾਮਾਨ ਆਪਣਾ ਹੀ ਰੱਖਦਾ ਸੀ। ਬਲਵੀਰ ਲਾਟੀ ਦਾ ਹਾਲੇ ਵਿਆਹ ਨਹੀਂ ਸੀ ਹੋਇਆ ਪਰ ਉਮਰ ਲੰਘਦੀ ਜਾਂਦੀ ਸੀ। ਉਸ ਨੂੰ ਅਸੀਂ ਸਾਰੇ ਮਖੌਲ ਕਰਦੇ ਸੀ। ਵਲ ਵਲੇਵੇਂ ਖਾਂਦੀ ਗੱਲ ਉਸ 'ਤੇ ਹੀ ਆ ਕੇ ਮੁੱਕਦੀ ਸੀ। ਜਗਦੀਸ਼ ਕੌਰ, ਹਰਭਜਨ ਪਟਵਾਰੀ ਦੀ ਘਰ ਦੀ ਸੇਵਾ ਬਹੁਤ ਕਰਦੀ ਸੀ। ਅਸੀਂ ਰਾਤ ਨੂੰ ਸੁੱਤੇ ਹੁੰਦੇ ਸੀ, ਉਹ ਲੰਗਰਾਂ ਵਿਚ ਭਾਂਡੇ ਮਾਂਜਦੀ ਹੁੰਦੀ ਸੀ, ਉਹ ਵੀ ਸਿੱਧ ਪੱਧਰੇ ਤੇ ਚੰਗੇ ਸੁਭਾਅ ਦੀ ਸੀ। ਕਦੇ ਕੋਈ ਉੱਚੀ ਗੱਲ ਨਹੀਂ ਸੀ ਕਰਦੀ, ਸੇਵਾ ਵੱਲ ਜ਼ਿਆਦਾ ਧਿਆਨ ਦੇਂਦੀ ਸੀ ਤੇ ਹਰਭਜਨ ਉੱਚੀ ਗੱਲ ਕਰਨ ਵਾਲਾ ਸੀ। ਬਲਵੀਰ ਲਾਟੀ ਹਰ ਰੋਜ਼ ਪੱਗ ਪਿੰਨ ਮੰਗਦਾ ਸੀ ਭਾਵੇਂ ਹਰ ਇੱਕ ਦੇ ਬੈਗ ਵਿਚ ਆਪਣਾ ਸਮਾਨ ਸੀ ਪਰ ਫਿਰ ਵੀ ਕਿਸੇ ਨਾ ਕਿਸੇ ਚੀਜ਼ ਦੀ ਲੋੜ ਹਰੇਕ ਨੂੰ ਪੈ ਜਾਂਦੀ ਸੀ। ਖੈਰ ਸਾਰੇ ਤਿਆਰ ਬਰ ਤਿਆਰ ਹੋ ਰਹੇ ਸਨ। ਅੱਜ ਨਨਕਾਣਾ ਸਾਹਿਬ ਵਿਖੇ ਨਗਰ ਕੀਰਤਨ ਨਿਕਲਣਾ ਸੀ ਅਤੇ ਅਸੀਂ ਅੱਜ ਹੀ ਦੂਜੇ ਗੁਰਧਾਮਾਂ ਦੇ ਦਰਸ਼ਨ ਦੀਦਾਰੇ ਵੀ ਕਰਨੇ ਸਨ। ਇਸ ਲਈ ਅੱਜ ਕੋਈ ਬਹੁਤੀ ਕਾਹਲ ਵੀ ਨਹੀਂ ਸੀ ਤੇ ਅਸੀਂ ਦੇਰੀ ਵੀ ਨਹੀਂ ਸੀ ਕਰਨੀ ਚਾਹੁੰਦੇ। ਅਸੀਂ ਸਾਰੇ ਤਿਆਰ ਹੋ ਕੇ ਕਮਰੇ ਨੂੰ ਜਿੰਦਰਾ ਮਾਰ ਕੇ ਉਪਰਲੀ ਮੰਜ਼ਿਲ ਤੋਂ ਥੱਲੇ ਉਤਰ ਆਏ। ਇਹ ਕਮਰਾ ਸਾਡਾ ਭਾਈ ਮਰਦਾਨਾ ਜੀ ਬਲਾਕ ਦੀ ਵਿਚਕਾਰਲੀ ਮੰਜ਼ਿਲ 'ਤੇ ਸੀ। ਭਾਈ ਮਰਦਾਨਾ ਜੀ ਬਲਾਕ ਤਿੰਨ-ਚਾਰ ਮੰਜ਼ਿਲਾਂ ਬਣਿਆ ਹੈ ਤੇ ਉਸ ਵਿਚ ਬਹੁਤ ਸਾਰੇ ਕਮਰੇ ਬਣੇ ਹਨ ਤੇ ਕਮਰਿਆਂ ਅੱਗੇ ਖੁੱਲ੍ਹੇ ਬਰਾਂਡੇ ਬਣੇ ਹੋਏ ਹਨ। ਤੜਕੇ ਅਜੇ ਮੂੰਹ ਹਨੇਰਾ ਹੀ ਸੀ। ਅਸੀਂ ਗੁਰਦੁਆਰਾ ਜਨਮ ਸਥਾਨ 'ਤੇ ਮੱਥਾ ਟੇਕਣ ਵਾਸਤੇ ਚਲੇ ਗਏ। ਮੱਥਾ ਟੇਕ ਕੇ ਸਾਰੇ ਜਣੇ ਗੁਟਕੇ ਲੈ ਕੇ ਪਾਠ ਕਰਨ ਵਾਸਤੇ ਬੈਠ ਗਏ। ਇੱਥੇ ਪੰਜਾਬੀ, ਹਿੰਦੀ, ਅੰਗਰੇਜ਼ੀ, ਉਰਦੂ ਅਤੇ ਕਈ ਹੋਰ ਭਾਸ਼ਾ ਵਿਚ ਵੀ ਗੁਟਕਾ ਸਾਹਿਬ ਮੌਜੂਦ ਸਨ। ਕਈ ਸੰਗਤਾਂ ਪੰਜਾਬੀ ਵਿਚ, ਕਈ ਹਿੰਦੀ, ਕਈ ਅੰਗਰੇਜ਼ੀ ਤੇ ਕਈ ਉਰਦੂ ਵਿੱਚ ਵੀ ਪਾਠ ਕਰ ਰਹੀਆਂ ਸਨ। ਮਨ ਨੂੰ ਬੜੀ ਸ਼ਾਂਤੀ ਮਿਲ ਰਹੀ ਸੀ। ਤੜਕੇ ਦਾ ਵੇਲਾ ਹੋਣ ਕਰਕੇ ਸੰਗਤਾਂ ਦਾ ਭਰਵਾਂ ਇਕੱਠ ਸੀ। ਇੱਥੋਂ ਉੱਠ ਕੇ ਅਸੀਂ ਸਾਰੇ ਗੁਰਦੁਆਰਾ ਸਾਹਿਬ ਤੋਂ ਬਾਹਰ ਆ ਗਏ ਤੇ ਬਾਕੀ ਰਹਿੰਦੇ ਗੁਰਧਾਮਾਂ ਦੇ ਦਰਸ਼ਨ ਦੀਦਾਰੇ ਕਰਨ ਵਾਸਤੇ ਚਲੇ ਗਏ।

✲✲✲

# ਨਨਕਾਣਾ ਸਾਹਿਬ ਵਿੱਚ ਹੋਰ ਗੁਰਧਾਮ

ਸਭ ਤੋਂ ਪਹਿਲਾਂ ਅਸੀਂ ਗੁਰਦੁਆਰਾ ਬਾਲ ਲੀਲ੍ਹਾ ਸਾਹਿਬ ਦੇ ਦਰਸ਼ਨ ਕਰਨ ਦਾ ਮਨ ਬਣਾਇਆ। ਬਾਜ਼ਾਰ ਵਿਚੋਂ ਲੰਘ ਰਹੇ ਸੀ ਤੇ ਅਸੀਂ ਸੋਚਿਆ ਕਿ ਆਪੋ-ਆਪਣੇ ਘਰੀਂ ਫੋਨ ਕਰ ਲਿਆ ਜਾਵੇ। ਐਸ.ਟੀ.ਡੀ. ਤੋਂ ਸਭ ਨੇ ਵਾਰੀ-ਵਾਰੀ ਫੋਨ ਆਪਣੇ ਘਰ ਕਰ ਦਿੱਤਾ। ਵੈਸੇ ਤਾਂ ਇਸ ਵਾਰ ਗੁਰਦੁਆਰਿਆਂ ਵਿਚ ਵੀ ਕੰਪਨੀਆਂ ਵੱਲੋਂ ਫੋਨ ਕਰਨ ਦੀ ਸਹੂਲਤ ਦਿੱਤੀ ਹੋਈ ਸੀ ਤੇ ਉਥੇ ਕਾਲ ਰੇਟ ਵੀ 15 ਰੁਪਏ ਪ੍ਰਤੀ ਮਿੰਟ ਪੈਂਦਾ ਸੀ ਤੇ ਬਾਹਰ ਐਸ.ਟੀ.ਡੀ. ਤੋਂ 20 ਰੁਪਏ ਪ੍ਰਤੀ ਮਿੰਟ ਦੇਣੇ ਪੈਂਦੇ ਸਨ। ਵੈਸੇ ਨਨਕਾਣਾ ਸਾਹਿਬ ਦੀ ਧਰਤੀ ’ਤੇ ਜਾ ਕੇ ਘਰ-ਬਾਰ, ਵਾਰ ਤਾਰੀਖ ਦਾ ਚੇਤਾ ਭੁੱਲ ਜਾਂਦਾ ਹੈ। ਕੁਝ ਯਾਦ ਨਹੀਂ ਰਹਿੰਦਾ, ਬਸ ਇੰਝ ਲੱਗਦਾ ਹੈ ਜਿਵੇਂ ਅਸੀਂ ਆਪਣੇ ਪੰਜਾਬ ਵਿਚ ਹੀ ਘੁੰਮ ਰਹੇ ਹੋਈਏ। ਬਜ਼ਾਰ ਤਕਰੀਬਨ ਸਾਰਾ ਖੁੱਲ੍ਹ ਗਿਆ ਸੀ ਤੇ ਅਸੀਂ ਤੁਰਦੇ-ਤੁਰਦੇ ਗੁਰਦੁਆਰਾ ਬਾਲ ਲੀਲ੍ਹਾ ਸਾਹਿਬ ਵਿਖੇ ਪਹੁੰਚ ਗਏ। ਗੁਰਦੁਆਰਾ ਬਾਲ ਲੀਲ੍ਹਾ ਸਾਹਿਬ ਜਨਮ ਅਸਥਾਨ (ਨਨਕਾਣਾ ਸਾਹਿਬ) ਤੋਂ ਨੇੜੇ ਹੀ ਪੈਂਦਾ ਹੈ ਤੇ ਪੈਦਲ ਹੀ ਸੰਗਤਾਂ ਜਾਂਦੀਆਂ ਹਨ। ਬਾਜ਼ਾਰ ਵਿਚ ਸੜਕਾਂ ’ਤੇ ਸਾਫ਼-ਸਫ਼ਾਈ ਕਰਕੇ ਪਾਣੀ ਛਿੜਕਿਆ ਹੋਇਆ ਸੀ। ਬਾਲ ਲੀਲ੍ਹਾ ਜਨਮ ਅਸਥਾਨ ਗੁਰਦੁਆਰਾ ਸਾਹਿਬ ਤੋਂ 225 ਮੀਟਰ ਦੀ ਵਿੱਥ ’ਤੇ ਸਥਿਤ ਹੈ ਤੇ ਇਹ ਉਹ ਪਵਿੱਤਰ ਸਥਾਨ ਹੈ ਜਿੱਥੇ ਸ੍ਰੀ ਗੁਰੂ ਨਾਨਕ ਦੇਵ ਜੀ ਛੋਟੇ ਹੁੰਦਿਆਂ ਆਪਣੇ ਹਾਣੀਆਂ ਨਾਲ ਖੇਡਦੇ ਰਹੇ ਸਨ। ਇੱਥੇ ਇਕ ਸਰੋਵਰ ਵੀ ਹੈ ਜੋ ਹੁਣ ਸੁੱਕਾ ਹੋਇਆ ਹੈ। ਇਸ ਨੂੰ ਰਾਇ ਬੁਲਾਰ ਜੀ ਨੇ ਗੁਰੂ ਨਾਨਕ ਦੇਵ ਜੀ ਦੇ ਨਾਮ ਤੇ ਖੁਦਵਾਇਆ ਸੀ। ਇਸ ਗੁਰਦੁਆਰੇ ਦੀ ਪਹਿਲੀ ਇਮਾਰਤ ਤੇ ਸਰੋਵਰ ਨੂੰ ਮਹਾਰਾਜਾ ਰਣਜੀਤ ਸਿੰਘ ਨੇ ਪੱਕਾ ਕਰਵਾਇਆ ਸੀ। ਫਿਰ ਇਸ ਦੀ ਸੇਵਾ ਬਾਬਾ ਗੁਰਬਖਸ਼ ਸਿੰਘ ਨੇ 1820-21 ਵਿਚ ਕਰਵਾਈ ਤੇ ਉਸ ਤੋਂ ਬਾਅਦ ਨਿਰਮਲੇ ਮਹੰਤਾਂ ਨੇ ਸ਼ੁਰੂ ਕੀਤੀ ਤੇ ਮੁਕੰਮਲ ਹੋਣ ਤੋਂ ਪਹਿਲਾਂ ਹੀ ਸ਼੍ਰੋਮਣੀ ਕਮੇਟੀ ਕੋਲ ਆ ਗਈ ਫਿਰ ਬਾਬਾ ਗੁਰਮੁਖ ਸਿੰਘ ਜੀ ਪਟਿਆਲੇ ਵਾਲਿਆਂ ਨੇ 1945-46 ਵਿਚ ਇਮਾਰਤ ਨੂੰ ਪੱਕਾ ਕਰਵਾਇਆ। ਵੈਸੇ ਪਾਕਿਸਤਾਨ ਵਿੱਚ ਜਿੰਨੇ ਵੀ ਗੁਰਧਾਮ ਹਨ ਉਨ੍ਹਾਂ ਵਿਚੋਂ ਬਹੁਤਿਆਂ ਦੀ ਕਾਰ ਸੇਵਾ ਮਹਾਰਾਜਾ ਰਣਜੀਤ ਸਿੰਘ ਨੇ ਆਪਣੇ ਰਾਜ ਕਾਲ ਦੌਰਾਨ ਹੀ ਕਰਵਾਈ ਸੀ। ਬਾਲ ਲੀਲ੍ਹਾ ਗੁਰਦੁਆਰੇ ਅੰਦਰ ਸੁੰਦਰ ਪਾਲਕੀ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੈ। ਕਮਰਾ ਤਾਂ ਛੋਟਾ ਹੀ ਹੈ ਪਰ ਕੰਧਾਂ ’ਤੇ ਬਾਬਾ ਨਾਨਕ ਜੀ ਨਾਲ ਸੰਬੰਧਤ ਛੋਟੇ ਹੁੰਦਿਆਂ ਦੀਆਂ ਤਸਵੀਰਾਂ ਮੌਜੂਦ ਹਨ। ਇਤਿਹਾਸ

ਮੁਤਾਬਕ ਜਦੋਂ ਸ੍ਰੀ ਗੁਰੂ ਨਾਨਕ ਦੇਵ ਜੀ ਆਪਣੇ ਘਰ ਤੋਂ ਥੋੜ੍ਹੀ ਦੂਰ ਇਸ ਜਗ੍ਹਾ ’ਤੇ ਆਪਣੇ ਹਾਣੀਆਂ, ਸਾਥੀਆਂ ਨਾਲ ਖੇਡਦੇ ਸਨ ਤਾਂ ਉਹ ਮਿੱਟੀ ਦੇ ਲੱਡੂ ਵੱਟ-ਵੱਟ ਦੇਂਦੇ ਸਨ ਤੇ ਉਹ ਮਿੱਟੀ ਦੇ ਲੱਡੂ ਸੱਚਮੁੱਚ ਅਸਲੀ ਲੱਡੂ ਬਣ ਜਾਂਦੇ ਸਨ ਤੇ ਛੋਟੇ ਬਾਲ, ਨਾਨਕ ਜੀ ਦਾ ਜੱਸ ਗਾਉਂਦੇ ਸਨ। ਗੁਰਦੁਆਰਾ ਸਾਹਿਬ ਤੇ ਸਰੋਵਰ ਦੀ ਹਾਲਤ ਖਸਤਾ ਹੈ ਭਾਵੇਂ ਵਕਫ਼ ਬੋਰਡ ਗੁਰਦੁਆਰਿਆਂ ਦੀ ਸਾਂਭ-ਸੰਭਾਲ ਕਰਵਾ ਰਿਹਾ ਹੈ ਤੇ ਕਾਫੀ ਪੈਸਾ ਵੀ ਖਰਚਿਆ ਜਾ ਰਿਹਾ ਹੈ, ਪਰ ਹਾਲੇ ਵੀ ਬਹੁਤ ਸਾਰੀਆਂ ਘਾਟਾਂ ਹਨ। ਇੱਥੇ ਨਾਲ ਹੀ ਗੇਟ ਦੇ ਬਾਹਰ ਖਸਤਾ ਹਾਲਤ ਵਿਚ ਇਕ ਕਮਰਾ ਹੈ। ਕਹਿੰਦੇ ਹਨ ਕਿ ਇਹ ਮਰਦਾਨਾ ਜੀ ਦਾ ਘਰ ਹੈ, ਪਰ ਘਰ ਦੀ ਕੋਈ ਹੋਂਦ ਨਜ਼ਰ ਨਹੀਂ ਆਉਂਦੀ। ਇਥੇ ਸਾਨੂੰ ਇਕ ਕਿਰਪਾਨ ਤੇ ਪੂਰਾ ਬਾਣਾ ਪਾਈ ਨਨਕਾਣਾ ਸਾਹਿਬ ਦਾ ਰਹਿਣ ਵਾਲਾ ਸ਼ਰਧਾਲੂ ਮਿਲਿਆ ਜਿਸ ਨੇ ਦੱਸਿਆ ਕਿ ਮੈਂ ਜਿੰਨੀ ਕੁ ਹੋਵੇ ਸੇਵਾ ਕਰ ਜਾਂਦਾ ਤੇ ਪੈਸਾ ਕੋਈ ਨਹੀਂ ਲੈਂਦਾ। ਪੇਸ਼ੇ ਵਜੋਂ ਉਸ ਨੇ ਦੱਸਿਆ ਕਿ ਉਹ ਹਕੀਮ ਹੈ। ਸੱਪ ਦੇ ਕੱਟੇ ਦਾ ਇਲਾਜ ਕਰਦਾ ਹੈ ਤੇ ਹੋਰ ਜੜ੍ਹੀ-ਬੂਟੀਆਂ ਦਾ ਵੀ ਕੰਮ ਕਰਦਾ ਹੈ। ਉਸ ਨੇ ਦੱਸਿਆ ਕਿ ਮੇਰੇ ਰਿਸ਼ਤੇਦਾਰ ਤੁਹਾਡੇ ਪੰਜਾਬ ਜਲੰਧਰ ਵਿੱਚ ਰਹਿੰਦੇ ਹਨ ਤੇ ਅਸੀਂ ਵਿਆਹ ਸ਼ਾਦੀਆਂ ’ਤੇ ਵੀ ਆਉਂਦੇ-ਜਾਂਦੇ ਹਾਂ। ਮੇਰੇ ਪੁੱਛਣ ’ਤੇ ਉਸ ਨੇ ਕਿਹਾ ਕਿ ਨਨਕਾਣਾ ਸਾਹਿਬ ਵਿਚ ਤਿੰਨ ਸੌ ਦੇ ਕਰੀਬ ਘਰ ਸਿੱਖਾਂ ਦੇ ਹਨ। ਇੱਥੇ ਮੈਨੂੰ ਇਕ ਗੱਲ ਯਾਦ ਆ ਗਈ ਕਿ ਕਈ ਬੁੱਧੀਜੀਵੀਆਂ ਨੇ ਮੈਨੂੰ ਕਿਹਾ ਸੀ ਬਈ ਬੂਟੇ ਕਹਿੰਦੇ ਹਨ ਪਾਕਿਸਤਾਨ ਵਿਚ ਸਿੱਖਾਂ ਵਾਸਤੇ ਜਾਂ ਸਿੱਖਾਂ ਦੇ ਸਸਕਾਰ ਕਰਨ ਵਾਸਤੇ ਕੋਈ ਕਬਰਾਂ-ਮੜ੍ਹੀਆਂ ਨਹੀਂ ਹਨ ਤੇ ਮੈਂ ਇਸ ਨੂੰ ਪੁੱਛ ਹੀ ਲਿਆ ਤੇ ਉਸ ਨੇ ਕਿਹਾ ਕਿ ਨਨਕਾਣਾ ਸਾਹਿਬ ਤੇ ਹੋਰ ਕਈ ਵੱਡੇ ਸ਼ਹਿਰਾਂ ਵਿਚ ਤਾਂ ਪ੍ਰਬੰਧ ਹੈ ਪਰ ਹਰ ਪਿੰਡ ਜਾਂ ਕਸਬੇ ਵਿਚ ਇਹ ਪ੍ਰਬੰਧ ਨਹੀਂ, ਉਥੇ ਸਿੱਖਾਂ ਨੂੰ ਦੇਹ ਸਸਕਾਰ ਕਰਨ ਦੀ ਬੜੀ ਦਿੱਕਤ ਆਉਂਦੀ ਹੈ। ਫਿਰ ਮੇਰੀਆਂ ਉਹਦੇ ਨਾਲ ਕਾਫੀ ਗੱਲਾਂਬਾਤਾਂ ਹੋਈਆਂ। ਮੇਰੇ ਸਾਥੀ ਵੀ ਵਿਚੋਂ ਕਈ ਸਵਾਲ ਪੁੱਛ ਰਹੇ ਸਨ। ਮੈਂ ਕਿਹਾ ਬਈ ਤੁਸੀਂ ਸਿੱਖ ਹੋ ਤੇ ਨਨਕਾਣਾ ਸਾਹਿਬ ਵਿਚਲੇ ਮੁਸਲਮਾਨਾਂ ਨਾਲ ਕਿਵੇਂ ਵਿਚਰਦੇ ਹੋ ਤਾਂ ਉਸ ਨੇ ਕਿਹਾ ਕਿ ਵਿਆਹ ਸ਼ਾਦੀਆਂ ਵਿਚ ਅਕਸਰ ਜਾਣਾ-ਆਉਣਾ ਪੈਂਦਾ ਹੈ। ਗਲੀ-ਗੁਆਂਢ ਵੀ ਵਰਤੋਂ ਵਿਹਾਰ ਚੱਲਦਾ ਹੈ। ਪਰ ਅਸੀਂ ਵਿਆਹ ਸ਼ਾਦੀਆਂ ’ਤੇ ਮੁਸਲਮਾਨਾਂ ਘਰੋਂ ਰੋਟੀ ਨਹੀਂ ਖਾਂਦੇ, ਕਿਉਂਕਿ ਉਹਨਾਂ ਦੇ ਹਰ ਪ੍ਰੋਗਰਾਮ ਤੇ ਕੱਟੇ ਦਾ ਮੀਟ ਬਣਿਆ ਹੁੰਦਾ ਹੈ। ਬਾਕੀ ਸਾਰੇ ਸ਼ਗਨ ਵਿਹਾਰ ਕਰ ਲਈਦੇ ਹਨ। ਸਾਡੇ ਬੱਚੇ ਵੀ ਇੱਕ-ਦੂਜੇ ਨਾਲ ਖੇਡਦੇ ਰਹਿੰਦੇ ਹਨ। ਵੈਸੇ ਤਾਂ ਇਧਰ ਸਰਕਾਰੀ ਸਕੂਲਾਂ ਵਿੱਚ ਪੰਜਾਬੀ ਨਹੀਂ ਪੜ੍ਹਾਈ ਜਾਂਦੀ, ਪਰ ਨਨਕਾਣਾ ਸਾਹਿਬ ਵਿਖੇ ਇਕ ਗੁਰੂ ਨਾਨਕ ਪਬਲਿਕ ਸਕੂਲ ਹੈ ਜਿੱਥੇ ਪੰਜਾਬੀ ਪੜ੍ਹਾਈ ਜਾਂਦੀ ਹੈ। ਪਹਿਲਾ ਪੀਰੀਅਡ ਸਾਰਿਆਂ ਵਾਸਤੇ ਹੁੰਦਾ ਹੈ, ਦੂਜੇ ਵਿਚ ਇਕੱਲੀ ਪੰਜਾਬੀ ਪੜ੍ਹਾਈ ਜਾਂਦੀ ਹੈ। ਵੈਸੇ ਇੱਧਰ ਸਭ ਸਕੂਲਾਂ ਵਿੱਚ ਉਰਦੂ ਹੀ ਪੜ੍ਹਾਇਆ ਜਾਂਦਾ ਹੈ। ਗੱਲਾਂਬਾਤਾਂ ਤੋਂ ਬਾਅਦ ਉਸ ਨੇ ਘਰ ਦਾ ਪਤਾ ਵੀ ਦਿੱਤਾ। ਮੈਨੂੰ ਵੀ ਬੜਾ ਚਾਅ ਸੀ ਉਸਦੇ ਘਰ ਜਾਣ ਦਾ, ਪਰ ਕਿਸੇ ਕਾਰਨ ਅਸੀਂ ਜਾ ਨਹੀਂ ਸਕੇ। ਇਥੋਂ ਦਰਸ਼ਨ ਦੀਦਾਰੇ ਕਰਕੇ ਅਸੀਂ

ਗੁਰਦੁਆਰਾ ਪੱਟੀ ਸਾਹਿਬ ਵਿਖੇ ਚਲੇ ਗਏ। ਗੁਰਦੁਆਰਾ ਬਾਲ ਲੀਲ੍ਹਾ ਦੇ ਸਾਹਮਣੇ ਹੀ ਪੱਟੀ ਸਾਹਿਬ ਗੁਰਦੁਆਰਾ ਹੈ। ਇਥੇ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਛੋਟੀ ਉਮਰ ਵਿਚ ਪੰਡਤ ਗੋਪਾਲ ਦਾਸ ਅਤੇ ਪੰਡਤ ਬ੍ਰਿਜ ਲਾਲ ਪਾਸ ਸੰਸਕ੍ਰਿਤ ਸਿੱਖਣ ਵਾਸਤੇ ਬਿਠਾਇਆ ਗਿਆ ਸੀ। ਪਰ ਆਪ ਜੀ ਦੇ ਆਤਮਿਕ ਗਿਆਨ ਅਤੇ ਤੀਖਣ ਬੁੱਧੀ ਨੂੰ ਦੇਖਦਿਆਂ ਸੰਸਾਰੀ ਉਸਤਾਦਾਂ ਪੰਡਤਾਂ ਨੇ ਵੀ ਸੀਸ ਨਿਵਾ ਦਿੱਤਾ। ਫਿਰ ਆਪ ਜੀ ਨੂੰ ਤੇਰਾਂ ਸਾਲ ਦੀ ਉਮਰ ਵਿੱਚ ਤਲਵੰਡੀ ਰਾਇ ਭੋਇ ਦੇ ਮੌਲਾਨਾ ਕੁਤਬਦੀਨ ਪਾਸ ਅਰਬੀ ਫਾਰਸੀ ਪੜ੍ਹਨ ਬਿਠਾਇਆ ਗਿਆ ਤੇ ਇਥੇ ਹੀ ਆਪ ਜੀ ਨੇ 'ਪੱਟੀ ਲਿਖੀ' ਬਾਣੀ ਦਾ ਉਚਾਰਨ ਕੀਤਾ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਆਸਾ ਰਾਗ ਵਿਚ ਦਰਜ ਹੈ। ਇਥੇ ਵੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਸੀ ਤੇ ਇਹ ਗੁਰਦੁਆਰਾ ਵੀ ਛੋਟਾ ਜਿਹਾ ਬਣਿਆ ਹੋਇਆ ਹੈ। ਸੰਗਤਾਂ ਬੜੇ ਆਦਰ ਸਤਿਕਾਰ ਨਾਲ ਗੁਰਦੁਆਰਾ ਪੱਟੀ ਸਾਹਿਬ ਦੇ ਦਰਸ਼ਨ ਕਰਦੀਆਂ ਹਨ। ਇੱਥੇ ਸਾਨੂੰ ਸਵੇਰ ਦੇ ਸਾਢੇ ਕੁ ਅੱਠ ਵੱਜ ਗਏ ਸਨ ਤੇ ਅੱਜ ਨਗਰ ਕੀਰਤਨ ਵੀ ਨਿਕਲਣਾ ਸੀ ਸੋ ਅਸੀਂ ਉਸ ਵਿਚ ਵੀ ਸ਼ਾਮਲ ਹੋਣਾ ਸੀ। ਇਸ ਲਈ ਥੋੜ੍ਹਾ ਜਲਦੀ ਕਰ ਰਹੇ ਸੀ। ਇਸ ਤੋਂ ਅੱਗੇ ਅਸੀਂ ਕਬਰ ਰਾਇ ਬੁਲਾਰ ਜੀ ਦੇ ਦਰਸ਼ਨ ਕਰਨ ਚਲੇ ਗਏ। ਇਹ ਗੁਰਦੁਆਰਾ ਪੱਟੀ ਲਿਖੀ ਤੋਂ ਤਕਰੀਬਨ ਡੇਢ ਕੁ ਕਿਲੋਮੀਟਰ ਦੀ ਦੂਰੀ 'ਤੇ ਹੈ। ਕਾਫੀ ਚੌੜੀ ਸੜਕ 'ਤੇ ਜਾ ਕੇ ਭੁੱਲਰ ਚੌਂਕ ਭੀਖੀ ਬਾਈਪਾਸ ਆਉਂਦਾ ਹੈ। ਉਥੋਂ ਸੱਜੇ ਹੱਥ ਮੁੜ ਕੇ ਤੇ ਫਿਰ ਥੋੜ੍ਹਾ ਅੱਗੇ ਜਾ ਕੇ ਖੱਬੇ ਹੱਥ ਇਹ ਸਥਾਨ ਹੈ। ਰਾਇ ਬੁਲਾਰ ਦੀ ਕਬਰ ਮੜੀਆਂ ਵਿਚ ਬਣਾਈ ਹੋਈ ਹੈ। ਕਾਫੀ ਪੌੜੀਆਂ ਚੜ੍ਹ ਕੇ ਉੱਪਰ ਜਾਣਾ ਪੈਂਦਾ ਹੈ। ਇਥੇ ਖੜ੍ਹਾ ਮੈਂ ਮਹਿਸੂਸ ਕਰ ਰਿਹਾ ਸੀ ਕਿ ਇਸ ਕਬਰ ਸਮਾਧ ਦੇ ਦਰਸ਼ਨ ਵੀ ਹਰ ਯਾਤਰੀ ਨੂੰ ਕਰਨੇ ਚਾਹੀਦੇ ਹਨ, ਕਿਉਂਕਿ ਸਭ ਤੋਂ ਪਹਿਲਾਂ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਰੱਬ ਦਾ ਰੂਪ ਰਾਇ ਬੁਲਾਰ ਤੇ ਬੇਬੇ ਨਾਨਕੀ ਜੀ ਨੇ ਹੀ ਮੰਨਿਆ ਸੀ। ਰਾਇ ਬੁਲਾਰ ਤਲਵੰਡੀ ਰਾਇ ਭੋਇ ਦਾ ਵੱਡਾ ਹਾਕਮ ਸੀ ਤੇ ਬਾਅਦ ਵਿਚ ਉਸ ਨੇ 700 ਮੁਰੱਬਾ ਜ਼ਮੀਨ ਗੁਰਦੁਆਰਿਆਂ ਦੇ ਨਾਮ 'ਤੇ ਲਗਵਾਈ ਸੀ। ਇਥੋਂ ਦਰਸ਼ਨ ਕਰਕੇ ਅਸੀਂ ਵਾਪਸ ਮੁੜ ਪਏ। ਰਸਤੇ ਵਿਚ ਕਈ ਸਿੱਖਾਂ ਦੇ ਘਰ ਨਜ਼ਰੀਂ ਪਏ। ਕਈ ਯਾਤਰੂ ਉਨ੍ਹਾਂ ਦੇ ਘਰ ਵੀ ਠਹਿਰੇ ਹੋਏ ਸਨ। ਵਾਪਸ ਮੁੜਦਿਆਂ ਅਸੀਂ ਇਕ ਮੋਟਰਸਾਈਕਲ ਰਿਕਸ਼ੇ 'ਤੇ ਬੈਠ ਕੇ ਫੋਟੋਆਂ ਖਿਚਵਾਈਆਂ। ਇੱਥੇ ਸਾਡੇ ਪੰਜਾਬ ਵਾਂਗੂ ਸਾਈਕਲ ਰਿਕਸ਼ੇ ਨਹੀਂ ਹਨ ਤੇ ਉਨ੍ਹਾਂ ਨੇ ਮੋਟਰ ਸਾਈਕਲ ਦੇ ਮਗਰ ਰੇਹੜੀ ਜਿਹੀ ਲਗਾ ਕੇ ਮੋਟਰਸਾਈਕਲ ਰਿਕਸ਼ੇ ਬਣਾਏ ਹੋਏ ਹਨ। ਅਸਲ ਵਿਚ ਉਹ ਕਹਿੰਦੇ ਹਨ ਕਿ ਸਾਡੇ ਇੱਧਰ ਬੰਦੇ ਨੂੰ ਬੰਦਾ ਨਹੀਂ ਖਿੱਚਦਾ। ਉਹ ਇਸ ਗੱਲ ਨੂੰ ਬਹੁਤ ਮਾੜਾ ਸਮਝਦੇ ਹਨ। ਇਹ ਗੱਲ ਹੈ ਵੀ ਸੋਲਾਂ ਆਨੇ ਠੀਕ। ਸਾਡੇ ਇਧਰ ਰਿਕਸ਼ੇ 'ਤੇ ਚਾਰ-ਪੰਜ ਸਵਾਰੀਆਂ ਬੈਠ ਜਾਂਦੀਆਂ ਹਨ ਤੇ ਵਿਚਾਰਾ ਗਰੀਬ ਇਕੱਲਾ ਹੀ ਖਿੱਚ ਰਿਹਾ ਹੁੰਦਾ ਹੈ। ਰਿਕਸ਼ਾ ਚਲਾ ਰਿਹਾ ਹੁੰਦਾ ਹੈ। ਮੋਟਰਸਾਈਕਲ ਰਿਕਸ਼ੇ 'ਤੇ ਉਹ ਛੇ ਕੁ ਸਵਾਰੀਆਂ ਬਿਠਾ ਲੈਂਦੇ ਹਨ। ਦਸ ਰੁਪਏ ਪ੍ਰਤੀ ਸਵਾਰੀ ਲੈਂਦੇ ਹਨ ਜੇ ਬਹੁਤੀ ਦੂਰ ਜਾਣਾ ਹੋਵੇ ਤਾਂ ਉਸ ਮੁਤਾਬਕ ਰੇਟ ਕਰਦੇ ਹਨ। ਉਸ ਦੇ ਦੱਸਣ ਮੁਤਾਬਿਕ ਉਸਨੇ

ਕਿਹਾ ਕਿ ਪਰਿਵਾਰ ਦਾ ਗੁਜ਼ਾਰਾ ਬੜੀ ਹੀ ਮੁਸ਼ਕਲ ਨਾਲ ਚੱਲਦਾ ਹੈ। ਸਾਡੀ ਕਰੰਸੀ ਮੁਤਾਬਕ ਪੰਜਾਹ ਰੁਪਏ ਕਿਲੋ ਆਟਾ ਹੈ। ਇਕ ਸੌ ਵੀਹ ਰੁਪਏ ਪੈਟਰੋਲ ਹੈ। ਸੌ ਰੁਪਏ ਡਾਲਡਾ ਘਿਓ ਹੈ ਤੇ ਪੰਜਾਹ ਰੁਪਏ ਦੀ ਕਿਲੋ ਖੰਡ ਹੈ। ਮੇਰੇ ਪੰਜ-ਛੇ ਬੱਚੇ ਹਨ, ਦੋ ਬੀਵੀਆਂ ਹਨ, ਮਾਂ-ਬਾਪ, ਭੈਣ-ਭਾਈ ਵੀ ਹਨ ਸਭ ਮਾੜਾ ਮੋਟਾ ਕਮਾਉਂਦੇ ਹਨ, ਪਰ ਫਿਰ ਵੀ ਮਸਾਂ ਗੁਜ਼ਾਰਾ ਹੁੰਦਾ ਹੈ। ਮੈਂ ਸੋਚ ਰਿਹਾ ਸੀ ਬਈ ਇਧਰ ਤਾਂ ਸਾਡੇ ਨਾਲੋਂ ਵੀ ਮਹਿੰਗਾਈ ਜ਼ਿਆਦਾ ਹੈ। ਉਹਦੇ ਮੋਟਰਸਾਈਕਲ ਰਿਕਸ਼ੇ 'ਤੇ ਬੈਠ ਕੇ ਅਸੀਂ ਸਭ ਨੇ ਫੋਟੂਆਂ ਖਿਚਵਾਈਆਂ। ਉਹ ਕਹਿ ਰਿਹਾ ਸੀ, "ਸਰਦਾਰ ਜੀ ਜੇ ਲੋੜ ਹੋਵੇ ਕਿਤੇ ਅੱਗੇ-ਪਿੱਛੇ ਜਾਣ ਦੀ ਤਾਂ ਮੈਂ ਫਰੀ ਵੀ ਲੈ ਜਾਵਾਂਗਾ ਸਾਰਾ ਨਨਕਾਣਾ ਸਾਹਿਬ ਘੁੰਮਾ ਦਿਆਂਗਾ।" ਵਾਕਿਆ ਹੀ ਸਾਡੇ ਲੀਡਰਾਂ ਤੇ ਸਰਕਾਰਾਂ ਦੀਆਂ ਹੀ ਲੜਾਈਆਂ ਹਨ, ਆਮ ਜਨਤਾ ਵਿਚ ਤਾਂ ਇਕ-ਦੂਜੇ ਨਾਲ ਅਥਾਹ ਪਿਆਰ ਹੈ। ਉਸ ਨਾਲ ਹੱਥ ਮਿਲਾ ਕੇ ਅਸੀਂ ਵਾਪਸ ਤੁਰ ਪਏ। ਮੇਰੇ ਸਾਥੀ ਕਹਿ ਰਹੇ ਸੀ ਗੁਲਾਮੀਵਾਲਾ ਹੁਣ ਸਿੱਧੇ ਤੁਰੇ ਚੱਲੀਏ ਟਾਇਮ ਬਹੁਤ ਹੋ ਗਿਆ ਹੈ। ਹੁਣ ਰਾਹ ਵਿਚ ਹੋਰ ਨਾਲ ਨਾ ਰਿਸ਼ਤੇਦਾਰੀ ਕੱਢ ਕੇ ਬੈਠ ਜਾਵੀਂ, ਵੈਸੇ ਵੀ ਸਾਡੇ ਸਾਰਿਆਂ ਵਿਚੋਂ ਉਹ ਮੈਨੂੰ ਈ ਹਰੇਕ ਨਾਲ ਗੱਲਬਾਤ ਕਰਨ ਵਿਚ ਮੂਹਰੇ ਕਰ ਦਿੰਦੇ ਸਨ। ਮੈਂ ਕਿਹਾ ਯਾਰੋ ਇਹ ਵੇਲਾ ਰੋਜ਼-ਰੋਜ਼ ਨਹੀਂ ਆਉਣਾ। ਮੇਰਾ ਤਾਂ ਜੀਅ ਕਰਦਾ ਨਨਕਾਣਾ ਸਾਹਿਬ ਦੀ ਹਰ ਗਲੀ ਦਾ ਚੱਕਰ ਲਾ ਆਈਏ ਫਿਰ ਪਤਾ ਨਹੀਂ ਕਦੋਂ ਗੇੜਾ ਲੱਗੇ ਜਾਂ ਨਾ ਲੱਗੇ। ਇੱਥੋਂ ਚਲ ਕੇ ਅਸੀਂ ਵਾਪਸ ਫਿਰ ਗੁਰਦੁਆਰਾ ਜਨਮ ਸਥਾਨ ਪਹੁੰਚੇ। ਪਤਾ ਲੱਗਾ ਕਿ ਨਗਰ ਕੀਰਤਨ ਨੂੰ ਹਾਲੇ ਟਾਇਮ ਲੱਗਣਾ ਹੈ। ਪਹਿਲਾਂ ਕਹਿ ਰਹੇ ਸੀ ਬਈ ਨਗਰ ਕੀਰਤਨ ਗੁਰਦੁਆਰਾ ਸਾਹਿਬ ਦੇ ਵਿਚ-ਵਿਚ ਹੀ ਰਹੇਗਾ ਪਰ ਬਾਅਦ ਵਿਚ ਗੁਰਦੁਆਰਾ ਤੰਬੂ ਸਾਹਿਬ ਤੱਕ ਜਾਣ ਦੀ ਇਜਾਜ਼ਤ ਮਿਲ ਗਈ ਸੀ। ਨਗਰ ਕੀਰਤਨ ਨੂੰ ਬਾਹਰ ਤੱਕ ਲਿਆਏ ਜਾਣ 'ਤੇ ਬਹੁਤ ਸਖ਼ਤ ਫੋਰਸ ਦਾ ਇੰਤਜ਼ਾਮ ਕਰਨਾ ਪੈਂਦਾ ਹੈ। ਸੋ ਅਸੀਂ ਦੂਜੇ ਗੁਰਧਾਮਾਂ ਦੇ ਦਰਸ਼ਨ ਕਰਨ ਵਾਸਤੇ ਚੱਲ ਪਏ। ਹੁਣ ਅਸੀਂ ਬਾਜ਼ਾਰ ਵਿਚੋਂ ਲੰਘਦੇ ਹੋਏ ਗੁਰਦੁਆਰਾ ਤੰਬੂ ਸਾਹਿਬ ਵਿਚ ਪਹੁੰਚ ਗਏ ਸੀ। ਮੇਨ ਗੇਟ 'ਤੇ ਥੋੜ੍ਹੀ ਚੈਕਿੰਗ ਤੋਂ ਬਾਅਦ ਅਸੀਂ ਅੰਦਰ ਲੰਘ ਗਏ ਇਥੇ ਕੇਲਿਆਂ ਦਾ ਪ੍ਰਸ਼ਾਦ ਵਰਤਾਇਆ ਜਾ ਰਿਹਾ ਸੀ। ਗੁਰਦੁਆਰਾ ਤੰਬੂ ਸਾਹਿਬ ਉਹ ਸਥਾਨ ਹੈ ਜਿੱਥੇ ਸੱਚਾ ਸੌਦਾ ਕਰਨ ਗਏ ਸ੍ਰੀ ਗੁਰੂ ਨਾਨਕ ਦੇਵ ਜੀ ਭੁੱਖੇ ਸਾਧੂਆਂ ਨੂੰ ਭੋਜਨ ਛਕਾ ਕੇ ਵਾਪਸ ਇੱਥੇ ਆਣ ਕੇ ਬੈਠੇ ਸਨ। ਜਦ ਮਰਦਾਨਾ ਜੀ ਨੇ ਘਰ ਜਾ ਕੇ ਮਹਿਤਾ ਕਾਲੂ ਜੀ ਨੂੰ 20 ਰੁਪਏ ਦਾ ਭੁੱਖੇ ਸਾਧੂਆਂ ਨੂੰ ਰਾਸ਼ਨ ਛਕਾਉਣ ਦੀ ਗੱਲ ਦੱਸੀ ਤਾਂ ਪਿਤਾ ਜੀ ਨੇ ਗੁੱਸੇ ਵਿੱਚ ਆ ਕੇ ਇਸ ਸਥਾਨ 'ਤੇ ਇਤਿਹਾਸ ਮੁਤਾਬਕ ਬੁਰਾ ਭਲਾ ਕਿਹਾ ਤੇ ਚਪੇੜਾਂ ਵੀ ਮਾਰ ਦਿੱਤੀਆਂ। ਪਰ ਬੇਬੇ ਨਾਨਕੀ ਜੀ ਨੇ ਆਪਣੇ ਸੋਹਣੇ ਵੀਰ ਜਿਸ ਨੂੰ ਉਹ ਰੱਬ ਮੰਨਦੀ ਸੀ, ਨੂੰ ਗਲ ਨਾਲ ਲਾਇਆ ਤੇ ਘਰ ਲੈ ਕੇ ਗਈ, ਜਿਹੜੇ ਵਣਾ ਦੇ ਦਰੱਖਤ ਹੇਠਾਂ ਬਾਬਾ ਨਾਨਕ ਜੀ ਆ ਕੇ ਬੈਠੇ ਸਨ ਉਹ ਦਰੱਖਤ ਹਾਲੇ ਵੀ ਮੌਜੂਦ ਹਨ ਅਤੇ ਬਿਰਧ ਹੋ ਗਏ ਹਨ ਬਹੁਤ ਜ਼ਿਆਦਾ ਥੱਲੇ ਵੱਲ ਨੂੰ ਝੁਕੇ ਹੋਏ ਹਨ ਤੇ ਤੰਬੂ ਦੀ ਸ਼ਕਲ ਵਰਗੇ ਲੱਗਦੇ ਹਨ। ਅੱਜ ਵੀ

ਵਣਾ ਦੇ ਦਰੱਖਤਾਂ ਹੇਠੋਂ ਝੁਕ-ਝੁਕ ਕੇ ਲੰਘਣਾ ਪੈਂਦਾ ਹੈ। ਇਥੇ ਨਾਲ ਹੀ ਗੁਰਦੁਆਰਾ ਸਾਹਿਬ ਮੌਜੂਦ ਹੈ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੈ। ਇੱਥੇ ਕੀਰਤਨ ਚੱਲ ਰਿਹਾ ਸੀ। ਇਸ ਗੁਰਦੁਆਰੇ ਦੀ ਸਾਂਭ-ਸੰਭਾਲ ਦੀ ਸੇਵਾ ਅਮਰੀਕਾ ਤੇ ਕੈਨੇਡਾ ਦੀ ਸਾਧ ਸੰਗਤ ਨੇ ਲਈ ਹੋਈ ਹੈ। ਇਸ ਕਰਕੇ ਇਥੇ ਕਾਫੀ ਵੱਡਾ ਲੰਗਰ ਹਾਲ ਵੀ ਬਣਿਆ ਹੈ ਤੇ ਹੋਰ ਵੀ ਕਾਫੀ ਸੁੱਖ ਸਹੂਲਤਾਂ ਮੌਜੂਦ ਹਨ। ਅਮਰੀਕਾ ਤੇ ਕੈਨੇਡਾ ਦੀ ਸੰਗਤ ਵਲੋਂ ਅੱਖਾਂ ਦਾ ਫਰੀ ਕੈਂਪ 20, 21 ਅਤੇ 22 ਤਰੀਖ ਨੂੰ ਨਨਕਾਣਾ ਸਾਹਿਬ ਦੀ ਆਮ ਜਨਤਾ ਵਾਸਤੇ ਲਾਇਆ ਜਾਣਾ ਸੀ। ਇਥੇ ਲੰਗਰ ਛਕਦਿਆਂ ਮੈਂ ਸੋਚ ਰਿਹਾ ਸੀ ਬਈ ਦੁਨੀਆਂ ਦੇ ਬਾਲੀ ਨੂੰ ਵਣਾ ਦੇ ਦਰਖਤ ਹੇਠਾਂ ਲੁੱਕਣ ਦੀ ਕੀ ਲੋੜ ਸੀ ਪਰ ਇਹ ਤਾਂ ਉਨ੍ਹਾਂ ਨੇ ਇੱਕ ਕੌਤਕ ਵਿਖਾਉਣਾ ਸੀ। ਹੋਰ ਭਲਾ ਰੱਬ ਵੀ ਕਦੇ ਕਿਸੇ ਤੋਂ ਲੁਕਿਆ ਹੈ। ਇਥੇ ਫਲੱਸ਼ ਲੈਟਰੀਨਾਂ ਤੇ ਬਾਥਰੂਮਾਂ ਦਾ ਵਧੀਆ ਪ੍ਰਬੰਧ ਹੈ ਤੇ ਸੰਗਤਾਂ ਵਾਸਤੇ ਇਸ਼ਨਾਨ ਕਰਨ ਦੀ ਵੀ ਸਹੂਲਤ ਹੈ। ਇਸ ਤੋਂ ਬਾਅਦ ਅਸੀਂ ਗੁਰਦੁਆਰਾ ਛਾਉਣੀ ਨਿਹੰਗ ਸਿੰਘਾਂ ਤੇ ਗੁਰਦੁਆਰਾ ਪੰਜਵੀਂ, ਛੇਵੀਂ ਪਾਤਸ਼ਾਹੀ ਦੇ ਦਰਸ਼ਨ ਦੀਦਾਰੇ ਕਰਨ ਚਲੇ ਗਏ। ਜਦ ਸ੍ਰੀ ਗੁਰੂ ਅਰਜਨ ਦੇਵ ਜੀ ਗੁਰਦੁਆਰਾ ਜਨਮ ਸਥਾਨ ਦੇ ਦਰਸ਼ਨ ਕਰਨ ਆਏ ਸਨ ਤੇ ਇਸ ਜਗ੍ਹਾ 'ਤੇ ਰੁਕੇ ਸਨ। ਬਾਅਦ ਵਿਚ ਛੇਵੀਂ ਪਾਤਸ਼ਾਹੀ ਨੇ ਵੀ ਇਥੇ ਚਰਨ ਪਾਏ। ਇਸ ਜਗ੍ਹਾ 'ਤੇ ਬਸ ਛੋਟੇ-ਛੋਟੇ ਦੋ ਕਮਰੇ ਹੀ ਹਨ। ਹੋਰ ਕੋਈ ਨਿਸ਼ਾਨੀ ਨਹੀਂ ਮਿਲਦੀ। ਇਸ ਤੋਂ ਬਾਅਦ ਅਸੀਂ ਗੁਰਦੁਆਰਾ ਮਾਲ ਜੀ ਸਾਹਿਬ ਵੇਖਣ ਵਾਸਤੇ ਅੱਗੇ ਚਲੇ ਗਏ। ਗੁਰਦੁਆਰਾ ਮਾਲ ਜੀ ਸਾਹਿਬ ਨਨਕਾਣਾ ਸਾਹਿਬ ਅੰਦਰ ਕਣਕ ਮੰਡੀ ਵਿੱਚ ਸਥਿਤ ਹੈ। ਇਥੇ ਵੀ ਸੰਘਣੇ ਘਣੇ ਵਣਾਂ ਦਾ ਝੁੰਡ ਹੁੰਦਾ ਸੀ। ਇਕ ਸਮੇਂ ਗੁਰੂ ਨਾਨਕ ਦੇਵ ਜੀ ਆਪਣੀਆਂ ਮੱਝਾਂ ਨੂੰ ਚਾਰਦੇ ਹੋਏ ਇਧਰ ਆਏ ਤੇ ਮੱਝਾਂ ਨੂੰ ਖੁੱਲ੍ਹਾ ਛੱਡ ਕੇ ਆਪ ਗਰਮੀ ਤੋਂ ਬਚਣ ਲਈ ਵਣਾਂ ਦੀ ਛਾਂ ਹੇਠ ਲੰਮੇ ਪੈ ਗਏ। ਨੀਂਦ ਆ ਗਈ ਤੇ ਪਰਛਾਵੇਂ ਢਲਣ ਕਾਰਨ ਮੁੱਖ 'ਤੇ ਧੁੱਪ ਆ ਗਈ ਤੇ ਕੋਲੋਂ ਹੀ ਖੁੱਡ ਵਿੱਚੋਂ ਇਕ ਕਾਲੇ ਫਨੀਅਰ ਨਾਗ ਨੇ ਨਿਕਲ ਕੇ ਆਪਣਾ ਫਨ ਖਿਲਾਰ ਕੇ ਮੁੱਖ 'ਤੇ ਛਾਂ ਕਰ ਦਿੱਤੀ। ਜਦੋਂ ਇਹ ਕੌਤਕ ਕੋਲੋਂ ਲੰਘ ਰਹੇ ਰਾਇ ਬੁਲਾਰ ਜੀ ਨੇ ਤੱਕਿਆ ਤਾਂ ਉਹ ਆ ਕੇ ਬਾਬਾ ਜੀ ਦੇ ਪੈਰੀਂ ਪੈ ਗਿਆ। ਇਥੇ ਇਕ ਬਹੁਤ ਹੀ ਛੋਟਾ ਜਿਹਾ ਕਮਰਾ ਹੈ। ਵਣਾਂ ਦੇ ਦਰਖਤ ਇੰਨੇ ਝੁਕੇ ਹੋਏ ਹਨ ਕਿ ਸੰਗਤਾਂ ਨੂੰ ਝੁਕ-ਝੁਕ ਕੇ ਤੇ ਲੰਮੇ ਪੈ-ਪੈ ਥੱਲਿਓਂ ਦੀ ਲੰਘਣਾ ਪੈਂਦਾ ਹੈ। ਇਸ ਤੋਂ ਬਾਅਦ ਅਸੀਂ ਗੁਰਦੁਆਰਾ ਕਿਆਰਾ ਸਾਹਿਬ ਵਿਖੇ ਚਲੇ ਗਏ। ਇਹ ਸਥਾਨ ਗੁਰਦੁਆਰਾ ਜਨਮ ਅਸਥਾਨ ਤੋਂ ਦੋ ਕੁ ਕਿਲੋਮੀਟਰ ਦੀ ਦੂਰੀ 'ਤੇ ਹੈ ਤੇ ਬਾਕੀ ਸਾਰੇ ਹੀ ਗੁਰਦੁਆਰੇ ਇਸੇ ਹੀ ਇਲਾਕੇ ਵਿਚ ਹਨ ਅਤੇ ਬਹੁਤੀ ਦੂਰੀ 'ਤੇ ਨਹੀਂ। ਗੁਰਦੁਆਰਾ ਕਿਆਰਾ ਸਾਹਿਬ ਉਹ ਸਥਾਨ ਹੈ ਜਿਥੇ ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਮੱਝਾਂ ਨੇ ਇਕ ਜੱਟ ਜਿੰਮੀਂਦਾਰ ਦਾ ਸਾਰਾ ਖੇਤ ਉਜਾੜ ਦਿੱਤਾ ਸੀ। ਜਦ ਜੱਟ ਨੇ ਵੇਖਿਆ ਤਾਂ ਬੜਾ ਕਰੋਧ ਵਿੱਚ ਆਇਆ। ਹਾਕਮ ਰਾਇ ਬੁਲਾਰ ਜੀ ਨੂੰ ਜਾ ਕੇ ਦੱਸਿਆ ਤੇ ਹੋਰ ਮੋਹਤਬਰ ਬੰਦੇ ਲੈ ਕੇ ਜਦ ਖੇਤ ਵਿਖੇ ਪਹੁੰਚਿਆ ਤਾਂ ਉਹ ਖੇਤ ਅੱਗੇ ਨਾਲੋਂ ਵੀ ਵੱਧ ਹਰਿਆ-ਭਰਿਆ ਲੱਗ

ਰਿਹਾ ਸੀ ਤੇ ਜੱਟ ਸਮੇਤ ਸਾਰੇ ਸ਼ਰਮਿੰਦੇ ਹੋਏ ਮੁੜ ਆਏ ਸਨ। ਜਦੋਂ ਮੈਂ ਪਹਿਲੀ ਵਾਰ 2008 ਵਿਚ ਨਨਕਾਣਾ ਸਾਹਿਬ ਗਿਆ ਸੀ ਤਾਂ ਨਗਰ ਕੀਰਤਨ ਜਨਮ ਸਥਾਨ ਤੋਂ ਚੱਲ ਕੇ ਇਥੇ ਕਿਆਰਾ ਸਾਹਿਬ ਤੱਕ ਆਇਆ ਸੀ, ਪਰ ਇਸ ਵਾਰ ਤੰਬੂ ਸਾਹਿਬ ਤੱਕ ਹੀ ਨਿਕਲਣਾ ਸੀ। ਅਸੀਂ ਸਾਰੇ ਹੀ ਗੁਰਧਾਮਾਂ ਵਿਚ ਬੜੀ ਸ਼ਰਧਾ ਭਾਵਨਾ ਨਾਲ ਮੱਥਾ ਟੇਕ ਰਹੇ ਸੀ, ਅਰਦਾਸਾਂ ਕਰ ਰਹੇ ਸੀ। ਸਾਰੀਆਂ ਹੀ ਸੰਗਤਾਂ ਬੜੇ ਪਿਆਰ ਸਤਿਕਾਰ ਨਾਲ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਗੁਰਧਾਮਾਂ ਦੇ ਦਰਸ਼ਨ ਦੀਦਾਰੇ ਕਰ ਰਹੀਆਂ ਸਨ ਅਤੇ ਆਪੋ-ਆਪਣੀ ਸ਼ਰਧਾ ਮੁਤਾਬਕ ਮਾਇਆ ਦਾ ਮੱਥਾ ਟੇਕ ਰਹੀਆਂ ਸਨ। ਗੁਰਦੁਆਰੇ ਵਿਚ ਤੁਹਾਨੂੰ ਕੋਈ ਮਨਾਹੀ ਨਹੀਂ ਭਾਵੇਂ ਆਪਣੀ ਕਰੰਸੀ ਦਾ ਤੇ ਭਾਵੇਂ ਪਾਕਿਸਤਾਨ ਦੀ ਕਰੰਸੀ ਦਾ ਮੱਥਾ ਟੇਕੋ। ਹਾਂ ਬਾਹਰ ਦੁਕਾਨਾਂ ਵਾਲੇ ਉਧਰਲੀ ਹੀ ਕਰੰਸੀ ਲੈਂਦੇ ਹਨ, ਆਪਣੀ ਨਹੀਂ। ਕਿਆਰਾ ਸਾਹਿਬ ਜੀ ਦੇ ਦਰਸ਼ਨ ਕਰਕੇ ਅਸੀਂ ਸਾਰੇ ਸਾਥੀ ਵਾਪਸ ਮੁੜ ਪਏ ਸੀ। ਟਾਇਮ ਵੀ ਕਾਫੀ ਹੋ ਗਿਆ ਸੀ ਤੇ ਹੁਣ ਨਗਰ ਕੀਰਤਨ ਦੀ ਵੀ ਬਿਲਕੁਲ ਤਿਆਰੀ ਹੋਣੀ ਸੀ। ਜਦੋਂ ਅਸੀਂ ਵਾਪਸ ਉਸੇ ਰਸਤਿਓਂ ਲੰਘ ਰਹੇ ਸੀ ਤਾਂ ਮੈਂ ਦੇਖ ਰਿਹਾ ਸੀ ਬਈ ਪੁਲਿਸ ਫੋਰਸ ਅੱਜ ਬਹੁਤ ਜ਼ਿਆਦਾ ਲਗਾ ਦਿੱਤੀ ਸੀ। ਸ਼ਹਿਰ ਦਾ ਇਹੋ ਮੇਨ ਬਾਜ਼ਾਰ ਹੈ ਤੇ ਇਸ ਨੂੰ ਬੰਦ ਕਰਾ ਦਿੱਤਾ ਸੀ। ਗਲੀਆਂ ਦੇ ਰਸਤੇ ਤੋਂ ਕਰੇਨਾਂ ਤੇ ਬਲਡੋਜ਼ਰਾਂ ਨਾਲ ਵੱਡੇ-ਵੱਡੇ ਪੱਥਰ ਲਗਾਏ ਜਾ ਰਹੇ ਸਨ, ਬਗੈਰ ਜਥੇ ਦੇ ਸ਼ਰਧਾਲੂਆਂ ਤੋਂ ਕੋਈ ਵੀ ਹੋਰ ਬੰਦਾ ਅੱਗੇ-ਪਿੱਛੇ ਨਹੀਂ ਸੀ ਜਾ ਸਕਦਾ, ਪਰ ਜਥੇ ਦੀਆਂ ਸੰਗਤਾਂ ਬਿਨਾਂ ਕਿਸੇ ਡਰ ਦੇ ਘੁੰਮ-ਘੁੰਮਾ ਰਹੀਆਂ ਸਨ। ਸਾਡੇ ਨਾਲ ਗਏ ਨਵੇਂ ਸਾਥੀ ਜਿਹੜੇ ਪਹਿਲੀ ਵਾਰ ਪਾਕਿਸਤਾਨ ਗਏ ਸਨ ਉਨ੍ਹਾਂ ਵਿਚ ਸਾਹਬ ਸਿੰਘ, ਗੁਰਸੇਵਕ ਸਿੰਘ, ਜਸਵੰਤ ਸਿੰਘ, ਮਾਹਨ ਸਿੰਘ, ਹਰਭਜਨ ਸਿੰਘ, ਸੁਰਜੀਤ ਸਿੰਘ, ਬਲਜੀਤ ਸਿੰਘ ਪੁੱਛ ਰਹੇ ਸਨ ਕਿ ਬੂਟੇ ਇਹ ਬੜੀ ਸਖ਼ਤੀ ਕਰ ਦਿੱਤੀ ਹੈ। ਗੱਲ ਕੀ ਹੈ ਅਸੀਂ ਸਾਰੇ ਜਿਹੜੇ ਪਹਿਲਾਂ ਵੀ ਪਾਕਿਸਤਾਨ ਦੀ ਧਰਤੀ ਤੇ ਜਾ ਆਏ ਸੀ ਜਿਨ੍ਹਾਂ ਵਿਚ ਗੁਰਚਰਨ ਚੰਨਾ, ਮਲਕੀਤ ਸਿੰਘ, ਬਲਵੀਰ ਖਹਿਰਾ, ਬਲਵੀਰ ਲਾਟੀ ਉਨ੍ਹਾਂ ਨੂੰ ਕਹਿ ਰਹੇ ਸੀ ਬਈ ਆਪਣੀ ਹਿਫਾਜ਼ਤ ਵਾਸਤੇ ਇਹ ਸਭ ਕੁਝ ਹੋ ਰਿਹਾ ਹੈ। ਨਗਰ ਕੀਰਤਨ ਵਿਚ ਇਨ੍ਹਾਂ ਨੇ ਕੋਈ ਇਧਰਲਾ ਬੰਦਾ ਸ਼ਾਮਲ ਨਹੀਂ ਹੋਣ ਦੇਣਾ। ਬਈ ਆਪਣੀ ਤੇ ਜਥੇ ਦੀ ਸਾਰੀ ਜ਼ੁੰਮੇਵਾਰੀ ਪਾਕਿਸਤਾਨ ਦੀ ਹੈ ਤੇ ਇਹ ਕੋਈ ਖ਼ਤਰਾ ਮੁੱਲ ਨਹੀਂ ਲੈਣਾ ਚਾਹੁੰਦੇ ਤੇ ਪਹਲਿਾਂ ਹੀ ਸਾਰੇ ਪ੍ਰਬੰਧ ਮੁਕੰਮਲ ਕਰ ਰਹੇ ਹਨ। ਹੁਣ ਅਸੀਂ ਗੁਰਦੁਆਰਾ ਜਨਮ ਅਸਥਾਨ ਵਿਚ ਪਹੁੰਚ ਗਏ ਸੀ। ਦੁਪਹਿਰ ਦੇ ਠੀਕ ਇੱਕ ਵਜੇ ਨਗਰ ਕੀਰਤਨ ਆਰੰਭ ਹੋ ਗਿਆ ਸੀ।

✲✲✲

# ਨਨਕਾਣਾ ਸਾਹਿਬ ਵਿੱਚ ਨਗਰ ਕੀਰਤਨ

ਨਗਰ ਕੀਰਤਨ ਸ਼ੁਰੂ ਹੁੰਦਿਆਂ ਹੀ ਸਾਰੀਆਂ ਸੰਗਤਾਂ ਆਪੋ-ਆਪਣੇ ਕਮਰਿਆਂ ਵਿਚੋਂ ਬਾਹਰ ਆ ਗਈਆਂ। ਬਾਹਰ ਘੁੰਮ ਰਹੇ ਸ਼ਰਧਾਲੂ ਵੀ ਅੰਦਰ ਆ ਗਏ ਸਨ। ਗੁਰਦੁਆਰੇ ਅੰਦਰ ਸੰਗਤਾਂ ਦਾ ਹੜ੍ਹ ਜਿਹਾ ਆ ਗਿਆ ਸੀ। ਭਾਵੇਂ ਗੁਰਦੁਆਰਾ ਵੀ ਕਾਫੀ ਵੱਡਾ ਤੇ ਖੁੱਲ੍ਹਾ ਹੈ ਪਰ ਸੰਗਤਾਂ ਦਾ ਇਕੱਠ ਵੀ ਦਸ ਪੰਦਰਾਂ ਹਜ਼ਾਰ ਤੋਂ ਵੱਧ ਸੀ, ਇਸ ਕਰਕੇ ਇਉਂ ਲੱਗ ਰਿਹਾ ਸੀ ਜਿਵੇਂ ਸਾਰਾ ਪੰਜਾਬ ਇਧਰ ਹੀ ਆ ਗਿਆ ਹੋਵੇ। ਰੰਗ ਬਰੰਗੀਆਂ ਪੱਗਾਂ ਤੇ ਚੁੰਨੀਆਂ ਹੀ ਦਿਸ ਰਹੀਆਂ ਸਨ। ਇਸ ਵਿਚ ਅੱਧੇ ਨਾਲੋਂ ਵੱਧ ਸੰਗਤਾਂ ਭਾਵੇਂ ਸਿੰਧੀ ਸਿੱਖਾਂ ਦੀਆਂ ਸਨ ਤੇ ਉਹਨਾਂ ਨੇ ਵੀ ਪਟਕੇ ਬੰਨ੍ਹੇ ਹੋਏ ਸਨ ਤੇ ਸਿੰਧੀ ਸਿੱਖਣੀਆਂ ਨੇ ਵੀ ਚੁੰਨੀਆਂ ਲਈਆਂ ਹੋਈਆਂ ਸਨ। ਜਦੋਂ ਮੈਂ ਪਹਿਲੀ ਵਾਰ ਗਿਆ ਸੀ ਤਾਂ ਨਗਰ ਕੀਰਤਨ ਵਿਚ ਕਾਫੀ ਵਾਹਨ ਤੇ ਟਰੈਕਟਰ-ਟਰਾਲੀਆਂ ਵੀ ਸ਼ਾਮਲ ਕੀਤੀਆਂ ਗਈਆਂ ਸਨ, ਪਰ ਇਸ ਵਾਰ ਇਕੱਲੀ ਪਾਲਕੀ ਸਾਹਿਬ ਤੇ ਇੱਕ ਟਰੈਕਟਰ ਟਰਾਲੀ ਰਾਗੀ ਸਿੰਘਾਂ ਵਾਸਤੇ ਹੀ ਸੀ, ਬਾਕੀ ਸੰਗਤਾਂ ਪੈਦਲ ਹੀ ਚੱਲ ਰਹੀਆਂ ਸਨ। ਨਗਰ ਕੀਰਤਨ ਵਿਚ ਸ਼ਾਮਲ ਪਾਲਕੀ ਸਾਹਿਬ ਨੂੰ ਬੜੇ ਸੁੰਦਰ ਤਰੀਕੇ ਨਾਲ ਤਾਜੇ ਫੁੱਲਾਂ ਨਾਲ ਸਜਾਇਆ ਗਿਆ ਸੀ ਤੇ ਉਸ ਵਿਚ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ ਗਿਆ ਸੀ। ਪਾਲਕੀ ਸਾਹਿਬ ਜੀ ਦੇ ਮੂਹਰੇ ਪੰਜ ਪਿਆਰੇ ਚਲੇ ਰਹੇ ਸਨ ਤੇ ਗੱਤਕਾ ਪਾਰਟੀਆਂ ਆਪਣਾ ਜੌਹਰ ਦਿਖਾ ਰਹੀਆਂ ਸਨ। ਇਹ ਸਾਰਾ ਪ੍ਰਬੰਧ ਵੀ ਸਿੰਧੀ ਸਿੱਖਾਂ ਦਾ ਹੀ ਸੀ। ਉਹ ਬੜੀ ਸ਼ਰਧਾ ਭਾਵਨਾ ਨਾਲ ਸੇਵਾ ਕਰਦੇ ਹਨ। ਮੈਂ ਦੇਖ ਰਿਹਾ ਸੀ ਜਿਸ ਦਿਨ ਦੇ ਅਸੀਂ ਨਨਕਾਣਾ ਸਾਹਿਬ ਪਹੁੰਚੇ ਸੀ ਸਾਰੀ ਸੇਵਾ ਇਹੋ ਹੀ ਨਿਭਾ ਰਹੇ ਸਨ। ਇਹ ਅੱਕਦੇ ਥੱਕਦੇ ਨਹੀਂ। ਮੈਂ ਜਦੋਂ ਵੀ ਵੇਖਦਾ ਸੀ ਗੇਟ 'ਤੇ ਖੜ੍ਹ ਕੇ ਸੇਵਾ ਕਰ ਰਹੇ ਹੁੰਦੇ ਸਨ। ਮੈਂ ਤਾਂ ਇਹੋ ਕਹਾਂਗਾ ਬਈ ਇਨ੍ਹਾਂ ਵਿੱਚ ਪੰਜਾਬੀਆਂ ਨਾਲੋਂ ਵੀ ਸ਼ਰਧਾ ਜ਼ਿਆਦਾ ਹੈ ਤੇ ਇਹ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜਨਮ ਦਿਹਾੜਾ ਮੇਲੇ ਦੇ ਰੂਪ ਵਿਚ ਮਨਾਉਂਦੇ ਹਨ। ਨਗਰ ਕੀਰਤਨ ਦੇ ਅੱਗੇ ਜੋਸ਼ ਵਿਚ ਆ ਕੇ ਸ਼ਬਦ ਵੀ ਪੜ੍ਹਦੇ ਹਨ, ਜੈਕਾਰੇ ਵੀ ਲਾਉਂਦੇ ਹਨ ਤੇ ਨੱਚਦੇ, ਟੱਪਦੇ ਤੇ ਭੰਗੜਾ ਵੀ ਪਾਉਂਦੇ ਹਨ। ਨਗਰ ਕੀਰਤਨ ਦੇ ਮੂਹਰੇ ਇਨ੍ਹਾਂ ਦਾ ਜੋਸ਼ ਵੇਖਣ ਵਾਲਾ ਹੁੰਦਾ ਹੈ। ਮੈਂ ਸੇਵਕ ਤੇ ਸਾਹਬ ਤਿੰਨੇ ਜਣੇ ਇਹਨਾਂ ਦੇ ਵਿਚ ਰਲ ਗਏ ਸੀ। ਬਾਕੀ ਸਾਡੇ ਸਾਥੀ ਬਾਹਰ ਨਾਲ-ਨਾਲ ਚੱਲ ਰਹੇ ਸੀ। ਸਿੰਧੀ ਸਿੱਖਾਂ ਨੇ ਇਕ-ਦੂਜੇ ਦਾ ਹੱਥ ਫੜ ਕੇ ਦੋਵੀਂ ਪਾਸੀਂ ਲੰਬੀ ਲਾਈਨ ਬਣਾਈ ਸੀ ਤਾਂ ਕਿ ਗਤਕਾ ਪਾਰਟੀ ਖੁੱਲ੍ਹ

ਕੇ ਆਪਣਾ ਕਰਤੱਵ ਦਿਖਾ ਸਕੇ ਤੇ ਪਾਲਕੀ ਸਾਹਿਬ ਦੇ ਮੂਹਰੇ ਹੋਰ ਸ਼ਰਧਾਲੂ ਨਾ ਆ ਸਕਣ ਉਨ੍ਹਾਂ ਵਿਚ ਹੀ ਅਸੀਂ ਤਿੰਨੇ ਲੱਗੇ ਹੋਏ ਸੀ ਤੇ ਸਾਨੂੰ ਬਹੁਤ ਹੀ ਨੇੜਿਓਂ ਪਾਲਕੀ ਸਾਹਿਬ ਤੇ ਪੰਜਾਂ ਪਿਆਰਿਆਂ ਦੇ ਦਰਸ਼ਨ ਹੋ ਰਹੇ ਸਨ। ਨਗਰ ਕੀਰਤਨ ਦਰਸ਼ਨੀ ਡਿਊੜੀ ਤੋਂ ਸ਼ੁਰੂ ਹੋ ਕੇ ਹੌਲੀ-ਹੌਲੀ ਬਾਹਰ ਵੱਲ ਨੂੰ ਵਧਣ ਲੱਗਾ। ਸਿੰਧੀ ਸਿੱਖ ਤੇ ਉਨ੍ਹਾਂ ਦੀਆਂ ਔਰਤਾਂ ਸ਼ਬਦ ਪੜ੍ਹ ਰਹੀਆਂ ਸਨ। ਸਤਿਨਾਮ, ਵਾਹਿਗੁਰੂ ਦੇ ਜਾਪ ਦੀਆਂ ਧੁੰਨਾਂ ਗੂੰਜ਼ ਰਹੀਆਂ ਸਨ। ਗੱਤਕੇ ਪਾਰਟੀਆਂ ਵਿਚ ਛੋਟੇ-ਛੋਟੇ ਬੱਚਿਆਂ ਤੋਂ ਲੈ ਕੇ ਬਜ਼ੁਰਗ ਵੀ ਆਪਣੇ-ਆਪਣੇ ਜੌਹਰ ਵਿਖਾ ਰਹੇ ਸਨ। ਕਿਰਪਾਨਾਂ, ਢਾਲਾਂ, ਗੋਲ ਚਰਖੀਆਂ ਘੁੰਮਾ ਰਹੇ ਸਨ ਅਤੇ ਕਈ ਪ੍ਰਕਾਰ ਦੇ ਹੋਰ ਕਰਤੱਵ ਦਿਖਾ ਰਹੇ ਸਨ। ਸੰਗਤਾਂ ਵੀ ਬੋਲੇ ਸੋ ਨਿਹਾਲ ਸਤਿ ਸ੍ਰੀ ਅਕਾਲ ਦੇ ਜੈਕਾਰੇ ਲਾ ਰਹੀਆਂ ਸਨ। ਚੱਲਦਾ ਹੋਇਆ ਨਗਰ ਕੀਰਤਨ ਮੇਨ ਗੇਟ ਤੋਂ ਲੰਘਦਾ ਹੋਇਆ ਮੇਨ ਬਾਜ਼ਾਰ ਵਿਚ ਆ ਗਿਆ ਸੀ। ਬਾਹਰ ਪੁਲਿਸ ਵਾਲੇ ਬਹੁਤ ਵੱਡੀ ਗਿਣਤੀ ਵਿਚ ਸਨ। ਬਾਜ਼ਾਰ ਤੇ ਗਲੀਆਂ ਉਨ੍ਹਾਂ ਪਹਿਲਾਂ ਹੀ ਬੰਦ ਕਰਵਾ ਦਿੱਤੀਆਂ ਸਨ ਤੇ ਸੜਕਾਂ ਨੂੰ ਸਾਫ਼ ਕਰਕੇ ਪਾਣੀ ਛਿੜਕ ਦਿੱਤਾ ਸੀ। ਮੈਂ ਵੇਖ ਰਿਹਾ ਸੀ ਭਾਵੇਂ ਉਧਰਲੇ ਲੋਕਾਂ ਨੂੰ ਨਗਰ ਕੀਰਤਨ ਵਿੱਚ ਸ਼ਾਮਲ ਤਾਂ ਨਹੀਂ ਹੋਣ ਦਿੱਤਾ ਜਾਂਦਾ ਪਰ ਉਹ ਆਪੋ-ਆਪਣੇ ਕੋਠਿਆਂ ’ਤੇ ਚੜ੍ਹ ਕੇ ਸੰਗਤਾਂ ਨੂੰ ਵੇਖ ਰਹੇ ਸਨ, ਕੈਮਰਿਆਂ ਅਤੇ ਮੋਬਾਇਲਾਂ ਨਾਲ ਫੋਟੂਆਂ ਅਤੇ ਮੂਵੀਆਂ ਬਣਾ ਰਹੇ ਸਨ ਤੇ ਪੁਲੀਸ ਵਾਲੇ ਉਨ੍ਹਾਂ ਦੇ ਕੋਠਿਆਂ ’ਤੇ ਵੀ ਸਟੇਨਗੰਨਾਂ ਲੈ ਕੇ ਖੜ੍ਹੇ ਸਨ। ਮੇਨ ਬਾਜ਼ਾਰ ਦੀ ਸਾਰੀ ਜਨਤਾ ਤੇ ਹੋਰ ਆਸੇ-ਪਾਸੇ ਦੇ ਲੋਕ ਕੋਠਿਆਂ ਤੋਂ ਹੀ ਇਹ ਨਜ਼ਾਰਾ ਵੇਖ ਰਹੇ ਸਨ। ਪਾਕਿਸਤਾਨ ਦਾ ਸਾਰਾ ਮੀਡੀਆ ਵੀ ਆਇਆ ਹੋਇਆ ਸੀ ਤੇ ਕਈ ਚੈਨਲਾਂ ਵਾਲੇ ਲਾਈਵ ਵੀ ਕਰ ਰਹੇ ਸਨ। ਇਹ ਸਾਰਾ ਬਾਜ਼ਾਰ ਪੁਲਿਸ ਛਾਉਣੀ ਵਿਚ ਬਦਲਿਆ ਹੋਇਆ ਸੀ। ਪੁਲਿਸ ਵਾਲੇ ਪੰਜ ਛੇ ਜਣੇ ਸੋਹਣੀਆਂ ਵਰਦੀਆਂ ਪਾ ਕੇ ਪੰਜਾਂ ਪਿਆਰਿਆਂ ਤੋਂ ਅੱਗੇ-ਅੱਗੇ ਚੱਲਦੇ ਸਨ। ਨਗਰ ਕੀਰਤਨ ਦੇ ਆਸੇ-ਪਾਸੇ ਵਾਲੀ ਸੰਗਤ ਨੂੰ ਪ੍ਰਸ਼ਾਦ ਵਿਚ ਲੱਡੂ, ਬਿਸਕੁਟ, ਟੌਫੀਆਂ, ਕੇਲੇ, ਸੰਤਰੇ, ਸੇਬ ਆਦਿ ਵਰਤਾਏ ਜਾ ਰਹੇ ਸਨ। ਬੀਬੀਆਂ ਦੀਆਂ ਕੇਸਰੀ ਚੁੰਨੀਆਂ ਤੇ ਭਾਈਆਂ ਦੀਆਂ ਕੇਸਰੀ ਪੱਗਾਂ ਦਾ ਵੱਖਰਾ ਹੀ ਨਜ਼ਾਰਾ ਪੇਸ਼ ਹੋ ਰਿਹਾ ਸੀ। ਇਕ ਵਾਰ ਤਾਂ ਇਉਂ ਲੱਗਦਾ ਹੈ ਬਈ ਜਿਵੇਂ ਅਸੀਂ ਚੜ੍ਹਦੇ ਪੰਜਾਬ ਵਿੱਚ ਹੀ ਨਗਰ ਕੀਰਤਨ ਕੱਢ ਰਹੇ ਹੋਈਏ। ਹੌਲੀ-ਹੌਲੀ ਚੱਲਦਾ ਹੋਇਆ ਇਹ ਨਗਰ ਕੀਰਤਨ ਗੁਰਦੁਆਰਾ ਤੰਬੂ ਸਾਹਿਬ ਦੇ ਮੇਨ ਗੇਟ ਅੱਗੇ ਪਹੁੰਚ ਗਿਆ ਸੀ। ਬੋਲੇ ਸੌ ਨਿਹਾਲ ਦੇ ਜੈਕਾਰੇ ਲੱਗ ਰਹੇ ਸਨ। ਪਾਲਕੀ ਸਾਹਿਬ ਵਾਲੀ ਗੱਡੀ ਨੂੰ ਤਾਂ ਇਥੋਂ ਹੀ ਵਾਪਸ ਮੋੜ ਲਿਆ ਸੀ ਤੇ ਬਾਕੀ ਬਾਰੀ ਸੰਗਤ ਤੰਬੂ ਸਾਹਿਬ ਗੁਰਦੁਆਰੇ ਦੇ ਅੰਦਰ ਲੰਘ ਗਈ ਸੀ। ਅੰਦਰ ਮੇਨ ਗੇਟ ਦੇ ਨਾਲ ਲੱਡੂਆਂ ਨਾਲ ਭਰੀ ਟਰਾਲੀ ਵਿੱਚੋਂ ਲੱਡੂ ਵਰਤਾਏ ਜਾ ਰਹੇ ਸਨ, ਜਿੰਨੇ ਕੋਈ ਮਰਜ਼ੀ ਖਾਵੇ। ਮੈਂ ਪਹਿਲਾਂ ਵੀ ਜ਼ਿਕਰ ਕੀਤਾ ਹੈ ਕਿ ਗੁਰਦੁਆਰਾ ਤੰਬੂ ਸਾਹਿਬ ਜੀ ਦੀ ਸਾਂਭ-ਸੰਭਾਲ ਅਮਰੀਕਾ-ਕੈਨੇਡਾ ਦੀਆਂ ਸੰਗਤਾਂ ਦੇ ਪਾਸ ਹੈ ਸੋ ਉਨ੍ਹਾਂ ਨੇ ਲੱਡੂਆਂ ਦੀ ਟਰਾਲੀ ਭਰ ਕੇ ਲੰਗਰ ਲਾਇਆ ਸੀ। ਇਥੋਂ ਅੰਦਰ ਮੱਥਾ ਟੇਕ ਕੇ ਸਾਰੀਆਂ ਸੰਗਤਾਂ ਮੁੜ ਵਾਪਸ

ਪਾਲਕੀ ਸਾਹਿਬ ਦੇ ਨਾਲ-ਨਾਲ ਵਾਪਸ ਗੁਰਦੁਆਰਾ ਜਨਮ ਅਸਥਾਨ ਵੱਲ ਨੂੰ ਮੁੜ ਪਈਆਂ ਸਨ। ਮੈਂ ਇਥੇ ਗੇਟ 'ਤੇ ਹੀ ਖੜ੍ਹ ਗਿਆ ਸੀ, ਉਹ ਇਸ ਲਈ ਕਿ ਸਾਡੇ ਨਾਲ ਦੇ ਇਕ ਸਾਥੀ ਬਲਵੀਰ ਲਾਟੀ ਦੇ ਕੁਝ ਨਜ਼ਦੀਕੀ ਰਿਸ਼ਤੇਦਾਰ ਵੀ ਇਧਰ ਇਕ ਪਿੰਡ ਵਿਚ ਸਨ ਤੇ ਉਸ ਨੇ ਮੈਨੂੰ ਪਹਿਲਾਂ ਹੀ ਕਹਿ ਛੱਡਿਆ ਸੀ ਕਿ ਬਈ ਬੂਟੇ ਆਪਾਂ ਉਹਨਾਂ ਨੂੰ ਜ਼ਰੂਰ ਮਿਲ ਕੇ ਆਉਣਾ। ਵੈਸੇ ਅਸੀਂ ਜਦੋਂ ਵਾਪਸੀ 'ਤੇ ਲਾਹੌਰ ਆਉਣਾ ਸੀ ਤੇ ਫਿਰ ਉਹਨਾਂ ਕੋਲ ਜਾਣਾ ਸੀ ਪਰ ਉਹਨਾਂ ਦਾ ਪਿੰਡ ਨਨਕਾਣਾ ਸਾਹਿਬ ਤੋਂ ਕੁਝ ਨੇੜੇ ਪੈਂਦਾ ਸੀ। ਬਲਵੀਰ ਨੇ ਉਨ੍ਹਾਂ ਨੂੰ ਅੱਜ ਇਥੇ ਬੁਲਾ ਲਿਆ ਸੀ ਪਰ ਨਗਰ ਕੀਰਤਨ ਨਿਕਲਣ ਕਰਕੇ ਪੁਲਿਸ ਨੇ ਕੋਈ ਵੀ ਆਮ ਬੰਦਾ ਨਹੀਂ ਸੀ ਅੱਗੇ ਆਉਣ ਦਿੱਤਾ ਤੇ ਉਹ ਉਡੀਕ ਕੇ ਬਾਹਰੋਂ ਹੀ ਵਾਪਸ ਚਲੇ ਗਏ ਸਨ ਤੇ ਹੁਣ ਬਲਵੀਰ ਕਹਿ ਰਿਹਾ ਸੀ ਬਈ ਆਪਾਂ ਉਨ੍ਹਾਂ ਨੂੰ ਫੋਨ ਕਰੀਏ। ਅਸੀਂ ਐਸ.ਟੀ.ਡੀ. ਤੋਂ ਉਨ੍ਹਾਂ ਦਾ ਫੋਨ ਮਿਲਾਇਆ ਤੇ ਉਨ੍ਹਾਂ ਕਿਹਾ ਕਿ ਅਸੀਂ ਤਾਂ ਬਾਹਰ ਬਹੁਤ ਚਿਰ ਉਡੀਕਦੇ ਰਹੇ ਪੁਲਿਸ ਵਾਲਿਆਂ ਅੱਗੇ ਨਹੀਂ ਜਾਣ ਦਿੱਤਾ, ਇਕ ਮੇਰੀ ਤਬੀਅਤ ਖਰਾਬ ਸੀ ਸੋ ਹੁਣ ਅਸੀਂ ਤਾਂ ਵਾਪਸ ਚਲੇ ਗਏ ਹਾਂ ਫਿਰ ਅਸੀਂ ਕਿਹਾ ਚਲੋ ਅਸੀਂ ਲਾਹੌਰ ਵਾਪਸੀ ਤੇ ਤੁਹਾਡੇ ਕੋਲ ਆਵਾਂਗੇ। ਮੈਂ ਤੇ ਲਾਟੀ ਫੋਨ ਕਰਕੇ ਫਿਰ ਵਾਪਸ ਗੁਰਦੁਆਰਾ ਸਾਹਿਬ ਵੱਲ ਨੂੰ ਮੁੜ ਪਏ ਨਗਰ ਕੀਰਤਨ ਆਪਣੇ ਅਸਥਾਨ ਤੇ ਪਹੁੰਚ ਚੁੱਕਾ ਸੀ, ਹੁਣ ਬਜ਼ਾਰ ਵੀ ਖੁੱਲ੍ਹ ਰਿਹਾ ਸੀ ਤੇ ਗਲੀਆਂ ਦੇ ਮੂਹਰਿਓਂ ਲਗਾਏ ਹੋਏ ਪੱਥਰ ਹਟਾਏ ਜਾ ਰਹੇ ਸਨ ਤੇ ਲੋਕ ਵੀ ਕੋਠਿਆਂ ਤੋਂ ਥੱਲੇ ਆ ਗਏ ਸਨ। ਅਸੀਂ ਤੁਰਦੇ ਹੋਏ ਆਪਣੇ ਕਮਰੇ ਵਿਚ ਪਹੁੰਚ ਗਏ। ਸਾਡੇ ਸਾਰੇ ਸਾਥੀ ਕਮਰੇ ਵਿਚ ਲੰਮੇ ਪਏ ਸਨ ਤੇ ਥਕਾਵਟ ਮਹਿਸੂਸ ਕਰ ਰਹੇ ਸਨ। ਅੱਜ ਰਾਤ ਨੂੰ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਅੱਧੀ ਰਾਤ ਭੋਗ ਪੈਣੇ ਸਨ ਤੇ ਸਾਰੀ ਰਾਤ ਦੀਵਾਨ ਚੱਲਣਾ ਸੀ ਇਸ ਲਈ ਅਸੀਂ ਵੀ ਰਾਤ ਨੂੰ ਦੀਵਾਨ ਵਿਚ ਹਾਜ਼ਰ ਹੋਣ ਦਾ ਮਨ ਬਣਾ ਲਿਆ ਤੇ ਅਸੀਂ ਕਮਰੇ ਵਿਚੋਂ ਆ ਕੇ ਲੰਗਰ ਛਕਣ ਚਲੇ ਗਏ। ਲੰਗਰ ਅੱਜ ਵੀ ਉਸੇ ਤਰ੍ਹਾਂ ਚੱਲ ਰਹੇ ਸਨ। ਚਾਹ, ਪਕੌੜੇ, ਜਲੇਬੀਆਂ, ਮਠਿਆਈਆਂ ਤੇ ਹਰ ਤਰ੍ਹਾਂ ਦੇ ਪਕਵਾਨ ਵਰਤਾਏ ਜਾ ਰਹੇ ਸਨ। ਮੈਂ ਕਿਸੇ ਵੀ ਲੰਗਰ ਵਿਚ ਕੋਈ ਚੀਜ਼ ਮੁੱਕੀ ਜਾ ਖ਼ਤਮ ਹੋਈ ਨਹੀਂ ਵੇਖੀ ਪਤਾ ਨਹੀਂ ਉਹ ਮੁੱਕਣ ਤੋਂ ਪਹਿਲਾਂ ਹੀ ਹੋਰ ਤਿਆਰ ਕਰ ਲੈਂਦੇ ਹੋਣਗੇ। ਇਥੋਂ ਲੰਗਰ ਛਕ ਕੇ ਅਸੀਂ ਆਸੇ ਪਾਸੇ ਘੁੰਮ ਰਹੇ ਸੀ। ਅੱਜ ਗੁਰਦੁਆਰੇ ਦੇ ਅੰਦਰ ਵੀ ਦੁਕਾਨਾਂ ਵਾਲੇ ਦੁਕਾਨਾਂ ਲਾ ਕੇ ਬੈਠੇ ਸਨ, ਮੁਨਿਆਰੀ, ਕਿਰਪਾਨਾਂ, ਕੜੇ, ਫੋਟੂਆਂ ਤੇ ਹਰ ਪ੍ਰਕਾਰ ਦੀਆਂ ਚੀਜ਼ਾਂ ਮਿਲ ਰਹੀਆਂ ਸਨ। ਦੁਕਾਨਾਂ ਦੀਆਂ ਫੜੀਆਂ ਜਿਹੀਆਂ 'ਤੇ ਸਿੰਧੀ ਸਿੱਖਾਂ ਤੇ ਉਨ੍ਹਾਂ ਦੀਆਂ ਔਰਤਾਂ ਦੀ ਬੜੀ ਭੀੜ ਸੀ ਤੇ ਉਹ ਮੇਲੇ ਵਾਂਗੂ ਖੁੱਲ੍ਹ ਕੇ ਚੀਜ਼ਾਂ ਖਰੀਦ ਰਹੀਆਂ ਸਨ। ਪੰਜਾਬੀ ਲੋਕ ਤਾਂ ਚੀਜ਼ਾਂ ਘੱਟ ਹੀ ਖਰੀਦ ਰਹੇ ਸਨ, ਕਿਉਂਕਿ ਜਥੇ ਨਾਲ ਜਾਣ ਵਾਲੀਆਂ ਸੰਗਤਾਂ ਵਿਚ ਵਧੇਰੇ ਲੋਕ ਚਾਲੀ ਪੰਜਾਹ ਤੋਂ ਉੱਪਰ ਦੇ ਹੁੰਦੇ ਹਨ ਪਰ ਸਿੰਧੀ ਸਿੱਖਾਂ ਵਿਚ ਛੋਟੀ ਤੋਂ ਛੋਟੀ ਉਮਰ ਦੇ ਬੱਚੇ ਵੀ ਸਨ ਤੇ ਉਹ ਉਹਨਾਂ ਨੂੰ ਚੀਜ਼ਾਂ ਖਰੀਦ ਕੇ ਦੇ ਰਹੇ ਸਨ। ਅਸੀਂ ਸਾਰੇ ਸਾਥੀ ਇਧਰ-ਉਧਰ ਘੁੰਮ ਰਹੇ ਸੀ, ਕਿਉਂਕਿ ਅੱਜ ਦੀ ਰਾਤ ਹੀ ਅਸੀਂ ਇਥੇ ਠਹਿਰਣਾ ਸੀ ਤੇ ਸਵੇਰੇ

ਅਸੀਂ ਪੰਜਾ ਸਾਹਿਬ ਨੂੰ ਰਵਾਨਾ ਹੋ ਜਾਣਾ ਸੀ। ਰਾਤ ਨੂੰ ਅਸੀਂ ਵੀ ਦੀਵਾਨ ਹਾਲ ਵਿਚ ਪਹੁੰਚ ਗਏ। ਗੁਰਦੁਆਰਾ ਜਨਮ ਅਸਥਾਨ ਦੇ ਚੜ੍ਹਦੇ ਹੱਥ ਵਾਲੇ ਪਾਸੇ ਖ਼ੂਬਸੂਰਤ ਸਜਾਵਟ ਕਰਕੇ ਦੀਵਾਨ ਹਾਲ ਬਣਾਇਆ ਗਿਆ ਸੀ ਤੇ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਥੜ੍ਹੇ ਦੇ ਉੱਪਰ ਉੱਚਾ ਕਰਕੇ ਕੀਤਾ ਹੋਇਆ ਸੀ ਜੋ ਸਾਰੀ ਬੈਠੀ ਸਾਧ ਸੰਗਤ ਨੂੰ ਦਿੱਸ ਰਿਹਾ ਸੀ। ਇਹ ਦੀਵਾਨ ਹਾਲ ਪੱਕਾ ਤਾਂ ਨਹੀਂ ਸੀ ਪਰ ਟੈਂਟ ਤੇ ਚਾਨਣੀਆਂ ਲਗਾ ਕੇ ਬਣਾਇਆ ਹੋਇਆ ਸੀ। ਸਟੇਜ ਤੋਂ ਬੋਲਦਿਆਂ ਸੈਕਟਰੀ ਸਾਹਿਬ ਨੇ ਸਭ ਤੋਂ ਪਹਿਲਾਂ ਇਹੀ ਦੱਸਿਆ ਸੀ ਬਈ ਭਾਈ ਪ੍ਰੇਮ ਸਿੰਘ ਤੇ ਬਲਵੰਤ ਸਿੰਘ ਦੀ ਮਿਹਨਤ ਸਦਕਾ ਤਿੰਨ ਮਹੀਨੇ ਪਹਿਲਾਂ ਗੁਰਦੁਆਰਾ ਸਾਹਿਬ ਜੀ ਦੀ ਸਾਫ਼-ਸਫ਼ਾਈ ਆਰੰਭ ਕਰ ਦਿੱਤੀ ਜਾਂਦੀ ਹੈ। ਅਨੇਕਾਂ ਹੀ ਸ਼ਰਧਾਲੂ ਇਸ ਵਿਚ ਆਪਣਾ ਯੋਗਦਾਨ ਪਾਉਂਦੇ ਹਨ। ਸਭ ਤੋਂ ਪਹਿਲਾਂ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਆਪਣੇ ਵੱਲੋਂ ਭੇਜੇ ਹੋਏ ਰਾਗੀ ਜੱਥੇ ਨੇ ਆਪਣੇ ਰਸਭਿੰਨੇ ਕੀਰਤਨ ਨਾਲ ਸੰਗਤਾਂ ਨੂੰ ਗੁਰਬਾਣੀ ਕੀਰਤਨ ਨਾਲ ਜੋੜਿਆ। ਉਸ ਤੋਂ ਬਾਅਦ ਇਕ ਬੀਬੀ ਜੀ ਜੋ ਹਜ਼ੂਰੀ ਰਾਗੀ ਗੁਰਦੁਆਰਾ ਜਨਮ ਅਸਥਾਨ ਦੀ ਸੀ, ਨੇ ਆਪਣੀ ਹਾਜ਼ਰੀ ਲਗਵਾਈ। ਬਾਅਦ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪੰਜਾਬ ਵੱਲੋਂ ਭੇਜੇ ਹੋਏ ਰਾਗੀ ਜੱਥੇ ਕਰਨੈਲ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਨੇ ਆਪਣੀ ਹਾਜ਼ਰੀ ਲਵਾਈ। ਇਸ ਤਰ੍ਹਾਂ ਕਈ ਹੋਰ ਰਾਗੀ ਜੱਥਿਆਂ ਨੇ ਹਾਜ਼ਰੀ ਭਰੀ। ਬਾਅਦ ਵਿਚ ਬੁਲਾਰੇ ਬੁਲਾਏ ਗਏ ਜਿਨ੍ਹਾਂ ਵਿਚ ਪੰਜਾਬ ਤੋਂ ਸ਼੍ਰੋਮਣੀ ਕਮੇਟੀ ਮੈਂਬਰ ਬਲਵਿੰਦਰ ਸਿੰਘ ਵੇਈ ਪੂਈ, ਰੇਸ਼ਮ ਸਿੰਘ ਬੱਬਰ ਗਿਆਨ ਗੋਦੜੀ ਵਾਲੇ, ਯੂ.ਕੇ. ਤੋਂ ਆਏ ਅਵਤਾਰ ਸਿੰਘ ਚੰਗਿਆੜਾ ਨੇ ਵੀ ਥੋੜ੍ਹੇ ਜਿਹੇ ਗਰਮ ਖਿਆਲੀ ਸ਼ਬਦਾਂ ਨਾਲ ਸੰਗਤਾਂ ਨੂੰ ਸੰਬੋਧਨ ਕੀਤਾ, ਪਾਲ ਸਿੰਘ ਪੁਰੇਵਾਲ ਜਿਨ੍ਹਾਂ ਨੇ ਨਾਨਕਸ਼ਾਹੀ ਕਲੰਡਰ ਤਿਆਰ ਕੀਤਾ ਹੈ ਨੇ ਵੀ ਹਾਜ਼ਰੀ ਭਰੀ। ਪੰਜਾਬੀ ਸਿੱਖ ਸੰਗਤ ਦੇ ਚੇਅਰਮੈਨ ਗੋਪਾਲ ਸਿੰਘ ਚਾਵਲਾ ਨੇ ਵੀ ਸੰਬੋਧਨ ਕੀਤਾ। ਪੰਜਾਬੀ ਰੇਡੀਓ ਯੂ.ਕੇ. ਵੱਲੋਂ ਲਾਈਵ ਟੈਲੀਕਾਸਟ ਕੀਤਾ ਗਿਆ ਸੀ। ਉਹਨਾਂ ਨੇ ਇਕ ਲੱਖ ਦਾ ਚੈੱਕ ਵਕਫ਼ ਬੋਰਡ ਨੂੰ ਭੇਂਟ ਕੀਤਾ। ਐਮ.ਐਲ.ਏ. ਹਲਕਾ ਨਨਕਾਣਾ ਸਾਹਿਬ ਨੇ ਵੀ ਆਪਣਾ ਸਹਿਯੋਗ ਵਕਫ਼ ਬੋਰਡ ਨੂੰ ਦਿੱਤਾ। ਫਿਰ ਬਾਹਰਲੇ ਸੱਜਣ ਰਮੇਸ਼ ਚੰਦ ਤੋਂ ਅੰਮ੍ਰਿਤ ਛਕ ਕੇ ਬਣੇ ਰਮੇਸ਼ ਸਿੰਘ ਨੂੰ ਸਨਮਾਨਿਤ ਕੀਤਾ ਗਿਆ। ਬਾਰਾਂ ਵੱਜਣ ਵਾਲੇ ਸਨ ਤੇ ਇਸ ਸਾਰੀ ਸਮਾਪਤੀ ਤੋਂ ਬਾਅਦ ਭੋਗ ਪੈਣਾ ਸੀ। ਪਰ ਇਹਨਾਂ ਬੁਲਾਰਿਆਂ ਵਿਚੋਂ ਕਿਸੇ ਨੇ ਵੀ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਗੱਲ ਹੀ ਨਹੀਂ ਕੀਤੀ, ਚਾਹੀਦਾ ਤਾਂ ਇਹ ਸੀ ਕਿ ਅੱਜ ਦੇ ਦਿਨ ਸਿਰਫ਼ ਤੇ ਸਿਰਫ਼ ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਸੰਬੰਧਤ ਗੱਲਬਾਤ ਹੀ ਹੁੰਦੀ, ਪਰ ਬਲਵਿੰਦਰ ਸਿੰਘ ਵੇਈ ਪੂਈ ਨੇ ਉਥੇ ਆਪਣੇ ਸੰਬੋਧਨ ਵਿਚ ਪੰਜਾਬ ਦੀ ਸਿਆਸਤ ਦੀਆਂ ਗੱਲਾਂ ਤੋਰ ਲਈਆਂ, ਪਰ ਬਾਅਦ ਵਿਚ ਅਵਤਾਰ ਸਿੰਘ ਚੰਗਿਆੜਾ ਜੋ ਯੂ.ਕੇ. ਤੋਂ ਆਏ ਸਨ ਨੇ ਕਿਹਾ ਕਿ ਇਥੇ ਸਿਆਸਤ ਦੀਆਂ ਗੱਲਾਂ ਨਹੀਂ ਚਾਹੀਦੀਆਂ। ਵਾਕਿਆ ਹੀ ਸਾਰੇ ਬੁਲਾਰਿਆਂ ਨੂੰ ਅੱਜ ਦੇ ਦਿਨ ਤੇ ਧਾਰਮਿਕ ਪੱਖ ਦੀ ਹੀ ਗੱਲ ਕਰਨੀ ਚਾਹੀਦੀ ਹੈ। ਦੀਵਾਨ ਦੀ ਸਾਰੀ

ਸਮਾਪਤੀ ਤੋਂ ਬਾਅਦ ਭੋਗ ਆਰੰਭ ਕਰ ਦਿੱਤਾ ਗਿਆ, ਫਿਰ ਭੋਗ ਤੋਂ ਬਾਅਦ ਹੁਕਮਨਾਮਾ ਲੈ ਕੇ ਅਰਦਾਸ ਹੋਈ ਤੇ ਫਿਰ ਸਾਰੀ ਸਾਧ ਸੰਗਤ ਵਿਚ ਕੜਾਹ ਪ੍ਰਸਾਦ ਦੀ ਦੇਗ ਵਰਤਾਈ ਗਈ। ਟਾਈਮ ਵੀ ਦੋ-ਢਾਈ ਤੋਂ ਉੱਪਰ ਦਾ ਹੋ ਗਿਆ ਸੀ। ਅਸੀਂ ਸਾਰੇ ਕਮਰੇ ਵਿਚ ਆ ਰਹੇ ਸੀ ਕਿ ਮੈਂ ਤਾਂ ਕਿਹਾ ਬਈ ਲੰਗਰ ਚੋਂ ਇਕ ਪ੍ਰਸ਼ਾਦਾ ਛਕ ਕੇ ਚੱਲਦੇ ਹਾਂ ਨੀਂਦ ਵਾਹਵਾ ਆ ਜਾਵੇਗੀ। ਸੇਵਕ, ਮਲਕੀਤ ਤੇ ਸਾਹਬ ਵੀ ਮੰਨ ਗਿਆ ਸੀ ਸੋ ਅਸੀਂ ਲੰਗਰ ਵੱਲ ਚਲੇ ਗਏ ਤੇ ਬਾਕੀ ਸਿੱਧੇ ਕਮਰੇ ਵਿਚ ਆ ਗਏ। ਅੱਜ ਸਵੇਰੇ-ਸਵੇਰੇ ਉੱਠਣ ਦੀ ਕੋਈ ਕਾਹਲੀ ਨਹੀਂ ਸੀ ਕਿਉਂਕਿ ਅੱਜ ਸਾਰੇ ਜਥੇ ਨੇ ਪੰਜਾ ਸਾਹਿਬ ਜੀ ਵੱਲ ਰਵਾਨਾ ਹੋਣਾ ਸੀ ਤੇ ਟਰੇਨਾਂ ਦੇ ਰਵਾਨਾ ਹੋਣ ਦੀ ਅਨਾਊਂਸਮੈਂਟ ਰਾਤ ਹੀ ਕਰ ਦਿੱਤੀ ਗਈ ਸੀ। ਪਹਿਲੀ ਅੱਠ ਵਜੇ, ਦੂਜੀ ਦਸ ਵਜੇ ਤੇ ਤੀਜੀ ਇਕ ਵਜੇ ਤੁਰਨੀ ਸੀ। ਸੋ ਸਾਡੀ ਟਰੇਨ ਤੀਜੀ ਸੀ ਸੋ ਸਾਨੂੰ ਕੋਈ ਕਾਹਲ ਦੀ ਲੋੜ ਨਹੀਂ ਸੀ। ਅਜੇ ਸਵੇਰੇ-ਸਵੇਰੇ ਉੱਠੇ ਹੀ ਸੀ ਕਿ ਸਾਡੀ ਮੁਲਾਕਾਤ ਭਾਈ ਮਰਦਾਨੇ ਕਿਆਂ ਦੀ ਅਠਾਰਵੀਂ ਅੰਸ਼ ਦੇ ਨਾਲ ਹੋ ਗਈ। ਅਸਲ ਵਿੱਚ ਰਾਤ ਉਹ ਸਾਡੇ ਕਮਰੇ ਦੇ ਬਾਹਰ ਬਣੇ ਬਰਾਂਡੇ ਵਿਚ ਹੀ ਸੁੱਤੇ ਸਨ। ਇਹ ਸਨ ਨਾਇਮ ਤਾਹਿਰ, ਜਿਹੜੇ ਭਾਈ ਲਾਲ ਜੀ ਦੇ ਸਪੁੱਤਰ ਸਨ (ਭਾਈ ਲਾਲ ਜੀ ਭਾਈ ਮਰਦਾਨੇ ਦੀ ਸਤਾਰਵੀ ਵੰਸ਼ ਵਿਚੋਂ ਸਨ) ਤੇ ਉਹ ਕੀਰਤਨ ਕਰਨ ਵਿਚ ਬਹੁਤ ਹੀ ਮਸ਼ਹੂਰ ਸਨ ਤੇ ਉਹ ਆਪਣੇ ਚੜ੍ਹਦੇ ਪੰਜਾਬ ਵਿਚ ਫਿਰੋਜ਼ਪੁਰ, ਦਿੱਲੀ ਅਤੇ ਹੋਰ ਕਈ ਜਗ੍ਹਾ 'ਤੇ ਕੀਰਤਨ ਕਰਨ ਅਕਸਰ ਆਉਂਦੇ ਜਾਂਦੇ ਰਹਿੰਦੇ ਸਨ। ਭਾਈ ਲਾਲ ਜੀ ਦੇ ਬੇਟੇ ਨਾਇਮ ਤਾਹਿਰ ਜੀ ਨੇ ਦੱਸਿਆ ਕਿ ਲਾਲ ਜੀ ਦੀ ਪਿਛਲੇ ਸਾਲ ਮੌਤ ਹੋ ਚੁੱਕੀ ਹੈ ਤੇ ਹੁਣ ਉਨ੍ਹਾਂ ਦੀ ਥਾਂ ਅਸੀਂ ਕੀਰਤਨ ਦੀ ਸੇਵਾ ਨਿਭਾ ਰਹੇ ਹਾਂ। ਸਾਡੇ ਜੱਥੇ ਵਿਚ ਮੈਂ ਖ਼ੁਦ ਨਾਇਮ ਤਾਹਿਰ (ਬੇਟਾ ਭਾਈ ਲਾਲ ਜੀ) ਮੁਹੰਮਦ ਅਖ਼ਤਰ, ਮਾਮੂ ਦਾ ਮੁੰਡਾ, ਸਰਫ਼ਰਾਜ਼ ਹੁਸੈਨ ਪੋਤਰਾ ਤੇ ਮੋਸ਼ਮ ਅਲੀ ਜੋ ਰਿਸ਼ਤੇਦਾਰੀ ਵਿਚੋਂ ਹਨ, ਸੇਵਾ ਨਿਭਾਅ ਰਹੇ ਹਾਂ। ਉਨ੍ਹਾਂ ਦੱਸਿਆ ਕਿ ਹੁਣ ਸਾਡੀ ਅਠਾਰਵੀਂ ਵੰਸ਼ ਚੱਲ ਰਹੀ ਹੈ। ਉਨ੍ਹਾਂ ਗੱਲਬਾਤ ਕਰਦਿਆਂ ਭਾਵੁਕ ਹੋ ਕੇ ਕਿਹਾ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਾਡੇ ਵੱਡੇ ਵਡੇਰੇ ਭਾਈ ਮਰਦਾਨਾ ਜੀ ਨੂੰ ਹਮੇਸ਼ਾ ਆਪਣੇ ਨਾਲ ਰੱਖਿਆ, ਪਰ ਅੱਜਕੱਲ੍ਹ ਸਾਡੀ ਹਾਲਤ ਬਹੁਤ ਮਾੜੀ ਚੱਲ ਰਹੀ ਹੈ। ਹੁਣ ਸਾਨੂੰ ਇਥੇ ਨਨਕਾਣਾ ਸਾਹਿਬ ਵਿੱਚ ਤੇ ਹੋਰ ਗੁਰਦੁਆਰਿਆਂ ਵਿਚ ਬਹੁਤ ਘੱਟ ਟਾਈਮ ਦਿੱਤਾ ਜਾਂਦਾ ਹੈ। ਜੇ ਟਾਇਮ ਦੇਂਦੇ ਵੀ ਹਨ ਤਾਂ ਉਸ ਵੇਲੇ ਜਦੋਂ ਸੰਗਤਾਂ ਜਾ ਚੁੱਕੀਆਂ ਹੁੰਦੀਆਂ ਹਨ। ਭਾਈ ਲਾਲ ਜੀ ਨੂੰ ਫਿਰੋਜ਼ਪੁਰ ਵਿਖੇ ਹਰ ਸਾਲ ਬੁਲਾਇਆ ਜਾਂਦਾ ਸੀ, ਪਰ ਉਹ ਵੀ ਹੁਣ ਨਹੀਂ ਸੱਦਦੇ, ਹਾਂ ਇੰਡੀਆ ਵਾਲੇ ਇੱਜ਼ਤ ਬਹੁਤ ਕਰਦੇ ਸੀ ਉਦੋਂ ਮੈਂ ਆਪਣੇ ਬਾਪ ਨਾਲ ਕਈ ਵਾਰ ਉਧਰਲੇ ਪੰਜਾਬ ਗਿਆ ਹਾਂ। ਇਧਰਲੇ ਲੋਕਾਂ ਦੇ ਘਰਾਂ ਵਿਚ ਕਿਹੜੇ ਰੋਜ਼ ਪ੍ਰੋਗਰਾਮ ਹੁੰਦੇ ਹਨ। ਕਿਤੇ ਸਾਲਾਂਬੱਧੀ ਕੋਈ ਪ੍ਰੋਗਰਾਮ ਆਉਂਦਾ ਹੈ ਸਿੱਖਾਂ ਦੇ ਘਰਾਂ ਵਿਚ। ਹੁਣ ਤਾਂ ਅਸੀਂ ਸਾਈਕਲ 'ਤੇ ਲਾਹੌਰ ਤੋਂ ਪੁਰਾਣੀਆਂ ਪੈਂਟਾਂ-ਸ਼ਰਟਾਂ ਪਿੰਡਾਂ ਵਿਚ ਵੇਚਣ ਦਾ ਕੰਮਕਾਰ ਕਰਦੇ ਹਾਂ। ਮਾੜਾ-ਮੋਟਾ ਪਰਿਵਾਰ ਦਾ ਗੁਜ਼ਾਰਾ ਹੋਈ ਜਾਂਦਾ ਹੈ। ਉਨ੍ਹਾਂ ਇਹ ਵੀ ਕਿਹਾ ਕਿ ਇੱਧਰ ਸਾਨੂੰ ਤੁਹਾਡੇ ਵਾਂਗ ਕਮਰੇ

ਵੀ ਨਹੀਂ ਮਿਲਦੇ, ਕਹਿੰਦੇ ਹਨ ਕਮਰੇ ਮਹਿਮਾਨਾਂ ਵਾਸਤੇ ਹਨ, ਆਪਣੇ ਵਾਸਤੇ ਨਹੀਂ। ਇਸ ਤਰ੍ਹਾਂ ਬਰਾਂਡੇ ਵਿਚ ਸੌਣ ਨਾਲ ਹੀ ਪਿਤਾ ਜੀ ਨੂੰ ਪਿਛਲੇ ਸਾਲ ਨਮੋਨੀਆ ਹੋ ਗਿਆ ਸੀ ਤੇ ਉਨ੍ਹਾਂ ਦੀ ਮੌਤ ਹੋ ਗਈ ਸੀ। ਰਾਤ ਅਸੀਂ ਵੀ ਬਾਹਰ ਹੀ ਕੱਟੀ ਹੈ। ਮੈਂ ਕਹਿ ਰਿਹਾ ਸੀ ਬਈ ਜੇ ਸਾਨੂੰ ਰਾਤ ਪਤਾ ਲੱਗ ਜਾਂਦਾ ਕਿ ਤੁਸੀਂ ਬਾਹਰ ਸੁੱਤੇ ਹੋ ਤਾਂ ਅਸੀਂ ਤੁਹਾਨੂੰ ਆਪਣੇ ਕਮਰੇ ਵਿਚ ਬੁਲਾ ਲੈਂਦੇ। ਉਨ੍ਹਾਂ ਨੇ ਗੱਲਬਾਤ ਦੌਰਾਨ ਦੱਸਿਆ ਕਿ ਭਾਈ ਲਾਲ ਜੀ ਅੱਠ ਭਰਾ ਸਨ ਤੇ ਉਹ ਚਾਰ ਜਣੇ ਕੀਰਤਨ ਕਰਦੇ ਸਨ। ਸਾਡੇ ਦਾਹੜੀ ਤੇ ਕੇਸ ਨਾ ਰੱਖਣ ਕਰਕੇ ਸਾਨੂੰ ਕੀਰਤਨ ਘੱਟ ਹੀ ਕਰਨ ਦਿੱਤਾ ਜਾਂਦਾ ਹੈ। ਪਰ ਸਿੰਧੀ ਸਿੱਖ ਕੇਸ ਕੱਟੇ ਹੋਣ ਦੇ ਬਾਵਜੂਦ ਵੀ ਕੀਰਤਨ ਕਰਦੇ ਹਨ। ਵਾਕਿਆ ਸਿੰਧੀ ਸਿੱਖਾਂ ਨੂੰ ਅਸੀਂ ਆਪ ਬਗੈਰ ਦਾਹੜੇ ਦੇ ਕੀਰਤਨ ਕਰਦਿਆਂ ਵੇਖਿਆ ਸੀ, ਪਰ ਸਾਰਾ ਪ੍ਰਬੰਧ ਹੀ ਸਿੰਧੀ ਸਿੱਖਾਂ ਕੋਲ ਹੁੰਦਾ ਹੈ। ਉਨ੍ਹਾਂ ਕਿਹਾ ਕਿ ਸਾਡਾ ਆਰਟੀਕਲ ਜ਼ਰੂਰ ਅਖ਼ਬਾਰਾਂ ਵਿੱਚ ਲਗਵਾਓ। ਉਨ੍ਹਾਂ ਨੇ ਅੱਗੇ ਕਈ ਛਪੇ ਹੋਏ ਆਰਟੀਕਲ ਮੈਨੂੰ ਵਿਖਾਏ ਜੋ ਸਾਡੇ ਪੰਜਾਬ ਦੀਆਂ ਹੀ ਅਖ਼ਬਾਰਾਂ ਵਿੱਚ ਲੱਗੇ ਸਨ। ਮੈਂ ਵਾਅਦਾ ਕੀਤਾ ਬਈ ਮੈਂ ਵੀ ਛਪਵਾ ਕੇ ਤੁਹਾਨੂੰ ਭੇਜ ਦੇਵਾਂਗਾ। ਇਸ ’ਤੇ ਉਹ ਬੜੇ ਖ਼ੁਸ਼ ਸਨ ਤੇ ਕਹਿ ਰਹੇ ਸਨ ਕਿ ਬਈ ਸਾਡੀ ਵੀ ਸਰਕਾਰ ਨੂੰ ਬਾਤ ਪੁੱਛਣੀ ਚਾਹੀਦੀ ਹੈ। ਸਾਨੂੰ ਵੀ ਸੁੱਖ ਸਹੂਲਤਾਂ ਮਿਲਣੀਆਂ ਚਾਹੀਦੀਆਂ ਹਨ। ਪਰ ਹਾਲ ਦੀ ਘੜੀ ਤਾਂ ਸਾਡਾ ਹਾਲ ਮਾੜਾ ਹੀ ਹੈ। ਗੱਲਾਂਬਾਤਾਂ ਕਰਦਿਆਂ ਅਸੀਂ ਵੀ ਸਾਰੇ ਭਾਵੁਕ ਹੋਏ ਬੈਠੇ ਸੀ, ਪਰ ਖ਼ੁਸ਼ੀ ਵੀ ਸੀ ਕਿ ਭਾਈ ਮਰਦਾਨੇ ਕਿਆਂ ਦੀ ਅੰਸ਼ ਵੰਸ਼ ਨਾਲ ਮੁਲਾਕਾਤ ਹੋਈ ਹੈ। ਸੋ ਗੱਲਾਂਬਾਤਾਂ ਖ਼ਤਮ ਕਰ ਅਸੀਂ ਤਿਆਰ ਹੋ ਕੇ ਕਮਰੇ ਵਿਚੋਂ ਬਾਹਰ ਆ ਗਏ। ਸਾਡੀ ਹਾਲੇ ਤੀਜੀ ਟਰੇਨ ਸੀ ਤੇ ਅਸੀਂ ਹਾਲੇ ਹੋਰ ਘੁੰਮ ਫਿਰ ਸਕਦੇ ਸੀ। ਮੈਂ ਤੇ ਕੁਝ ਹੋਰ ਸਾਥੀ ਭਾਈ ਮਰਦਾਨਾ ਜੀ ਬਲਾਕ ਦੇ ਉੱਪਰ ਅਖੀਰਲੀ ਮੰਜ਼ਿਲ ’ਤੇ ਚਲੇ ਗਏ। ਚਿੱਟਾ ਦਿਨ ਹੋਣ ਕਰਕੇ ਸਾਰਾ ਨਨਕਾਣਾ ਸਾਹਿਬ ਹੀ ਦੂਰ-ਦੂਰ ਤੱਕ ਨਜ਼ਰ ਪੈ ਰਿਹਾ ਸੀ। ਮੈਂ ਤੱਕ ਰਿਹਾ ਸੀ ਬਗੈਰ ਪਲੱਸਤਰ ਤੋਂ ਨੰਗੀਆਂ ਇੱਟਾਂ ਦੇ ਛੋਟੇ-ਛੋਟੇ ਘਰ, ਘਰਾਂ ਵਿਚ ਬੰਨ੍ਹੀਆਂ ਬੱਕਰੀਆਂ, ਨੰਗ-ਧੜੰਗੇ ਲਿੱਬੜੇ-ਧਿੱਬੜੇ ਜੁਆਕ, ਪੈਰੋਂ ਨੰਗੇ ਖੇਡ ਰਹੇ ਸਨ। ਮਿੱਟੀ ਦੇ ਬਣਾਏ ਚੌਂਕੇ ਚੁੱਲ੍ਹੇ ਤੇ ਭੜੋਲੇ ਕਣਕ ਪਾਉਣ ਵਾਲੇ ਪਏ ਸਨ, ਘਰਾਂ ਵਿਚ ਮੋਟਰਾਂ ਨਹੀਂ ਨਲਕੇ ਹੀ ਲੱਗੇ ਦਿਸ ਰਹੇ ਸਨ। ਛੱਤਾਂ ’ਤੇ ਮਸਾਂ ਹੀ ਸੌ-ਦੋ ਸੌ ਲੀਟਰ ਦੀਆਂ ਟਾਵੀਆਂ-ਟਾਵੀਆਂ ਟੈਂਕੀਆਂ ਦਿਸ ਰਹੀਆਂ ਸਨ। ਸ਼ਹਿਰ ਵਿਚ ਮਸੀਤਾਂ ਹੀ ਮਸੀਤਾਂ ਨਜ਼ਰ ਆ ਰਹੀਆਂ ਸਨ ਤੇ ਮਸੀਤਾਂ ’ਤੇ ਉੱਚੇ-ਉੱਚੇ ਸਪੀਕਰ ਲੱਗੇ ਹੋਏ ਸਨ, ਉਨ੍ਹਾਂ ਵਿਚੋਂ ਨਮਾਜ਼ ਪੜ੍ਹਨ ਦੀਆਂ ਆਵਾਜ਼ਾਂ ਆ ਰਹੀਆਂ ਸਨ। ਘਰਾਂ ਵਿਚ ਕੰਮ ਕਰਦੀਆਂ ਔਰਤਾਂ ਬਗੈਰ ਬੁਰਕੇ ਤੋਂ ਨਜ਼ਰ ਆ ਰਹੀਆਂ ਸਨ। ਮਰਦ ਲੋਕ ਆਪੋ-ਆਪਣੇ ਕੰਮਾਂਕਾਰਾਂ ਨੂੰ ਜਾ ਰਹੇ ਸਨ। ਛੋਟੀਆਂ-ਛੋਟੀਆਂ ਗਲੀਆਂ, ਨਿੱਕੇ-ਨਿੱਕੇ ਘਰ, ਦਰਵਾਜ਼ੇ, ਬੂਹੇ ਬਾਰੀਆਂ ਤੱਕ ਕੇ ਇੰਝ ਲੱਗ ਰਿਹਾ ਸੀ ਬਈ ਇਧਰਲੇ ਲੋਕ ਅਜੇ ਬਹੁਤ ਪਿੱਛੇ ਹਨ। ਗਰੀਬੀ ਇਧਰ ਬਹੁਤ ਜ਼ਿਆਦਾ ਹੈ ਕਿਉਂਕਿ ਸਾਡੇ ਪੰਜਾਬ ਵਿਚ ਤਾਂ ਲੋਕ ਕੋਠੀਆਂ ’ਤੇ ਕੋਠੀਆਂ ਪਾਈ ਜਾ ਰਹੇ ਹਨ ਤੇ ਕੋਈ ਘਰ ਕੱਚਾ ਨਹੀਂ ਰਹਿ ਗਿਆ ਤੇ ਇਧਰ ਸ਼ਹਿਰਾਂ

ਤੇ ਪਿੰਡਾਂ ਵਿਚ ਆਮ ਹੀ ਘਰ ਕੱਚੇ ਵੇਖੇ ਜਾ ਸਕਦੇ ਹਨ। ਗੁਰਦੁਆਰਾ ਸਾਹਿਬ ਦੇ ਨੇੜੇ-ਤੇੜੇ ਦਾ ਨਜ਼ਾਰਾਂ ਵੇਖਣ ਵਾਲਾ ਸੀ। ਸਾਨੂੰ ਉੱਚੇ ਥਾਂ ਖੜ੍ਹੇ ਵੇਖ ਛੋਟੇ-ਛੋਟੇ ਬੱਚੇ ਹੱਥ ਹਿਲਾ ਰਹੇ ਸਨ। ਵੈਸੇ ਵੀ ਉਹ ਸਰਦਾਰ ਪੰਜਾਬੀਆਂ ਨੂੰ ਵੇਖ ਕੇ ਖੁਸ਼ ਹੁੰਦੇ ਹਨ ਜਿਵੇਂ ਸਾਡੇ ਬੱਚੇ ਅੰਗਰੇਜ਼ਾਂ ਨੂੰ ਵੇਖ ਕੇ ਹੁੰਦੇ ਹਨ। ਅਸੀਂ ਕਾਫੀ ਸਮਾਂ ਇਹ ਅਤਿ ਸੁੰਦਰ ਨਜ਼ਾਰਾ ਵੇਖਦੇ ਰਹੇ ਤੇ ਫਿਰ ਥੱਲੇ ਉੱਤਰ ਕੇ ਬਜ਼ਾਰ ਵੱਲ ਆ ਗਏ। ਹਰਭਜਨ ਪਟਵਾਰੀ ਤੇ ਕੁਝ ਹੋਰ ਸਾਥੀ ਕਮਰੇ ਵਿਚ ਹੀ ਸਨ। ਪਟਵਾਰੀ ਦੀ ਤਬੀਅਤ ਕੁਝ ਢਿੱਲੀ ਹੋ ਗਈ ਸੀ ਤੇ ਉਸ ਦੀ ਘਰਵਾਲੀ ਜਗਦੀਸ਼ ਕੌਰ ਤਾਂ ਸੇਵਾ ਕਰਨ ਗਈ ਹੋਈ ਸੀ। ਉਹ ਕਹਿ ਕੇ ਗਈ ਸੀ ਬਈ ਮੈਂ ਫਲਾਣੇ ਟਾਈਮ ਕਮਰੇ ਵਿਚ ਆ ਜਾਵੇਗੀ, ਬਜ਼ਾਰ ਵਿੱਚ ਕਾਫੀ ਚਹਿਲ-ਪਹਿਲ ਸੀ, ਰੌਣਕਾਂ ਲੱਗੀਆਂ ਹੋਈਆਂ ਸਨ। ਸਾਹਬ ਸਿੰਘ ਨੇ ਚੱਪਲਾਂ ਨਵੀਆਂ ਲੈਣੀਆਂ ਸੀ ਜੁੱਤੀ ਉਸਨੂੰ ਲੱਗਦੀ ਸੀ ਤੇ ਪਹਿਲਾਂ ਵਾਲੀਆਂ ਚੱਪਲਾਂ ਕਿਤੇ ਲੰਗਰ ਛਕਦਿਆਂ ਇੱਧਰ-ਉਧਰ ਹੋ ਗਈਆਂ ਸਨ। ਪਰ ਅਸੀਂ ਕਈ ਦੁਕਾਨਾਂ ਵੇਖੀਆਂ ਪਰ ਉਸ ਦੇ ਮੇਚੇ ਦੀਆਂ ਚੱਪਲਾਂ ਨਹੀਂ ਮਿਲੀਆਂ, ਵੈਸੇ ਤਾਂ ਉਸ ਦਾ ਕੱਦ ਕਾਠ ਵੀ ਕਾਫੀ ਸੀ। ਉਧਰਲੇ ਬੰਦਿਆਂ ਦੇ ਵੀ ਕੱਦ ਲੰਮੇ ਹਨ ਪਰ ਚੱਪਲਾਂ ਨਹੀਂ ਸੀ ਮਿਲੀਆਂ, ਬਾਕੀ ਉਹ ਚੱਪਲਾਂ ਪਾਉਂਦੇ ਵੀ ਘੱਟ ਹਨ ਜ਼ਿਆਦਾ ਪੰਜਾਬੀ ਜੁੱਤੀ ਹੀ ਚੱਲਦੀ ਹੈ। ਸਾਰੇ ਬਜ਼ਾਰ ਵਿਚ ਇਧਰਲੇ ਤੇ ਉਧਰਲੇ ਲੋਕ ਦਿਸ ਰਹੇ ਸਨ। ਔਰਤਾਂ ਵੀ ਤੇ ਮਰਦ ਵੀ। ਉਧਰਲੀਆਂ ਔਰਤਾਂ ਕਾਲੇ ਬੁਰਕੇ ਪਾਈ ਬਜ਼ਾਰਾਂ ਵਿਚ ਆਈਆਂ ਸਨ ਪਰ ਮੂੰਹ ਨੰਗੇ ਸਨ। ਕਾਲੇ ਬੁਰਕੇ ਤੇ ਗੋਰੇ ਰੰਗ ਅਤੀ ਸੁੰਦਰ ਲੱਗ ਰਹੇ ਸਨ। ਮੈਂ ਤੇ ਸੇਵਕ ਮੇਨ ਚੌਂਕ ਵਿਚ ਖੜ੍ਹੇ ਹੋਏ ਸੀ, ਬਾਕੀ ਸਾਰੇ ਜਣੇ ਦੁਕਾਨਾਂ ਵਿਚ ਵੜੇ ਹੋਏ ਸੀ। ਇੱਥੇ ਬਜ਼ਾਰ ਤੇ ਚੌਂਕ ਵਿਚ ਵੀ ਫੋਰਸ ਲੱਗੀ ਹੋਈ ਸੀ। ਲੇਡੀਜ਼ ਪੁਲਿਸ ਵੀ ਹਾਜ਼ਰ ਸੀ। ਲੇਡੀਜ਼ ਪੁਲਿਸ ਦੀ ਵਰਦੀ ਦਾ ਰੰਗ ਫਿੱਕਾ ਨੀਲਾ ਤੇ ਨਾਲ ਗੂੜੀ ਨੀਲੇ ਰੰਗ ਦੀ ਚੁੰਨੀ ਤੇ ਉਹ ਵੀ ਪੂਰੇ ਸਿਰ ਤੇ ਸੂਈਆਂ ਲਾ ਕੇ ਖਿਲਾਰੀ ਹੋਈ, ਮਜ਼ਾਲ ਏ ਕਿਤੇ ਚੁੰਨੀ ਸਿਰ ਤੋਂ ਸਰਕ ਜਾਵੇ ਜਾਂ ਲਹਿ ਜਾਵੇ। ਇਨ੍ਹਾਂ ਨੂੰ ਤੱਕ ਕੇ ਮੈਨੂੰ ਆਪਣੇ ਪੰਜਾਬ ਦੀ ਯਾਦ ਆ ਗਈ ਸੀ ਜਿੱਥੇ ਕੁੜੀਆਂ ਸਿਰ ’ਤੇ ਚੁੰਨੀ ਲੈਣਾ ਹੁਣ ਭਾਰ ਸਮਝਦੀਆਂ ਹਨ, ਇਧਰਲੀਆਂ ਔਰਤਾਂ ਨੇ ਡਿਊਟੀ ਤੇ ਵੀ ਸਲਵਾਰ ਕੁੜਤਾ ਪਾਇਆ ਹੋਇਆ ਸੀ। ਸਿਆਣੇ ਕਹਿੰਦੇ ਹਨ ਸੁਹੱਪਣ ਤੇ ਸੁੰਦਰਤਾ ਕੱਪੜਿਆਂ ਵਿਚ ਹੀ ਸੋਹਣੇ ਲੱਗਦੇ ਹਨ। ਚੌਂਕ ਵਿੱਚ ਖੜ੍ਹਿਆਂ ਸਾਨੂੰ ਇਧਰ ਪਾਕਿਸਤਾਨ ਦਾ ਇਕ ਪਟਵਾਰੀ ਮਿਲ ਗਿਆ ਕਹਿੰਦਾ ਬਈ ਸਰਦਾਰੋ ਕੋਈ ਸਿੱਧੂ ਬਰਾਦਰੀ ਵਿਚੋਂ ਆਇਆ ਹੈ ਤਾਂ ਦੱਸੋ, ਸਾਡੇ ਵਿਚੋਂ ਬਾਕੀ ਤਾਂ ਹੋਰ ਬਰਾਦਰੀਆਂ ਸਨ ਪਰ ਸਿੱਧੂ ਕੋਈ ਨਹੀਂ ਸੀ, ਮੈਂ ਕਿਹਾ ਸਾਡੇ ਵਿਚੋਂ ਤਾਂ ਕੋਈ ਨਹੀਂ, ਕੀ ਗੱਲ ਤੁਹਾਨੂੰ ਕੋਈ ਕੰਮ ਹੈ ਤਾਂ ਉਹ ਕਹਿਣ ਲੱਗਾ ਬਈ ਆਪਣੀ ਬਰਾਦਰੀ ਤਾਂ ਕਾਵਾਂ ਨੂੰ ਵੀ ਪਿਆਰੀ ਹੁੰਦੀ ਹੈ ਤੇ ਮੈਂ ਵੀ ਸਿੱਧੂ ਹਾਂ ਮੈਂ ਕਿਹਾ ਜੇ ਕੋਈ ਓਧਰਲਾ ਸਿੱਧੂ ਮਿਲ ਜਾਵੇ ਤਾਂ ਗੱਲਾਂਬਾਤਾਂ ਹੋ ਜਾਣ, ਵਾਕਿਆ ਹੀ ਲੋਕ ਇਕ ਦੂਜੇ ਨਾਲ ਅਥਾਹ ਪਿਆਰ ਕਰਦੇ ਹਨ। ਉਹ ਸਾਨੂੰ ਕਹਿ ਰਿਹਾ ਸੀ ਕਿ ਕੋਈ ਮੇਰੇ ਲਾਈਕ ਸੇਵਾ ਹੋਵੇ ਤਾਂ ਦੱਸਣਾ। ਅਸੀਂ ਕਿਹਾ ਨਹੀਂ ਸਭ ਠੀਕ ਹੈ। ਇਥੇ ਸਾਨੂੰ ਦੱਸ ਕੁ ਵੱਜਣ ਵਾਲੇ ਸਨ ਤੇ ਹੁਣ ਅਸੀਂ

ਵਾਪਸ ਹੌਲੀ-ਹੌਲੀ ਚੱਲਦੇ ਹੋਏ ਗੁਰਦੁਆਰਾ ਜਨਮ ਅਸਥਾਨ ਵੱਲ ਨੂੰ ਆ ਰਹੇ ਸੀ। ਪਹਿਲੀ ਤੇ ਦੂਜੀ ਟਰੇਨ ਦੀਆਂ ਸੰਗਤਾਂ ਸਟੇਸ਼ਨ ਵੱਲ ਨੂੰ ਜਾ ਰਹੀਆਂ ਸਨ। ਉਸ ਤੋਂ ਬਾਅਦ ਸਾਡੀ ਤੀਜੀ ਟਰੇਨ ਦੀ ਵਾਰੀ ਸੀ। ਅਸੀਂ ਵੀ ਬੱਸ ਥੋੜ੍ਹੇ ਚਿਰ ਨੂੰ ਬੈਗ ਚੁੱਕ ਕੇ ਸਟੇਸ਼ਨ ਵੱਲ ਨੂੰ ਚੱਲਣਾ ਸੀ। ਦਿਲ ਹੋਰ ਹੀ ਤਰ੍ਹਾਂ ਹੋ ਰਿਹਾ ਸੀ, ਇੱਕ ਤਾਂ ਨਨਕਾਣਾ ਸਾਹਿਬ ਤੋਂ ਵਿਦਾ ਹੋਣ ਦਾ ਥੋੜ੍ਹਾ ਜਿਹਾ ਗ਼ਮ ਸੀ ਤੇ ਦੂਜਾ ਅੱਜ ਪੰਜਾ ਸਾਹਿਬ ਵੱਲ ਨੂੰ ਜਾਣ ਦਾ ਚਾਅ ਵੀ ਸੀ, ਗੱਲਾਂ ਦੋਵੇਂ ਹੀ ਸੱਚੀਆਂ ਸਨ। ਚੱਲਦੇ ਹੋਏ ਅਸੀਂ ਬਾਜ਼ਾਰ ਵਿਚੋਂ ਲੰਘਦੇ ਦੁਕਾਨਾਂ ਵੱਲ ਤੱਕ ਰਹੇ ਸੀ। ਕਈ ਚੀਜ਼ਾਂ ਸਸਤੀਆਂ ਦਾ ਹੋਕਾ ਲਾ ਰਹੇ ਸਨ, ਅਸੀਂ ਵੀ ਕੁਝ ਚੀਜ਼ਾਂ ਖਰੀਦ ਲਈਆਂ ਸਨ ਪਰ ਲੋਕ ਜ਼ਿਆਦਾ ਖਰੀਦ ਲਾਹੌਰ ਵਾਪਸੀ ’ਤੇ ਹੀ ਕਰਦੇ ਹਨ। ਗੁਰਦੁਆਰੇ ਅੰਦਰ ਜਾ ਕੇ ਬਲਜੀਤ ਸੈਕਟਰੀ ਕਹਿਣ ਲੱਗਾ, “ਬਈ ਮੇਰੇ ਇੱਕ ਦੋਸਤ ਨੇ ਨਨਕਾਣਾ ਸਾਹਿਬ ਦੀ ਚਰਨ ਧੂੜ ਮੰਗਵਾਈ ਹੈ।” ਮੈਂ ਕਿਹਾ ਫਿਰ ਦੇਰੀ ਕਾਹਦੀ ਅਸੀਂ ਉਥੋਂ ਹੀ ਚਰਨ ਧੂੜ ਇਕੱਠੀ ਕਰਕੇ ਲਿਫ਼ਾਫੇ ਵਿੱਚ ਪਾ ਲਈ ਤੇ ਕਿਹਾ ਕਿ ਜਾ ਕੇ ਸਾਰੇ ਥੋੜ੍ਹੀ-ਥੋੜ੍ਹੀ ਵੰਡ ਲਵਾਂਗੇ, ਹੁਣ ਅਸੀਂ ਲੰਗਰ ਛੱਕਣ ਚਲੇ ਗਏ ਸੀ। ਲੰਗਰ ਅੱਜ ਵੀ ਜਿਉਂ ਦੇ ਤਿਉਂ ਚੱਲ ਰਹੇ ਸਨ। ਸਾਰਾ ਪ੍ਰਬੰਧ ਉਵੇਂ ਹੀ ਚੱਲਦਾ ਪਿਆ ਸੀ। ਅਸਲ ਵਿਚ ਅਮਰੀਕਾ ਤੇ ਕੈਨੇਡਾ ਤੇ ਹੋਰ ਬਾਹਰਲੇ ਦੇਸ਼ਾਂ ਦੀਆਂ ਸੰਗਤਾਂ ਤੇ ਸਿੰਧੀ ਸਿੱਖਾਂ ਦੀਆਂ ਸੰਗਤਾਂ ਪੰਜਾ ਸਾਹਿਬ ਤੇ ਲਾਹੌਰ ਘੱਟ ਜਾਂਦੀਆਂ ਹਨ, ਉਹ ਨਨਕਾਣਾ ਸਾਹਿਬ ਹੀ ਹੋਰ ਕਈ ਦਿਨ ਠਹਿਰ ਕੇ ਵਾਪਸ ਚਲੇ ਜਾਂਦੇ ਹਨ। ਹੁਣ ਅਸੀਂ ਵਾਪਸ ਆਪਣੇ ਕਮਰੇ ਵਿਚ ਆ ਗਏ। ਅਸੀਂ ਸਾਰੇ ਜਣੇ ਇਕੱਠੇ ਹੋ ਗਏ। ਬੀਬੀ ਜਗਦੀਸ਼ ਕੌਰ ਵੀ ਸੇਵਾ ਕਰਕੇ ਆ ਗਈ ਸੀ। ਸਾਨੂੰ ਅਫ਼ਸੋਸ ਸੀ ਬਈ ਅਸੀਂ ਲੰਗਰਾਂ ਵਿਚ ਸੇਵਾ ਨਹੀਂ ਕਰ ਸਕੇ ਫਿਰ ਸਾਰੇ ਕਹਿਣ ਲੱਗੇ ਪੰਜਾ ਸਾਹਿਬ ਜਾ ਕੇ ਕਰਾਂਗੇ, ਕਿਉਂਕਿ ਉਥੇ ਖੁੱਲ੍ਹਾ ਟਾਇਮ ਮਿਲ ਜਾਂਦਾ ਹੈ। ਸਾਰੀਆਂ ਤਿਆਰੀਆਂ ਵੱਟ ਲਈਆਂ ਸਨ। ਬਲਵੀਰ ਖਹਿਰਾ ਨੇ ਜਿੰਦਰਾ ਨਵਾਂ ਲਿਆ ਸੀ। ਉਹ ਵੀ ਉਸ ਨੇ ਬੈਗ ਵਿਚ ਪਾ ਲਿਆ। ਬਈ ਅੱਗੇ ਫਿਰ ਕੰਮ ਆਵੇਗਾ। ਬਲਵੀਰ ਲਾਟੀ, ਗੁਰਸੇਵਕ ਸਿੰਘ, ਸਾਹਬ ਸਿੰਘ, ਸੁਰਜੀਤ ਸਿੰਘ, ਗੁਰਚਰਨ ਸਿੰਘ ਆਪੋ-ਆਪਣੀ ਪੱਗਾਂ ਸ਼ੀਸ਼ਿਆਂ ਵਿਚ ਵੇਖ ਰਹੇ ਸਨ, ਠੀਕ ਕਰ ਰਹੇ ਸਨ। ਬਾਕੀ ਸੰਗਤਾਂ ਆਪੋ-ਆਪਣੇ ਕਮਰੇ ਛੱਡ ਕੇ ਤੁਰ ਪਈਆਂ ਸਨ। ਮੈਂ ਵੀ ਸਾਰਿਆਂ ਨੂੰ ਚੱਲਣ ਵਾਸਤੇ ਕਿਹਾ ਸੀ। ਬਲਵੀਰ ਲਾਟੀ ਕਹਿ ਰਿਹਾ ਸੀ ਅਜੇ ਕਿਹੜਾ ਟਰੇਨ ਤੁਰਨੀ ਹੈ, ਉਥੇ ਵੀ ਜਾ ਕੇ ਬੈਠਣਾ ਹੀ ਹੈ। ਪਰ ਮੈਂ ਕਿਹਾ ਉਥੇ ਸਟੇਸ਼ਨ ’ਤੇ ਜਾ ਕੇ ਆਸੇ-ਪਾਸੇ ਦੇ ਨਜ਼ਾਰੇ ਮਾਣਦੇ ਹਾਂ। ਇਸ ਤੇ ਸਾਰਿਆਂ ਨੇ ਆਪੋ-ਆਪਣੇ ਬੈਗ ਮੋਢਿਆਂ ਵਿੱਚ ਪਾ ਕੇ ਤੇ ਬਲਵੀਰ ਖਹਿਰਾ ਨੇ ਇੱਕ ਵਾਰ ਕਮਰੇ ਵਿਚ ਜਾ ਕੇ ਕੋਈ ਚੀਜ਼ ਨਾ ਰਹਿ ਗਈ ਹੋਵੇ, ਤਸੱਲੀ ਕੀਤੀ ਤੇ ਅਸੀਂ ਕਮਰੇ ਦਾ ਦਰਵਾਜ਼ਾ ਢੋਅ ਕੇ ਥੱਲੇ ਉਤਰ ਆਏ। ਭਾਈ ਮਰਦਾਨਾ ਜੀ ਬਲਾਕ ਤੋਂ ਥੱਲੇ ਉਤਰ ਕੇ ਇੱਕ ਵਾਰ ਅਸੀਂ ਫਿਰ ਦਰਸ਼ਨੀ ਡਿਊੜੀ ਕੋਲ ਜਾ ਕੇ ਸਾਰਿਆਂ ਨੇ ਮੱਥਾ ਟੇਕਿਆ, ਸਿਰ ਨਿਵਾਏ, ਭੁੱਲਾਂ ਬਖਸ਼ਾਈਆਂ ਤੇ ਨਾ ਚਾਹੁੰਦੇ ਹੋਏ ਵੀ ਗੁਰਦੁਆਰਾ ਜਨਮ ਅਸਥਾਨ ਨੂੰ ਅਲਵਿਦਾ ਕਹਿ ਕੇ ਬਾਹਰ ਵੱਲ ਨੂੰ ਤੁਰ ਪਏ। ਬਾਕੀ

ਤਾਂ ਅਸੀਂ ਸਾਰਿਆਂ ਨੇ ਪੈਦਲ ਹੀ ਸਟੇਸ਼ਨ ਤੱਕ ਜਾਣ ਦਾ ਮਨ ਬਣਾਇਆ ਸੀ। ਪਰ ਹਰਭਜਨ ਪਟਵਾਰੀ ਤੇ ਉਸ ਦੀ ਘਰਵਾਲੀ ਜਗਦੀਸ਼ ਕੌਰ ਕੋਲ ਤਿੰਨ ਚਾਰ ਬੈਗ ਸਨ ਉਨ੍ਹਾਂ ਨੂੰ ਅਸੀਂ ਮੋਟਰਸਾਈਕਲ ਰਿਕਸ਼ੇ ’ਤੇ ਬਿਠਾ ਦਿੱਤਾ ਤੇ ਸਟੇਸ਼ਨ ਤੇ ਇਕੱਠਿਆਂ ਹੋਣ ਵਾਸਤੇ ਕਹਿ ਦਿੱਤਾ। ਅਸੀਂ ਮੇਨ ਬਾਜ਼ਾਰ ਵਿਚੋਂ ਮੋਢਿਆਂ ’ਤੇ ਬੈਗ ਲਮਕਾਈ ਹੌਲੀ-ਹੌਲੀ ਗੱਲਬਾਤਾਂ ਕਰਦੇ ਤੁਰੇ ਜਾ ਰਹੇ ਸੀ। ਦੁਕਾਨਾਂ ਵਾਲੇ ਸਸਤੇ ਸਮਾਨ ਦੀਆਂ ਆਵਾਜ਼ਾਂ ਲਾ ਰਹੇ ਸਨ। ਆਸੇ-ਪਾਸੇ ਦੇ ਲੋਕ ਦਰਵਾਜ਼ਿਆਂ ਵਿੱਚ ਖੜ੍ਹ ਕੇ ਦੇਖ ਰਹੇ ਸਨ। ਰਸਤੇ ਵਿੱਚ ਜਾਂਦਿਆਂ ਅਸੀਂ ਇਕ ਦੁਕਾਨ ਤੋਂ ਕੈਮਰੇ ਦੇ ਸੈੱਲ ਲੈਣ ਵਾਸਤੇ ਰੁੱਕ ਗਏ, ਉਸ ਨਾਲ ਮੇਰੀਆਂ ਗੱਲਾਂਬਾਤਾਂ ਚੱਲ ਪਈਆਂ। ਉਹ ਕਹਿਣ ਲੱਗਾ ‘ਸਰਦਾਰ ਜੀ ਅੱਜ ਵਾਪਸੀ ਹੈ। –’ ਮੈਂ ਕਿਹਾ, ‘ਹਾਂ ਬਸ ਜਾ ਰਹੇ ਹਾਂ’, ਉਸ ਨੇ ਕਿਹਾ ‘ਸਰਦਾਰ ਜੀ ਅਸੀਂ ਤਾਂ ਇਹੀ ਕਹਾਂਗੇ ਕਿ ਤੁਸੀਂ ਭਾਵੇਂ ਜਿੰਨਾ ਚਿਰ ਮਰਜ਼ੀ ਰਹੋ ਪਰ ਤੁਹਾਡੇ ਆਉਣ ਨਾਲ ਸਕਿਉਰਿਟੀ ਵਾਲੇ ਸਾਨੂੰ ਬਹੁਤ ਤੰਗ ਕਰਦੇ ਹਨ।’ ਉਹ ਕਹਿਣ ਲੱਗਾ ਮੇਰਾ ਘਰ ਗੁਰਦੁਆਰਾ ਦੇ ਬਿਲਕੁਲ ਮਗਰਲੇ ਪਾਸੇ ਹੈ। ਇਥੋਂ ਮਸਾਂ ਹੀ ਅੱਧਾ ਕਿਲੋਮੀਟਰ ’ਤੇ ਹੈ। ਮੈਨੂੰ ਘੱਟੋ-ਘੱਟ ਦਸ ਕਿਲੋਮੀਟਰ ਦਾ ਸਫ਼ਰ ਤਹਿ ਕਰਕੇ ਦੁਕਾਨ ’ਤੇ ਆਉਣਾ ਪੈਂਦਾ। ਕੋਈ ਸਕੂਟਰ, ਸਾਈਕਲ ਨਹੀਂ ਲਿਆਉਣ ਦੇਂਦੇ। ਬਸ ਪੈਦਲ ਹੀ ਆ ਸਕਦੇ ਹਾਂ। ਇਹ ਸਿਲਸਿਲਾ ਤੁਹਾਡੇ ਆਉਣ ਤੋਂ ਕੁਝ ਦਿਨ ਪਹਿਲਾਂ ਅਤੇ ਕੁਝ ਦਿਨ ਬਾਅਦ ਵਿਚ ਵੀ ਚੱਲਦਾ ਰਹੇਗਾ। ਇਵੇਂ ਹੀ ਕਈ ਹੋਰ ਦੁਕਾਨਦਾਰਾਂ ਨਾਲ ਵੀ ਇਸੇ ਤਰ੍ਹਾਂ ਹੀ ਹੁੰਦਾ ਹੈ, ਪਰ ਅਸੀਂ ਇਹ ਪ੍ਰੇਸ਼ਾਨੀ ਬੜੇ ਹੱਸ-ਹੱਸ ਸਹਿ ਲੈਂਦੇ ਆਂ ਕਿ ਸਾਡੇ ਸਰਦਾਰਾਂ ਪ੍ਰਾਹਣਿਆਂ ਨੇ ਆਉਣਾ ਹੈ। ਜੇ ਤੁਹਾਡੇ ਕਾਰਨ ਅਸੀਂ ਇੰਨਾ ਕੁਝ ਸਹਿ ਵੀ ਲਵਾਂਗੇ ਤਾਂ ਕਿਹੜਾ ਕੁਝ ਲਹਿ ਚੱਲਿਆ ਹੈ। ਤੁਹਾਡੇ ਦਰਸ਼ਨ ਤਾਂ ਕਰ ਹੀ ਲਈਦੇ ਹਨ। ਵੈਸੇ ਸਕਿਉਰਿਟੀ ਵਾਲਿਆਂ ਦੀ ਵੀ ਮਜ਼ਬੂਰੀ ਹੁੰਦੀ ਹੈ ਉਨ੍ਹਾਂ ਨੂੰ ਉਪਰੋਂ ਸਖ਼ਤ ਆਰਡਰ ਹੁੰਦੇ ਹਨ ਕਿ ਜੱਥੇ ਦੀ ਹਰ ਵੇਲੇ ਚੌਕਸੀ ਰੱਖ ਕੇ ਮੱਦਦ ਕੀਤੀ ਜਾਵੇ। ਮੈਂ ਸੋਚ ਰਿਹਾ ਸੀ। ਬਈ ਜੇ ਕੋਈ ਸਾਡੇ ਪੰਜਾਬ ਵਿਚ ਸਾਨੂੰ ਏਨੀ ਪ੍ਰੇਸ਼ਾਨੀ ਦੇਂਦੇ ਤਾਂ ਸਾਨੂੰ ਵੀ ਔਖਾ ਤਾਂ ਲਗੇਗਾ ਹੀ, ਇੰਨੀਆਂ ਗੱਲਾਬਾਤਾਂ ਕਰਕੇ ਅਸੀਂ ਸਟੇਸ਼ਨ ਵੱਲ ਨੂੰ ਤੁਰ ਪਏ। ਸਟੇਸ਼ਨ ’ਤੇ ਮੇਲਾ ਜਿਹਾ ਲੱਗਾ ਹੋਇਆ ਸੀ। ਅਜੇ ਸਿਰਫ਼ ਪਹਿਲੀ ਟਰੇਨ ਹੀ ਰਵਾਨਾ ਹੋਈ ਸੀ ਤੇ ਦੂਜੀ ਅਜੇ ਆਉਣੀ ਸੀ ਤੇ ਫਿਰ ਸਾਡੀ ਤਾਂ ਤੀਜੀ ਸੀ ਸਾਨੂੰ ਤਾਂ ਹਾਲੇ ਕਾਫੀ ਟਾਇਮ ਬੈਠਣਾ ਪੈਣਾ ਸੀ। ਪਟਵਾਰੀ ਹੋਰੀਂ ਪਤਾ ਨਹੀਂ ਕਿੱਥੇ ਬੈਠ ਗਏ ਸਨ। ਅਸੀਂ ਬੜਾ ਲੱਭਿਆ ਪਰ ਕਿਤੇ ਨਜ਼ਰ ਨਹੀਂ ਆਏ ਫਿਰ ਅਸੀਂ ਸਟੇਸ਼ਨ ਅੰਦਰ ਜਿੱਥੋਂ ਲਾਊਡ ਸਪੀਕਰ ਰਾਹੀਂ ਬੋਲਿਆ ਜਾ ਰਿਹਾ ਸੀ ਕੋਲ ਚਲੇ ਗਏ। ਉਹ ਕਹਿਣ ਲੱਗੇ ਸਰਦਾਰ ਜੀ ਆਪ ਹੀ ਬੋਲ ਲਵੋ ਜੋ ਬੋਲਣਾ ਹੈ ਮੈਂ ਤੇ ਬਲਵੀਰ ਲਾਟੀ ਨੇ ਕਈ ਅਵਾਜ਼ਾਂ ਪਟਵਾਰੀ ਨੂੰ ਲਾਈਆਂ ਤੇ ਹੱਸਦੇ-ਹੱਸਦੇ ਬਾਹਰ ਆ ਗਏ। ਥੋੜ੍ਹੇ ਚਿਰ ਬਾਅਦ ਉਹ ਆ ਵੀ ਗਏ ਕਹਿੰਦੇ ਤੁਹਾਡੀ ਆਵਾਜ਼ ਸੁਣ ਲਈ ਸੀ। ਅਸੀਂ ਕੁਝ ਜਣੇ ਸਮਾਨ ਕੋਲ ਬੈਠੇ ਸੀ ਤੇ ਬਾਕੀ ਸਾਰੇ ਇਧਰ-ਉਧਰ ਘੁੰਮ ਰਹੇ ਸੀ। ਦੂਜੀ ਟਰੇਨ ਸਟੇਸ਼ਨ ’ਤੇ ਆਣ ਰੁਕੀ ਸੀ। ਟਾਇਮ ਦੋ ਤੋਂ ਉਪਰ ਦਾ ਹੋ ਗਿਆ ਸੀ। ਅਸੀਂ ਕਹਿ ਰਹੇ ਸੀ ਬਈ ਹੁਣ ਸਾਡੀ

ਟਰੇਨ ਤਾਂ ਚਾਰ-ਪੰਜ ਵਜੇ ਆਊਗੀ, ਦੂਜੀ ਟਰੇਨ ਦੀਆਂ ਸਵਾਰੀਆਂ ਆਪੋ-ਆਪਣੇ ਡੱਬਿਆਂ ਵਿੱਚ ਵੜ ਗਈਆਂ। ਹੁਣ ਸਟੇਸ਼ਨ 'ਤੇ ਰਸ਼ ਘੱਟ ਗਿਆ ਸੀ। ਸਟੇਸ਼ਨ 'ਤੇ ਅਸੀਂ ਤੀਜੀ ਟਰੇਨ ਵਾਲੇ ਤੇ ਹੋਰ ਕਰਾਚੀ ਜਾਣ ਵਾਲੇ ਲੋਕ ਰਹਿ ਗਏ। ਦੂਜੀ ਟਰੇਨ ਵੀ ਰਵਾਨਾ ਹੋ ਗਈ। ਸਟੇਸ਼ਨ ਦੇ ਆਸੇ-ਪਾਸੇ ਬਹੁਤੇ ਘਰ ਨਹੀਂ ਸਨ। ਸਟੇਸ਼ਨ ਤੇ ਦੋ-ਚਾਰ ਕਮਰੇ ਬਣੇ ਸਨ, ਉਹ ਵੀ ਪੁਰਾਣੇ। ਬਾਥਰੂਮ ਜ਼ਰੂਰ ਨਵੇਂ ਬਣਾਏ ਗਏ ਸਨ। ਪੀਣ ਵਾਲੇ ਪਾਣੀ ਦਾ ਵੀ ਪ੍ਰਬੰਧ ਸੀ, ਪੁੱਛਗਿੱਛ ਦਫ਼ਤਰ ਵੀ ਸੀ ਤੇ ਹੋਰ ਕੁੱਲੀ ਵੀ ਟਾਵੇਂ-ਟਾਵੇਂ ਨਜ਼ਰ ਆ ਰਹੇ ਸਨ। ਸਟੇਸ਼ਨ 'ਤੇ ਸਫ਼ਾਈ ਵੀ ਮਾੜੀ-ਮੋਟੀ ਸੀ ਤੇ ਘਾਹ ਵੀ ਉੱਗਿਆ ਹੋਇਆ ਸੀ। ਬਲਜੀਤ ਸੈਕਟਰੀ ਤੇ ਬਲਵੀਰ ਖਹਿਰਾ ਠੰਡੇ ਦੀ ਬੋਤਲ ਤੇ ਨਾਲ ਬਿਸਕੁਟ ਫੜ੍ਹ ਲਿਆਏ ਸਨ। ਅਸੀਂ ਬੜੇ ਸੁਆਦ ਨਾਲ ਖਾ ਰਹੇ ਸੀ। ਨਾਲ ਹੀ ਸਟੇਸ਼ਨ 'ਤੇ ਬੈਠੀਆਂ ਸਵਾਰੀਆਂ ਸਿੰਧੀ ਸਿੱਖਾਂ ਤੇ ਮੁਸਲਮਾਨ ਸਵਾਰੀਆਂ ਨਾਲ ਅਸੀਂ ਗੱਲਾਂਬਾਤਾਂ ਵੀ ਕਰ ਰਹੇ ਸੀ। ਤਕਰੀਬਨ ਤਿੰਨ ਕੁ ਵਜੇ ਕਰਾਚੀ ਜਾਣ ਵਾਲੀ ਟਰੇਨ ਆ ਗਈ। ਇੱਕ ਵਾਰ ਤਾਂ ਸਿੱਖ ਸੰਗਤਾਂ ਵਿਚ ਵੀ ਭਾਜੜ ਜਿਹੀ ਮੱਚ ਗਈ, ਪਰ ਜਦੋਂ ਪਤਾ ਲੱਗਾ ਕਿ ਇਹ ਟਰੇਨ ਤਾਂ ਕਰਾਚੀ ਜਾਣ ਵਾਲੀ ਹੈ, ਫਿਰ ਸਾਰੇ ਪਿੱਛੇ ਹੋ ਕੇ ਬੈਠ ਗਏ ਤੇ ਕਰਾਚੀ ਜਾਣ ਵਾਲੀਆਂ ਸਾਰੀਆਂ ਮੁਸਲਿਮ ਸਵਾਰੀਆਂ ਚੜ੍ਹ ਗਈਆਂ। ਇਹ ਟਰੇਨ ਤੁਰ ਗਈ ਤੇ ਥੋੜ੍ਹੇ ਚਿਰ ਬਾਅਦ ਹੀ ਸਾਡੀ ਟਰੇਨ ਆ ਗਈ ਤੇ ਅਸੀਂ ਆਪੋ-ਆਪਣੇ ਬੈਗ ਚੁੱਕ ਕੇ ਆਪਣੀਆਂ-ਆਪਣੀਆਂ ਸੀਟਾਂ 'ਤੇ ਬੈਠ ਗਏ। ਟਰੇਨ ਵਿਚ ਬੈਠਿਆਂ ਨੂੰ ਕਾਫੀ ਸਮਾਂ ਹੋ ਗਿਆ ਸੀ। ਕੁਝ ਕੁ ਸਵਾਰੀਆਂ ਫਿਰ ਥੱਲੇ ਉਤਰ ਕੇ ਤੁਰ ਫਿਰ ਰਹੀਆਂ ਸਨ। ਸਾਡੇ ਵਿਚੋਂ ਹੀ ਕਈ ਸਾਥੀ ਥੱਲੇ ਉਤਰੇ ਸਨ। ਜੋ ਬਾਅਦ ਵਿਚ ਮੂਲੀਆਂ ਖਰੀਦ ਲਿਆਏ। ਪਾਕਿਸਤਾਨੀ ਮੂਲੀਆਂ ਛਿੱਲ ਕੇ ਲੂਣ ਮਿਰਚ ਲੱਗਾ ਹੋਇਆ ਸੀ ਤੇ ਖਾ ਕੇ ਅਨੰਦ ਆ ਗਿਆ। ਮੂਲੀਆਂ ਵਾਲਾ ਆਪਣੀ ਰੇਹੜੀ ਨੇੜੇ ਹੀ ਲੈ ਆਇਆ ਸੀ। ਮਿੰਟੋ-ਮਿੰਟੀ ਉਸ ਦੀ ਰੇਹੜੀ ਖਾਲ੍ਹੀ ਹੋ ਗਈ ਸੀ। ਮੂਲੀਆਂ ਵੀ ਸ਼ਾਇਦ ਬਗੈਰ ਖਾਦ ਤੋਂ ਤਿਆਰ ਕੀਤੀਆਂ ਸਨ। ਬੜੀਆਂ ਹੀ ਸਵਾਦ ਤੇ ਅਨੰਦਮਈ ਸਨ। ਅਖੀਰ ਸਾਡੀ ਟਰੇਨ ਨੇ ਪਹਿਲੀ ਸੀਟੀ ਮਾਰੀ, ਫਿਰ ਦੂਜੀ ਤੇ ਤੀਜੀ ਸੀਟੀ 'ਤੇ ਨਨਕਾਣਾ ਸਾਹਿਬ ਜੀ ਦੇ ਸਟੇਸ਼ਨ ਤੋਂ ਪੰਜਾ ਸਾਹਿਬ ਜੀ ਵੱਲ ਰਵਾਨਾ ਹੋ ਗਈ।

✲✲✲

# ਨਨਕਾਣਾ ਸਾਹਿਬ ਤੋਂ ਪੰਜਾ ਸਾਹਿਬ ਜੀ

ਨਨਕਾਣਾ ਸਾਹਿਬ ਤੋਂ ਟਰੇਨ ਪੰਜਾ ਸਾਹਿਬ ਵੱਲ ਰਵਾਨਾ ਹੋ ਚੁੱਕੀ ਸੀ, ਵਾਇਆ ਲਾਹੌਰ ਜਾਣੀ ਸੀ, ਪਰ ਲਾਹੌਰ ਨਹੀਂ ਸੀ ਖੜ੍ਹਨੀ ਤੇ ਲਾਹੌਰ ਤੋਂ ਪੰਜਾ ਸਾਹਿਬ ਵੱਲ ਨੂੰ ਹੋ ਜਾਣੀ ਸੀ। ਗੁਰਸੇਵਕ 'ਬੋਲੇ ਸੋ ਨਿਹਾਲ' ਦੇ ਜੈਕਾਰੇ ਲਾ ਰਿਹਾ ਸੀ। ਅਸੀਂ ਸਾਰੇ ਸਤਿ ਸ੍ਰੀ ਅਕਾਲ ਕਹਿ ਰਹੇ ਸੀ। ਮੈਂ ਸ਼ੀਸ਼ੇ ਵਾਲੇ ਪਾਸੇ ਬੈਠਾ ਹੋਇਆ ਸੀ। ਜਸਵੰਤ ਸਿੰਘ ਤੇ ਉਸਦਾ ਪਿਤਾ ਮਾਹਨ ਸਿੰਘ ਸਾਹਮਣੇ ਵਾਲੀ ਸੀਟ 'ਤੇ ਬੈਠੇ ਸਨ। ਸੇਵਕ, ਸਾਹਿਬ, ਬਲਵੀਰ ਲਾਟੀ ਮੇਰੇ ਨਾਲ ਹੀ ਬੈਠੇ ਸਨ। ਬਾਪੂ ਕੜਿਆਲ ਫਿਕਸੋ ਵਾਲਾ, ਮਲਕੀਤ, ਗੁਰਚਰਨ ਚੰਨਾ ਸਾਹਮਣੇ ਵਾਲੀ ਸੀਟ 'ਤੇ ਸਨ, ਬਲਜੀਤ ਸੈਕਟਰੀ, ਬਲਵੀਰ ਖਹਿਰਾ, ਹਰਭਜਨ ਤੇ ਜਗਦੀਸ਼ ਕੌਰ ਫੱਟੇ ਤੋਂ ਮਗਰਲੀ ਸੀਟ 'ਤੇ ਬੈਠੇ ਸਨ। ਉਂਝ ਸਾਨੂੰ ਆਪਸ ਵਿੱਚ ਕੀਤੀਆਂ ਗੱਲਾਂਬਾਤਾਂ ਸੁਣ ਜਾਂਦੀਆਂ ਸਨ। ਪੁਲਿਸ ਵਾਲੇ ਵੀ ਆਪਣੀ ਸੀਟਾਂ 'ਤੇ ਆਣ ਬੈਠੇ ਸਨ। ਸਰਦਾਰ ਜੀ ਸਭ ਖੈਰ ਸੁੱਖ ਹੈ, ਦਰਸ਼ਨ ਵਧੀਆ ਹੋ ਗਏ ਅਸੀਂ ਸਭ ਨੇ ਹਾਂ ਕੀਤੀ। ਅੱਜ ਦਿਨ ਹੋਣ ਕਰਕੇ ਸਭ ਕੁਝ ਸਾਫ਼ ਦਿਖਾਈ ਦੇ ਰਿਹਾ ਸੀ। ਮੈਂ ਸ਼ੀਸ਼ੇ ਵਾਲੇ ਪਾਸੇ ਇਸ ਕਰਕੇ ਬੈਠਦਾ ਸੀ ਕਿ ਬਾਹਰ ਦੇ ਨਜ਼ਾਰੇ ਮਾਣ ਸਕਾਂ। ਦੂਰ-ਦੂਰ ਤੱਕ ਜ਼ਮੀਨਾਂ ਖਾਲੀ ਹੀ ਪਈਆਂ ਸਨ, ਵਿਚ-ਵਿਚ ਕਣਕ ਤੇ ਕਮਾਦ ਨਜ਼ਰ ਆ ਰਿਹਾ ਸੀ, ਵਿਚ ਮਾੜੀਆਂ-ਮੋਟੀਆਂ ਸਬਜ਼ੀਆਂ ਵੀ ਨਜ਼ਰ ਆ ਰਹੀਆਂ ਸਨ। ਪੁਲਿਸ ਵਾਲਾ ਸਾਡੇ ਨਾਲ ਕੁਝ ਜ਼ਿਆਦਾ ਹੀ ਖੁੱਲ੍ਹ ਗਿਆ ਸੀ, ਹੈ ਵੀ ਬਹੁਤ ਹੱਸਮੁੱਖ ਸੀ ਤੇ ਕਿਸੇ ਗੱਲ ਦਾ ਲਕੋ ਨਹੀਂ ਸੀ ਕਰਦਾ। ਸਾਡੇ ਨਾਲ ਹਰੇਕ ਗੱਲ ਸਾਂਝੀ ਕਰ ਰਿਹਾ ਸੀ। ਉਹ ਸਾਨੂੰ ਕਹਿ ਰਿਹਾ ਸੀ ਬਈ ਅੱਜ ਪੰਜਾ ਸਾਹਿਬ ਤੁਹਾਨੂੰ ਪਹੁੰਚਾ ਕੇ ਮੈਂ ਆਪਣੇ ਘਰ ਵੀਹ ਦਿਨ ਬਾਅਦ ਜਾਣਾ ਹੈ। ਉਸ ਨੇ ਕਿਹਾ ਕਿ ਮੇਰਾ ਪਿੰਡ ਇਧਰ ਹੀ ਪੰਜਾ ਸਾਹਿਬ ਤੋਂ ਕੋਈ ਪੰਜਾਹ ਕਿਲੋਮੀਟਰ ਦੀ ਦੂਰੀ 'ਤੇ ਹੈ। ਮੈਂ ਆਪਣੇ ਲੜਕੇ ਨੂੰ ਫੋਨ ਕਰ ਦਿੱਤਾ ਹੈ ਤੇ ਉਹ ਮੈਨੂੰ ਮੋਟਰਸਾਈਕਲ 'ਤੇ ਲੈ ਜਾਵੇਗਾ। ਮੈਂ ਕਿਹਾ ਵੀਹ ਦਿਨ ਬਾਅਦ ਘਰ ਜਾਣਾ ਹੈ ਤੇ ਫਿਰ ਘਰੇ ਤਾਂ ਖੁਸ਼ੀ ਦਾ ਮਾਹੌਲ ਹੋਣਾ ਹੈ। ਉਸ ਨੇ ਫਿਰ ਆਪਣੀ ਠੇਠ ਪੰਜਾਬੀ ਜਿਹੀ ਵਿਚ ਗੱਲਬਾਤ ਕੀਤੀ। ਮੈਂ ਅੱਜ ਵੀਹ ਦਿਨ ਬਾਦ ਘਰ ਜਾਸੀ, ਪਹਿਲਾਂ ਬੱਚੋਂ ਸੇ ਮਿਲਸੀ, ਫਿਰ ਬੀਵੀ ਕੋ ਮਿਲਸੀ, ਫਿਰ ਗਾਏਂ ਕੋ ਵੀ ਮਿਲਸੀ, ਫਿਰ ਸਾਰਾ ਪਰਿਵਾਰ ਇਕੱਠਾ ਬੈਠ ਕੇ ਰੋਟੀ ਖਾਸੀ ਤੇ ਫਿਰ ਬੱਚੇ ਪੁੱਛਣਗੇ, ਤੁਹਾਡੇ ਬਾਰੇ ਫਿਰ ਉਹਨਾਂ ਨੂੰ ਤੁਹਾਡੇ ਬਾਰੇ ਦੱਸੂੰ। ਹੁਣ ਤੁਸੀਂ ਕੋਈ ਕੜੇ ਜਾਂ

ਮਹਿੰਦੀ, ਬਿੰਦੀ ਵੀ ਦੇ ਛੱਡੋ ਮੇਰੀ ਬੀਵੀ ਵੀ ਲਾਸੀ ਤੇ ਮੇਰੀ ਧੀ ਵੀ ਲਾਸੀ। ਮੈਂ ਨਾਲਦਿਆਂ ਨੂੰ ਕਿਹਾ ਬਈ ਜੇ ਕਿਸੇ ਕੋਲ ਕੋਈ ਕੁਝ ਹੈ ਤਾਂ ਦਿਓ। ਲਾਟੀ ਤੇ ਸਾਹਬ ਕੋਲ ਕੜੇ, ਬਿੰਦੀਆਂ ਤੇ ਮਹਿੰਦੀ ਸੀ। ਸੋ ਅਸੀਂ ਉਸ ਨੂੰ ਦੇ ਦਿੱਤੇ। ਮੈਂ ਕਿਹਾ ਤੁਹਾਡੇ ਤਾਂ ਔਰਤਾਂ ਬੁਰਕੇ ਵਿੱਚ ਕੱਜੀਆਂ ਰਹਿੰਦੀਆਂ ਹਨ, ਫਿਰ ਆਹ ਬਿੰਦੀਆਂ ਤੇ ਮਹਿੰਦੀ ਕਦੋਂ ਲਾਉਂਦੀਆਂ ਹਨ। ਫਿਰ ਉਹ ਕਹਿਣ ਲੱਗਾ। ਸਰਦਾਰੋ ਜਦੋਂ ਆਂਢ-ਗੁਆਂਢ ਕੋਈ ਵਿਆਹ ਸ਼ਾਦੀ ਹੋਸੀ ਨਾ ਉਸ ਟਾਇਮ ਲਾਸੀ ਤੇ ਉਦੋਂ ਬੁਰਕਾ ਨਾ ਪਾਸੀ ਬੁਰਕਾ ਤਾਂ ਬਜ਼ਾਰ ਜਾਣ ਲੱਗਿਆ ਜਾਂ ਕਿਤੇ ਬਾਹਰ ਅੰਦਰ ਜਾਣ ਲੱਗਿਆ ਪਾਉਂਦੀਆਂ ਹਨ। ਘਰੇ ਤਾਂ ਸਾਦੇ ਕੱਪੜੇ ਹੀ ਪਹਿਨਦੀਆਂ ਹਨ। ਪੰਜਾਬ ਦੇ ਲੋਕ ਜਿਹੜੇ ਵੀ ਜੱਥੇ ਨਾਲ ਯਾਤਰਾ ਤੇ ਜਾਂਦੇ ਹਨ ਤੇ ਆਪਣੇ ਨਾਲ ਕੜੇ, ਬਿੰਦੀਆਂ, ਮਹਿੰਦੀ ਤੇ ਇਹੋ ਜਿਹਾ ਨਿੱਕ-ਸੁੱਕ ਵੀ ਲੈ ਜਾਂਦੇ ਹਨ। ਉਧਰਲੇ ਜਵਾਕ ਤੇ ਸਿਆਣੇ ਵੀ ਇਹੋ ਜਿਹੀਆਂ ਚੀਜ਼ਾਂ ਦੀ ਮੰਗ ਕਰਦੇ ਹਨ। ਫਿਰ ਮੈਂ ਗੱਲ ਅੱਗੇ ਤੋਰੀ ਤੁਹਾਡੀਆਂ ਕਿੰਨੀਆਂ ਬੀਵੀਆਂ ਹਨ, ਕਿਉਂਕਿ ਪਾਕਿਸਤਾਨ ਵਿਚ ਹਰ ਬੰਦਾ ਦੋ-ਦੋ, ਤਿੰਨ-ਤਿੰਨ ਵਿਆਹ ਕਰਵਾ ਲੈਂਦਾ ਹੈ। ਉਸ ਨੇ ਕਿਹਾ ਸਰਦਾਰ ਜੀ ਏਨੀ ਕੁ ਤਨਖਾਹ ਨਾਲ ਇਕ ਮਸਾਂ ਸੰਭਾਲੀ ਜਾਂਦੀ ਹੈ, ਦੂਜੀ ਕਿਥੇ, ਨਾਲੇ ਹੁਣ ਸੁੱਖ ਨਾਲ ਦੋ ਕਾਕੇ ਤੇ ਇੱਕ ਬੱਚੀ ਏ ਤੇ ਬੱਚੀ ਤਾਂ ਹੁਣ ਬਾਰ੍ਹਵੀਂ ਵਿਚ ਪੜ੍ਹਦੀ ਪਈ ਏ ਤੇ ਕਾਕੇ ਵੀ ਪੜ੍ਹਦੇ ਹਨ। ਇੰਨਾ ਕੁ ਪਰਿਵਾਰ ਹੀ ਬਹੁਤ ਹੈ, ਪੜ੍ਹ-ਲਿਖ ਜਾਣ ਤਾਂ ਹੀ ਚੰਗਾ ਹੈ। ਸੇਵਕ ਤੇ ਮੇਰੇ ਹੋਰ ਸਾਥੀ ਕਹਿ ਰਹੇ ਸਨ ਬੂਟੇ ਤੂੰ ਵੀ ਰੌਣਕਾਂ ਲਾ ਛੱਡਦੈਂ। ਹਰ ਗੱਲ ਪੁੱਛੀ ਜਾਂਦਾ ਏਂ। ਗੱਲਾਂਬਾਤਾਂ ਕਰਦਿਆਂ ਨੂੰ ਲਾਹੌਰ ਆ ਗਿਆ ਸੀ। ਇਥੇ ਸਾਨੂੰ ਰਾਤ ਦੇ ਸੱਤ ਵੱਜ ਗਏ ਸਨ ਤੇ ਤਕਰੀਬਨ ਇਕ ਘੰਟਾ ਟਰੇਨ ਲਾਹੌਰ ਦੇ ਸਟੇਸ਼ਨ 'ਤੇ ਖੜ੍ਹੀ ਰਹੀ। ਸੇਵਕ ਨੇ ਸਤਿਨਾਮ ਵਾਹਿਗੁਰੂ ਦਾ ਜਾਪ ਸਾਰਿਆਂ ਨੂੰ ਕਾਫੀ ਸਮਾਂ ਜਪਾਇਆ ਸੀ ਤੇ ਗੱਡੀ ਫਿਰ ਆਪਣੀ ਮੰਜ਼ਿਲ ਵੱਲ ਨੂੰ ਰਵਾਨਾ ਹੋ ਗਈ। ਲਾਹੌਰ ਸ਼ਾਰਦਾ ਸਟੇਸ਼ਨ ਤੋਂ ਚੱਲ ਕੇ ਟਰੇਨ ਹੁਣ ਕੰਮੋ ਕੇ ਸਟੇਸ਼ਨ 'ਤੇ ਆ ਰੁਕੀ ਤੇ ਇੱਥੋਂ ਚੱਲ ਕੇ ਗੁੱਜਰਾਂਵਾਲਾ ਦੇ ਸਟੇਸ਼ਨ 'ਤੇ ਆ ਗਈ। ਰਾਤ ਕਾਫੀ ਹੋ ਗਈ ਸੀ। ਗੁੱਜਰਾਂਵਾਲਾ ਜਿਸ ਦਾ ਨਾਮ ਮੈਂ ਅੱਗੇ ਕਈ ਵਾਰੀ ਰੇਡੀਓ ਤੋਂ ਸੁਣ ਚੁੱਕਾ ਸੀ, ਪਾਕਿਸਤਾਨ ਦਾ ਬਹੁਤ ਵੱਡਾ ਤੇ ਮਸ਼ਹੂਰ ਸ਼ਹਿਰ ਹੈ। ਇਸੇ ਗੁੱਜਰਾਂਵਾਲਾ ਵਿਚ ਮਹਾਰਾਜਾ ਰਣਜੀਤ ਸਿੰਘ ਜੀ ਦਾ ਜਨਮ ਹੋਇਆ ਸੀ। ਸ਼ਹਿਰ ਬਹੁਤ ਵੱਡਾ ਹੈ। ਰਾਤ ਹੋਣ ਕਰਕੇ ਆਸੇ-ਪਾਸੇ ਜਗਦੀਆਂ ਲਾਈਟਾਂ ਸ਼ਹਿਰ ਨੂੰ ਚਾਰ ਚੰਨ ਲਾ ਰਹੀਆਂ ਸਨ। ਗੁੱਜਰਾਂਵਾਲਾ ਸਟੇਸ਼ਨ 'ਤੇ ਗੱਡੀ ਥੋੜ੍ਹਾ ਚਿਰ ਰੁਕੀ ਤੇ ਫਿਰ ਚੱਲ ਪਈ। ਪੁਲਿਸ ਵਾਲਾ ਇੱਧਰਲੇ ਇਲਾਕੇ ਦਾ ਹੋਣ ਕਰਕੇ ਚੱਪੇ-ਚੱਪੇ ਦਾ ਭੇਤੀ ਸੀ ਤੇ ਉਹ ਸਾਨੂੰ ਦੱਸ ਰਿਹਾ ਸੀ ਹੁਣ ਕਿਹੜਾ ਸ਼ਹਿਰ ਆਇਆ ਹੈ ਤੇ ਅੱਗੇ ਕਿਹੜਾ ਆਉਣਾ ਹੈ। ਮੇਰੇ ਕਈ ਸਾਥੀ ਨੀਂਦ ਦੇ ਝੂਟੇ ਲੈ ਰਹੇ ਸਨ, ਪਰ ਮੈਨੂੰ ਤਾਂ ਨੀਂਦ ਨਹੀਂ ਸੀ ਆਈ। ਸਾਡੇ ਸਾਰਿਆਂ 'ਚੋਂ ਸੇਵਕ ਸਭ ਤੋਂ ਵੱਧ ਸੌਂਦਾ ਸੀ। ਚੱਲਦੀ ਹੋਈ ਟਰੇਨ ਲਾਲਾ ਮੂਸਾ ਸਟੇਸ਼ਨ 'ਤੇ ਪਹੁੰਚ ਗਈ। ਰਾਤ ਦੇ ਗਿਆਰਾਂ ਤੋਂ ਉੱਪਰ ਦਾ ਸਮਾਂ ਹੋ

ਗਿਆ ਸੀ। ਹੁਣ ਮੈਂ ਵੀ ਕਾਪੀ ਪੈੱਨ ਬੰਦ ਕਰ ਕੇ ਬੈਠਾ ਸੀ। ਰਾਤ ਹੋਣ ਕਰਕੇ ਬਾਹਰ ਕੁਝ ਦਿਖਾਈ ਨਹੀਂ ਸੀ ਦਿੰਦਾ। ਜਗਦੀਆਂ ਲਾਈਟਾਂ ਦੂਰ-ਦੂਰ ਤੱਕ ਦਿੱਸ ਰਹੀਆਂ ਸਨ। ਸਾਡੀ ਟਰੇਨ ਰਾਵਲਪਿੰਡੀ ਦੇ ਸਟੇਸ਼ਨ ’ਤੇ ਆ ਰੁਕੀ। ਰਾਵਲਪਿੰਡੀ ਵੀ ਪਾਕਿਸਤਾਨ ਦਾ ਮਸ਼ਹੂਰ ਸ਼ਹਿਰ ਹੈ ਤੇ ਬੇਨਜ਼ੀਰ ਭੁੱਟੋ ਨੂੰ ਇਸ ਸ਼ਹਿਰ ਵਿਚ ਹੀ ਮਾਰਿਆ ਗਿਆ ਸੀ ਤੇ ਉਦੋਂ ਤਕਰੀਬਨ ਡੇਢ ਕੁ ਸੌ ਬੰਦਾ ਇਸ ਸ਼ਹਿਰ ਵਿਚ ਮਰਿਆ ਸੀ। ਇਹ ਪਹਾੜੀ ਏਰੀਆ ਹੈ ਤੇ ਜੰਗਲ ਵਰਗਾ ਇਲਾਕਾ ਹੈ। ਇੱਥੇ ਰਾਤ ਦਾ ਸਮਾਂ ਹੋਣ ਕਰਕੇ ਤੇ ਇੱਕ ਬੇਨਜ਼ੀਰ ਦੀ ਘਟਨਾ ਕਰਕੇ ਖੌਫ਼ ਜਿਹਾ ਆ ਰਿਹਾ ਸੀ। ਮੇਰੇ ਸਾਰੇ ਸਾਥੀ ਵੀ ਟਰੇਕ ਰੁਕ ਜਾਣ ’ਤੇ ਜਾਗ ਪਏ ਸਨ। ਸਾਰੇ ਰਾਵਲਪਿੰਡੀ ਦੀਆਂ ਹੀ ਗੱਲਾਂਬਾਤਾਂ ਕਰ ਰਹੇ ਸਨ। ਇਥੇ ਟਰੇਨਾਂ ਦੇ ਕਈ ਕਰਾਸ ਹੋਏ ਸਨ। ਪਾਕਿਸਤਾਨ ਦੀਆਂ ਕਈ ਯਾਤਰੀ ਟਰੇਨਾਂ ਨੂੰ ਕਰਾਸ ਦਿੱਤਾ ਗਿਆ ਸੀ। ਜਦੋਂ ਵੀ ਰਸਤੇ ਵਿੱਚ ਕੋਈ ਕਰਾਸ ਪੈਂਦਾ ਸੀ ਤਾਂ ਜੱਥੇ ਵਾਲੀ ਟਰੇਨ ਨੂੰ ਹੀ ਰੁੱਕਣਾ ਹੁੰਦਾ ਹੈ। ਇੱਥੇ ਖੜ੍ਹਿਆਂ ਨੂੰ ਰਾਤ ਦੇ ਦੋ ਵੱਜ ਗਏ ਸਨ। ਪੁਲਿਸ ਵਾਲੇ ਥੱਲੇ ਉੱਤਰ ਕੇ ਖੜ੍ਹੇ ਸਨ। ਕਈ ਯਾਤਰੀ ਗੱਡੀ ਵਿਚ ਬੈਠੇ ਹੋਏ ਦੁਕਾਨਦਾਰਾਂ ਤੋਂ ਚੀਜ਼ਾਂ ਵੀ ਮੰਗਵਾ ਰਹੇ ਸਨ। ਮੈਂ ਸੋਚ ਰਿਹਾ ਸੀ ਬਈ ਸਾਥੋਂ ਪਹਿਲਾਂ ਵਾਲੀਆਂ ਟਰੇਨਾਂ ਤਾਂ ਪੰਜਾ ਸਾਹਿਬ ਵਿਖੇ ਪਹੁੰਚ ਗਈਆਂ ਹੋਣਗੀਆਂ ਤੇ ਸਾਡੀ ਤੀਜੀ ਆਖਰੀ ਟਰੇਨ ਹੋਣ ਕਰਕੇ ਅਸੀਂ ਬਾਅਦ ਵਿਚ ਪਹੁੰਚਣਾ ਸੀ। ਮੈਂ ਆਪਣੇ ਸਾਥੀਆਂ ਨੂੰ ਕਹਿ ਰਿਹਾ ਸੀ ‘ਯਾਰ ਅਗਲੀ ਵਾਰ ਜੇ ਪਾਕਿਸਤਾਨ ਆਏ ਤਾਂ ਪਹਿਲੀ ਟਰੇਨ ’ਤੇ ਬੈਠਣਾ ਹੈ। ‘ ਗੱਡੀ ਫਿਰ ਅੱਗੇ ਵੱਲ ਰਵਾਨਾ ਹੋ ਗਈ। ਪੁਲਿਸ ਵਾਲੇ ਨੇ ਕਿਹਾ ‘ਸਰਦਾਰੋ ਚਾਦਰਾਂ-ਛਾਦਰਾਂ ਲੈ ਲਵੋ ਤੇ ਕੋਟ-ਛੋਟ ਪਾ ਲਵੋ, ਅੱਗੇ ਇਸਲਾਮਾਬਾਦ ਆਉਣ ਵਾਲਾ ਹੈ ਤੇ ਠੰਡ ਕਾਫੀ ਹੈ, ਪਹਾੜੀ ਏਰੀਆ ਹੈ। ਚਲਦੀ ਹੋਈ ਟਰੇਨ ਇਸਲਾਮਾਬਾਦ ਪਹੁੰਚ ਗਈ। ਇਸਲਾਮਾਬਾਦ ਲਹਿੰਦੇ ਪੰਜਾਬ ਦੀ ਰਾਜਧਾਨੀ ਹੈ ਤੇ ਪਹਾੜੀ ’ਤੇ ਵੱਸਿਆ ਹੋਇਆ ਇਹ ਸ਼ਹਿਰ ਬਹੁਤ ਹੀ ਖੂਬਸੂਰਤ ਤੇ ਰਮਨੀਕ ਜਗ੍ਹਾ ਹੈ। ਇਹ ਸਾਡੇ ਚੰਡੀਗੜ੍ਹ ਵਾਂਗੂ ਨਵਾਂ ਵਸਿਆ ਸ਼ਹਿਰ ਹੈ। ਚੜ੍ਹਦੇ ਪੰਜਾਬ ਵਿਚ ਚੰਡੀਗੜ੍ਹ ਸ਼ਹਿਰ ਨਵਾਂ ਵਸਿਆ ਹੈ ਤੇ ਉੱਧਰ ਇਸਲਾਮਾਬਾਦ। ਇੱਧਰ ਚੰਡੀਗੜ੍ਹ ਖੂਬਸੂਰਤ ਹੈ ਤੇ ਉਧਰ ਇਸਲਾਮਾਬਾਦ। ਪਹਾੜੀ ’ਤੇ ਸ਼ਹਿਰ ਵਿਚ ਜਗਦੀਆਂ ਲਾਈਟਾਂ ਦੂਰੋਂ ਅਕਾਸ਼ ਵਿਚ ਚਮਕਦੇ ਤਾਰਿਆਂ ਵਾਂਗੂ ਲੱਗ ਰਹੀਆਂ ਸਨ। ਇਸਲਾਮਾਬਾਦ ਤੋਂ ਚੱਲ ਕੇ ਟਰੇਨ ਹਸਨ ਅਬਦਾਲ (ਪੰਜਾ ਸਾਹਿਬ ਜੀ) ਦੇ ਰੇਲਵੇ ਸਟੇਸ਼ਨ ’ਤੇ ਪਹੁੰਚ ਗਈ। ਮੁਲਾਜ਼ਮ ਕਹਿ ਰਹੇ ਸਨ ‘ਚੰਗਾ ਸਰਦਾਰ ਜੀ ਹੁਣ ਇਥੋਂ ਵਾਪਸੀ ਤੇ ਮਿਲਾਂਗੇ। ’ ਸਾਰੇ ਯਾਤਰੀ ਆਪੋ-ਆਪਣਾ ਸਮਾਨ ਚੁੱਕ ਕੇ ਗੱਡੀ ਵਿਚੋਂ ਉਤਰ ਗਏ ਤੇ ਹੁਣ ਰਾਤ ਦੇ ਤਿੰਨ ਵੱਜ ਚੁੱਕੇ ਸਨ। ਸਟੇਸ਼ਨ ਦੇ ਬਾਹਰ ਖੜੀਆਂ ਬੱਸਾਂ ਵਿਚ ਸਾਰੇ ਯਾਤਰੀ ਬੈਠ ਗਏ। ਬੱਸਾਂ ਵਾਲੇ ਆਪ ਸਮਾਨ ਫੜ੍ਹ-ਫੜ੍ਹ ਬੱਸਾਂ ਵਿਚ ਰੱਖ ਰਹੇ ਸਨ। ਇੱਥੇ ਪੁਲਿਸ ਫੋਰਸ ਦਾ ਏਨਾ ਪ੍ਰਬੰਧ ਸੀ ਕਿ ਸਾਰਾ ਸ਼ਹਿਰ ਪੁਲਿਸ ਛਾਉਣੀ ਵਿਚ ਬਦਲਿਆ ਹੋਇਆ ਸੀ। ਅਸਲ ਵਿਚ ਪੰਜਾ ਸਾਹਿਬ ਵਿਚ ਦੋਹਾਂ ਮੁਸਲਮਾਨ ਗੁੱਟਾਂ ਵਿਚਾਲੇ ਇਕ ਦਿਨ ਪਹਿਲਾਂ

ਲੜਾਈ ਹੋਈ ਸੀ ਤੇ 4-5 ਬੰਦੇ ਵੀ ਮਾਰੇ ਗਏ ਸਨ। ਇਸ ਕਰਕੇ ਇਥੇ ਕਰਫਿਊ ਵਰਗਾ ਮਾਹੌਲ ਸੀ, ਬੱਸਾਂ ਵਿਚ ਬਿਠਾ ਕੇ ਗੁਰਦੁਆਰਾ ਦੇ ਮੇਨ ਗੇਟ ਤੇ ਉਤਾਰਿਆ ਗਿਆ ਤੇ ਹੌਲੀ-ਹੌਲੀ ਸਾਰੇ ਯਾਤਰੀ ਪੰਜਾ ਸਾਹਿਬ ਗੁਰਦੁਆਰੇ ਵਿਚ ਦਾਖਲ ਹੋ ਗਏ। ਇੱਥੇ ਹੁਣ ਤਕੜੇ ਦੇ ਸਾਢੇ ਕੁ ਤਿੰਨ ਵੱਜਣ ਵਾਲੇ ਸਨ। ਪਹਿਲਾ ਕੰਮ ਇੱਥੇ ਕਮਰਾ ਲੱਭਣਾ ਸੀ। ਇੱਥੇ ਸਾਡਾ 128 ਨੰਬਰ ਕਮਰਾ ਸੀ। ਜਦ ਅਸੀਂ ਕਮਰੇ ਵਿਚ ਗਏ ਤਾਂ ਉਹ ਸਾਡੇ ਸਾਰਿਆਂ ਮੁਤਾਬਿਕ ਛੋਟਾ ਸੀ। ਅਸੀਂ 10 ਜਣੇ ਸੀ ਤੇ ਕਮਰਾ 6-7 ਜਣਿਆ ਵਾਸਤੇ ਸੀ। ਮੈਂ ਤੇ ਸੇਵਕ ਫਿਰ ਉਸ ਵਿਅਕਤੀ ਕੋਲ ਗਏ ਜਿਹੜਾ ਕਮਰੇ ਦੀਆਂ ਚਾਬੀਆਂ ਦੇ ਰਿਹਾ ਸੀ ਤੇ ਦੱਸਿਆ ਕਿ ਅਸੀਂ ਜ਼ਿਆਦਾ ਜਣੇ ਹਾਂ ਤੇ ਕਮਰਾ ਛੋਟਾ ਹੈ। ਉਸ ਨੇ ਕਿਹਾ ਕਿ ਸੰਗਤਾਂ ਬਹੁਤ ਹਨ। ਕਮਰੇ ਤਾਂ ਬਸ ਇਹੀ ਹਨ ਤੁਸੀਂ ਕਮਰੇ ਦੇ ਮੂਹਰੇ ਬਣੇ ਬਰਾਂਡੇਨੁਮਾ ਕਮਰੇ ਵਿਚ ਵੀ ਠਹਿਰ ਸਕਦੇ ਜੇ। ਇਹ ਕਮਰਾ ਬੇਸਮੈਂਟ ਵਿਚ ਸੀ ਤੇ ਬੇਸਮੈਂਟ ਸਾਰੀ ਛੱਤੀ ਹੋਈ ਸੀ ਤੇ ਥਾਂ ਵੀ ਕਾਫੀ ਨਿੱਘਾ ਸੀ। ਉਂਝ ਭਾਵੇਂ ਇੱਥੇ ਕੋਟੀਆਂ ਸਵਾਟਰਾਂ ਦੀ ਠੰਡ ਸੀ ਪਰ ਬੇਸਮੈਂਟ ਕਾਰਨ ਠੰਡ ਤੋਂ ਕਾਫੀ ਰਾਹਤ ਸੀ। ਸੋ ਅਸੀਂ ਆਪੋ-ਆਪਣੇ ਕੰਬਲ, ਚਾਦਰਾਂ, ਲੋਈਆਂ, ਜੋ ਕੁਝ ਵੀ ਸੀ ਦਰੀਆਂ ’ਤੇ ਵਿਛਾ ਕੇ ਲੰਮੇ ਪੈ ਗਏ। ਕਈਆਂ ਨੇ ਦਰੀਆਂ ਹੀ ਉੱਤੇ ਲੈ ਲਈਆਂ। ਸਾਰੀ ਰਾਤ ਟਰੇਨ ਵਿਚ ਲੰਘ ਜਾਣ ਕਾਰਨ ਥੱਕੇ ਹੋਏ ਸੀ ਸੋ ਪਤਾ ਹੀ ਨਹੀਂ ਲੱਗਾ ਕਦੋਂ ਨੀਂਦ ਆ ਗਈ। ਸਵੇਰੇ ਉੱਠ ਕੇ ਸਭ ਤੋਂ ਪਹਿਲਾਂ ਗੁਰਦੁਆਰਾ ਸਾਹਿਬ ਵਿਚੋਂ ਲੰਘਦੀ ਨਦੀ ਵਿਚ ਇਸ਼ਨਾਨ ਕੀਤੇ ਤੇ ਫਿਰ ਸਰੋਵਰ ਵਿਚ ਇਸ਼ਨਾਨ ਕਰਕੇ ਸਾਰੇ ਜਣੇ ਅੰਦਰ ਦਰਬਾਰ ਸਾਹਿਬ ਵਿਚ ਮੱਥਾ ਟੇਕਣ ਵਾਸਤੇ ਚਲੇ ਗਏ। ਗੁਰਦੁਆਰਾ ਪੰਜਾ ਸਾਹਿਬ ਜੀ ਲਾਹੌਰ ਤੋਂ ਪਿਸ਼ਾਵਰ ਵੱਲ ਜਾਂਦਿਆਂ ਲਾਹੌਰ ਤੋਂ ਤਕਰੀਬਨ ਚਾਰ ਕੁ ਸੌ ਕਿਲੋਮੀਟਰ ਦੀ ਦੂਰੀ ’ਤੇ ਹੈ। ਪਹਿਲਾਂ ਇਸ ਦਾ ਨਾਮ ਹਸਨ ਅਬਦਾਲ ਸੀ ਤੇ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੇ 1521 ਈ: ਨੂੰ ਇਸ ਜਗ੍ਹਾ ’ਤੇ ਆਪਣੇ ਚਰਨ ਪਾਏ ਸਨ। ਇਤਿਹਾਸ ਮੁਤਾਬਕ ਜਦ ਸ੍ਰੀ ਗੁਰੂ ਨਾਨਕ ਦੇਵ ਜੀ ਆਪਣੇ ਸਾਥੀ ਮਰਦਾਨਾ ਜੀ ਦੇ ਨਾਲ ਇੱਥੇ ਪਹੁੰਚੇ ਸਨ ਤਾਂ ਮਰਦਾਨੇ ਨੂੰ ਪਾਣੀ ਦੀ ਬਹੁਤ ਪਿਆਸ ਲੱਗੀ ਸੀ ਤੇ ਇਸ ਇਲਾਕੇ ਨੂੰ ਪਹਾੜੀ ’ਤੇ ਬੈਠਾ ਮੁਸਲਮਾਨ ਪੀਰ ਵਲੀ ਕੰਧਾਰੀ ਹੀ ਸਾਰਿਆਂ ਨੂੰ ਪਾਣੀ ਸਪਲਾਈ ਕਰਦਾ ਸੀ ਜਾਂ ਇਉਂ ਕਹਿ ਲਵੋ ਕਿ ਸਿਰਫ਼ ਉਸ ਕੋਲ ਹੀ ਪਾਣੀ ਦਾ ਪ੍ਰਬੰਧ ਸੀ। ਸਾਰੇ ਲੋਕ ਉਪਰੋਂ ਪਹਾੜੀ ਤੋਂ ਹੀ ਜਾ ਕੇ ਪਾਣੀ ਲਿਆਉਂਦੇ ਸਨ। ਗੁਰੂ ਨਾਨਕ ਦੇਵ ਜੀ ਨੇ ਵੀ ਮਰਦਾਨਾ ਜੀ ਨੂੰ ਉਪਰੋਂ ਜਾ ਕੇ ਪਾਣੀ ਪੀ ਆਉਣ ਲਈ ਕਿਹਾ ਤਾਂ ਬਾਕੀ ਲੋਕਾਂ ਵਾਂਗ ਮਰਦਾਨਾ ਜੀ ਵੀ ਉੱਪਰ ਪਹਾੜੀ ਤੇ ਚਲਾ ਗਿਆ ਤੇ ਵਲੀ ਕੰਧਾਰੀ ਨੂੰ ਪਾਣੀ ਪਿਆਉਣ ਦੀ ਬੇਨਤੀ ਕੀਤੀ। ਕੰਧਾਰੀ ਨੇ ਕਿਹਾ ਅਜੇ ਬੜੀ ਲੰਮੀ ਲਾਈਨ ਲੱਗੀ ਹੈ। ਅਜੇ ਮੇਰੇ ਕੋਲ ਟਾਇਮ ਨਹੀਂ, ਠਹਿਰ ਕੇ ਆਵੀਂ। ਮਰਦਾਨਾ ਵਾਪਸ ਗੁਰੂ ਜੀ ਕੋਲ ਆ ਗਿਆ ਤੇ ਸਾਰੀ ਕਹਾਣੀ ਦੱਸੀ। ਬਾਬਾ ਜੀ ਨੇ ਕਿਹਾ ਮਰਦਾਨਿਆ ਤੂੰ ਉਸ ਨੂੰ ਨਿਮਰਤਾ ਸਾਹਿਤ ਬੇਨਤੀ ਕਰ ਉਹ ਤੈਨੂੰ ਪਾਣੀ ਪਿਆਏਗਾ। ਮਰਦਾਨਾ ਦੂਜੀ ਵਾਰ

ਫਿਰ ਗਿਆ ਤੇ ਕੰਧਾਰੀ ਨੇ ਫਿਰ ਰੁੱਖੇ ਸ਼ਬਦਾਂ ਵਿਚ ਕਿਹਾ ਤੈਨੂੰ ਕਿਹਾ ਹੈ ਅਜੇ

ਟਾਈਮ ਨਹੀਂ ਠਹਿਰ ਕੇ ਆਵੀਂ। ਅਸਲ ਵਿਚ ਵਲੀ ਕੰਧਾਰੀ ਇਸ ਇਲਾਕੇ ਦਾ ਪੀਰ ਸੀ ਤੇ ਉਸ ਨੂੰ ਹੰਕਾਰ ਸੀ ਕਿ ਸਿਰਫ਼ ਮੈਂ ਹੀ ਇਥੋਂ ਦੇ ਲੋਕਾਂ ਨੂੰ ਪਾਣੀ ਦੇ ਸਕਦਾ ਹਾਂ ਤੇ ਗੁਰੂ ਜੀ ਨੇ ਤਾਂ ਇਹ ਕੌਤਕ ਹੀ ਰਚਣਾ ਸੀ ਤੇ ਵਲੀ ਕੰਧਾਰੀ ਦਾ ਉਧਾਰ ਕਰਨਾ ਸੀ। ਮਰਦਾਨਾ ਦੂਜੀ ਵਾਰ ਵੀ ਮੁੜ ਆਇਆ। ਬਾਬਾ ਜੀ ਦੇ ਕਹਿਣ ’ਤੇ ਮਰਦਾਨਾ ਜੀ ਤੀਜੀ ਵਾਰ ਮੁੜ ਢਾਈ-ਤਿੰਨ ਕਿਲੋਮੀਟਰ ਦਾ ਸਫ਼ਰ ਤੈਅ ਕਰਕੇ ਵਲੀ ਕੰਧਾਰੀ ਪਾਸ ਪਹੁੰਚਿਆ, ਵਲੀ ਨੇ ਦੂਰੋਂ ਵੇਖਦਿਆਂ ਹੀ ਗੁੱਸੇ ਭਰੇ ਸ਼ਬਦ ਬੋਲਣੇ ਸ਼ੁਰੂ ਕਰ ਦਿੱਤੇ ਕਿ ਤੈਨੂੰ ਕਿੰਨੀ ਵਾਰ ਕਿਹਾ ਹੈ ਕਿ ਅਜੇ ਟਾਇਮ ਨਹੀਂ ਠਹਿਰ ਕੇ ਆਈਂ ਜੇ ਤੇਰਾ ਗੁਰੂ ਏਡਾ ਹੀ ਵੱਡਾ ਹੈ ਤਾਂ ਉਹ ਪਾਣੀ ਆਪ ਕਿਉਂ ਨਹੀਂ ਪੈਦਾ ਕਰ ਲੈਂਦਾ, ਇਹ ਸੁਣ ਕੇ ਮਰਦਾਨਾ ਅਤੀ ਨਰਾਜ਼ ਹੋ ਕੇ ਵਾਪਸ ਆ ਗਿਆ ਤੇ ਸਾਰੀ ਗੱਲ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਦੱਸੀ। ਬਾਬਾ ਜੀ ਨੇ ਕਿਹਾ ਮਰਦਾਨਿਆ ਆਹ ਪੱਥਰ ਪਾਸੇ ਕਰ ਤੇ ਟੋਆ ਪੁੱਟ। ਜਦ ਮਰਦਾਨੇ ਨੇ ਉਸੇ ਤਰ੍ਹਾਂ ਕੀਤਾ ਤਾਂ ਪਾਣੀ ਦਾ ਝਰਨਾ ਵਹਿ ਤੁਰਿਆ। ਮਰਦਾਨੇ ਨੇ ਰੱਜ ਕੇ ਪਾਣੀ ਛਕਿਆ ਤੇ ਆਪਣੀ ਪਿਆਸ ਬੁਝਾਈ। ਇਸ ਤਰ੍ਹਾਂ ਵਲੀ ਕੰਧਾਰੀ ਦਾ ਉੱਪਰ ਇਕੱਠਾ ਕੀਤਾ ਹੋਇਆ ਪਾਣੀ ਸਾਰਾ ਖ਼ਤਮ ਹੋ ਗਿਆ। ਉਹ ਰੋਇਆ, ਪਿੱਟਿਆ ਤੇ ਗੁੱਸੇ ਵਿਚ ਕ੍ਰੋਧਵਾਨ ਹੋ ਗਿਆ ਤੇ ਉਸ ਨੇ ਇਕ ਬੜਾ ਵੱਡਾ ਤੇ ਭਾਰੀ ਪੱਥਰ ਪਹਾੜੀ ਤੋਂ ਥੱਲੇ ਵੱਲ ਨੂੰ ਰੇੜ ਦਿੱਤਾ। ਪੱਥਰ ਨੂੰ ਆਉਂਦਿਆਂ ਵੇਖ ਮਰਦਾਨਾ ਡਰਿਆ ਤੇ ਬਾਬਾ ਜੀ ਨੂੰ ਕਿਹਾ ਹੁਣ ਕੀ ਕਰੀਏ ਤਾਂ ਬਾਬਾ ਜੀ ਨੇ ਕਿਹਾ ਮਰਦਾਨਿਆ ਡਰਨ ਦੀ ਕੋਈ ਲੋੜ ਨਹੀਂ ਸਤਿ ਕਰਤਾਰ ਕਹੋ ਰੱਬ ਭਲੀ ਕਰੇਗਾ। ਜਦ ਪੱਥਰ ਬਿਲਕੁਲ ਨਜ਼ਦੀਕ ਆ ਗਿਆ ਤਾਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੀ ਬਾਂਹ ਉੱਪਰ ਵੱਲ ਨੂੰ ਕਰਕੇ ਪੰਜੇ ’ਤੇ ਪੱਥਰ ਨੂੰ ਰੋਕ ਦਿੱਤਾ। ਮਰਦਾਨਾ ਹੱਸਿਆ ਤੇ ਵਲੀ ਕੰਧਾਰੀ ਨੂੰ ਇਸ ਗੱਲ ਦਾ ਪਤਾ ਲੱਗਾ ਕਿ ਉਨ੍ਹਾਂ ਤਾਂ ਪੱਥਰ ਨੂੰ ਆਪਣੇ ਪੰਜੇ ਨਾਲ ਰੋਕ ਲਿਆ ਹੈ ਤਾਂ ਉਸ ਦੇ ਦਿਲ ਵਿਚ ਆਇਆ ਇਹ ਕੋਈ ਵਾਕਿਆ ਹੀ ਕਰਨੀ ਵਾਲਾ ਹੈ ਤੇ ਉਹ ਪਹਾੜੀ ਤੋਂ ਥੱਲੇ ਉੱਤਰ ਕੇ ਬਾਬਾ ਜੀ ਦੇ ਚਰਨਾਂ ’ਤੇ ਢਹਿ ਪਿਆ ਤੇ ਕਹਿਣ ਲੱਗਾ, “ਮੈਥੋਂ ਭੁੱਲ ਹੋ ਗਈ ਮੈਨੂੰ ਮਾਫ਼ ਕਰ ਦਿਓ ਤੇ ਆਪਣਾ ਸੇਵਕ ਬਣਾ ਲਵੋ।” ਬਾਬਾ ਜੀ ਨੇ ਕਿਹਾ, “ਬਈ ਹੰਕਾਰ ਨਹੀਂ ਕਰਨਾ ਚਾਹੀਦਾ ਤੇ ਸਾਰਿਆਂ ਨੂੰ ਇਕੋ ਜਿਹਾ ਸਮਝਣਾ ਚਾਹੀਦਾ ਹੈ। ਤੂੰ ਹੰਕਾਰ ਵਿਚ ਆ ਕੇ ਕਹਿੰਦਾ ਸੀ ਬਈ ਸਾਰੇ ਇਲਾਕੇ ਨੂੰ ਮੈਂ ਹੀ ਪਾਣੀ ਦਿੰਦਾ ਹਾਂ, ਪਰ ਉਸ ਪ੍ਰਮਾਤਮਾ ਤੋਂ ਵੱਡਾ ਕੋਈ ਨਹੀਂ।” ਵਲੀ ਕੰਧਾਰੀ ਬਾਅਦ ਵਿਚ ਬਾਬਾ ਜੀ ਦਾ ਸੇਵਕ ਬਣ ਗਿਆ। ਵਲੀ ਕੰਧਾਰੀ ਦਾ ਸਥਾਨ ਗੁਰਦੁਆਰਾ ਸਾਹਿਬ ਤੋਂ ਢਾਈ ਤਿੰਨ ਕਿਲੋਮੀਟਰ ਉੱਪਰ ਪਹਾੜੀ ’ਤੇ ਸਥਿਤ ਹੈ ਜਿਸ ਬਾਰੇ ਮੈਂ ਅੱਗੇ ਲਿਖਾਂਗਾ। ਗੁਰਦੁਆਰਾ ਪੰਜਾ ਸਾਹਿਬ ਜੀ ਵਿਖੇ ਪੰਜੇ ਦੇ ਨਿਸ਼ਾਨ ਵਾਲਾ ਉਹ ਪੱਥਰ ਹਾਲੇ ਵੀ ਜਿਉਂ ਦਾ ਤਿਉਂ ਹੈ। ਪੱਥਰ ਉੱਤੇ ਉਸੇ ਤਰ੍ਹਾਂ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪੰਜਾ ਲੱਗਾ ਹੋਇਆ ਹੈ ਤੇ ਨੀਵਾਂ

ਹੋਣ ਕਰਕੇ ਹੁਣ ਇਹ ਸਰੋਵਰ ਦੇ ਵਿਚ ਹੀ ਆ ਗਿਆ ਹੈ। ਸੰਗਤਾਂ ਨਾਲੋਂ-ਨਾਲ ਇਸ਼ਨਾਨ ਵੀ ਕਰਦੀਆਂ ਹਨ ਤੇ ਨਾਲੇ ਉਸ ਪੰਜੇ ਦੇ ਦਰਸ਼ਨ ਕਰਦੀਆਂ ਹਨ ਅਤੇ ਆਪਣੇ ਹੱਥ ਦੇ ਪੰਜੇ ਉਸ ਵਿਚ ਲਾਉਂਦੀਆਂ ਹਨ। ਸਰੋਵਰ ਦਾ ਜਲ ਬੜਾ ਸਾਫ਼ ਤੇ ਨਿੱਘਾ ਸੀ, ਜੀ ਕਰਦਾ ਸੀ ਇਸ਼ਨਾਨ ਕਰੀ ਜਾਈਏ ਕਿਉਂਕਿ ਬਾਹਰ ਥੋੜ੍ਹੀ ਠੰਡ ਸੀ ਤੇ ਜਲ ਨਿੱਘਾ ਸੀ। ਅਨੰਦ ਬੜਾ ਆ ਰਿਹਾ ਸੀ, ਬਾਹਰ ਨਿਕਲਣ ਨੂੰ ਜੀਅ ਨਹੀਂ ਸੀ ਕਰਦਾ। ਇਸ਼ਨਾਨ ਕਰਕੇ ਅਸੀਂ ਆਪਣੇ ਕਮਰੇ ਵਿੱਚ ਆ ਕੇ ਤਿਆਰ ਹੋ ਕੇ ਗੁਰਦੁਆਰਾ ਸਾਹਿਬ ਦੀ ਹਜ਼ੂਰੀ ਅੰਦਰ ਮੱਥਾ ਟੇਕਣ ਚਲੇ ਗਏ। ਇਸ ਸਥਾਨ ਦੀ ਸੇਵਾ ਸਰਦਾਰ ਹਰੀ ਸਿੰਘ ਨਲੂਆ ਨੇ ਕਰਵਾਈ ਸੀ ਅਤੇ ਫਿਰ ਮਹਾਰਾਜਾ ਰਣਜੀਤ ਸਿੰਘ ਵੀ ਇਸ ਸਥਾਨ ਦੇ ਦਰਸ਼ਨਾਂ ਨੂੰ ਆਇਆ ਸੀ। ਇੱਥੇ ਸਾਲ ਵਿਚ ਚਾਰ ਵਾਰ ਸਿੱਖ ਸੰਗਤਾਂ ਜੁੜਦੀਆਂ ਹਨ ਤੇ ਵਿਸਾਖੀ ਦਾ ਬੜਾ ਭਾਰੀ ਮੇਲਾ ਲੱਗਦਾ ਹੈ। ਗੁਰਦੁਆਰਾ ਸਾਹਿਬ ਜੀ ਦੀ ਤਿੰਨ ਮੰਜ਼ਿਲਾ ਇਮਾਰਤ ਹੈ। ਪਹਿਲੀ ਹੁਣ ਸਰੋਵਰ ਵਿਚ ਆ ਚੁੱਕੀ ਹੈ ਤੇ ਦੂਜੀ ’ਤੇ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੈ ਤੇ ਤੀਜੀ ’ਤੇ ਸੱਚਖੰਡ ਬਣਿਆ ਹੋਇਆ ਹੈ। ਇਸ ਸਥਾਨ ਨਾਲ ਸੰਬੰਧਿਤ ਇਕ ਘਟਨਾ ਦਾ ਜ਼ਿਕਰ ਹੋਰ ਹੈ ਕਿ ਤੀਹ ਅਕਤੂਬਰ 1922 ਈ: ਨੂੰ ਗੁਰੂ ਕੇ ਬਾਗ ਵਾਲੇ ਮੋਰਚੇ ਦੇ ਬੰਦੀ ਬਣਾਏ ਸਿੰਘਾਂ ਨੂੰ ਅਟਕ ਜੇਲ੍ਹ ਵਿਚ ਬੰਦ ਕਰਨ ਵਾਸਤੇ ਲਿਜਾਇਆ ਜਾ ਰਿਹਾ ਸੀ। ਇੱਥੇ ਪੰਜਾ ਸਾਹਿਬ ਜੀ ਦੀ ਸਾਧ ਸੰਗਤ ਨੇ ਉਹਨਾਂ ਬੰਦੀ ਬਣਾਏ ਸਿੰਘਾਂ ਨੂੰ ਲੰਗਰ ਪਾਣੀ ਛਕਾਉਣ ਦੀ ਬੇਨਤੀ ਅੰਗਰੇਜ਼ ਸਰਕਾਰ ਕੋਲ ਕੀਤੀ, ਪਰ ਅੰਗਰੇਜ਼ ਸਰਕਾਰ ਨੇ ਇਸ ਸਟੇਸ਼ਨ ’ਤੇ ਗੱਡੀ ਰੋਕਣ ਤੋਂ ਇਨਕਾਰ ਕਰ ਦਿੱਤਾ। ਸੰਗਤਾਂ ਨੇ ਗੱਡੀ ਨੂੰ ਰੋਕਣ ਦੀ ਠਾਣ ਲਈ ਅਤੇ ਇਕੱਠੇ ਹੋ ਕੇ ਉਹ ਗੱਡੀ ਦੀ ਲਾਈਨ ਤੇ ਲੇਟ ਗਏ ਜਦ ਗੱਡੀ ਆਈ ਤਾਂ ਉਹ ਰੁਕਦੀ-ਰੁਕਦੀ ਕਈ ਸਿੰਘਾਂ ਨੂੰ ਸ਼ਹੀਦ ਕਰ ਗਈ। ਇਸ ਤਰ੍ਹਾਂ ਸਰਦਾਰ ਪ੍ਰਤਾਪ ਸਿੰਘ ਤੇ ਸਰਕਾਰ ਕਰਮ ਸਿੰਘ ਵੀ ਗੱਡੀ ਹੇਠ ਆ ਕੇ ਸ਼ਹੀਦ ਹੋ ਗਏ। ਗੱਡੀ ਰੁਕ ਗਈ, ਬੰਦੀ ਬਣਾਏ ਸਿੰਘਾਂ ਨੂੰ ਲੰਗਰ ਛਕਾਇਆ ਗਿਆ ਅਤੇ ਬਾਅਦ ਵਿਚ ਸ਼ਹੀਦ ਹੋਏ ਸਿੰਘਾਂ ਦਾ ਅੰਤਿਮ ਸਸਕਾਰ ਕੀਤਾ ਗਿਆ। ਇਸ ਜਗ੍ਹਾ ’ਤੇ ਵੀ ਛੋਟਾ ਜਿਹਾ ਗੁਰਦੁਆਰਾ ਹੈ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੈ। ਦੋਵੇਂ ਸਮੇਂ ਸੰਗਤਾਂ ਇਸ ਜਗ੍ਹਾ ’ਤੇ ਵੀ ਜੁੜਦੀਆਂ ਹਨ। ਹੁਣ ਗੁਰਦੁਆਰਾ ਸਾਹਿਬ ਦੇ ਸਪੀਕਰ ਵਿਚੋਂ ਅਵਾਜ਼ਾਂ ਆ ਰਹੀਆਂ ਸਨ ਕਿ ਸੰਗਤਾਂ ਨੂੰ ਬੇਨਤੀ ਹੈ ਕਿ ਵਲੀ ਕੰਧਾਰੀ ਜਾਣ ਵਾਸਤੇ ਗੇਟ ’ਤੇ ਲਾਈਨ ਬਣਾ ਲੈਣ। ਇਕੱਲੇ-ਇਕੱਲੇ ਯਾਤਰੀ ਨੂੰ ਗੇਟ ਵਿਚੋਂ ਬਾਹਰ ਲੰਘਾਇਆ ਜਾ ਰਿਹਾ ਸੀ। ਹਾਲਾਤ ਤਣਾਅਪੂਰਨ ਹੋਣ ਕਰਕੇ ਪੁਲਿਸ ਫੋਰਸ ਵੀ ਸੰਗਤਾਂ ਦੇ ਨਾਲ-ਨਾਲ ਵਲੀ ਕੰਧਾਰੀ ਵੱਲ ਜਾ ਰਹੀ ਸੀ ਜਿਨ੍ਹਾਂ ’ਚ ਲੇਡੀਜ਼ ਪੁਲਿਸ ਦਾ ਪ੍ਰਬੰਧ ਵੀ ਸੀ। ਇਸ ਵਾਰ ਸਾਨੂੰ ਪੰਜਾ ਸਾਹਿਬ ਦੇ ਬਾਜ਼ਾਰਾਂ ਵਿਚ ਵੀ ਜਾਣ ਦੀ ਮਨਾਹੀ ਸੀ, ਪਰ ਜਦੋਂ ਮੈਂ 2008 ਵਿਚ ਏਥੇ ਆਇਆ ਸੀ ਤਾਂ ਸਾਰਾ ਬਜ਼ਾਰ ਤੇ ਆਸੇ-ਪਾਸੇ ਵੀ ਘੁੰਮ ਲਿਆ ਸੀ, ਪਰ ਇਸ ਵਾਰ ਗੁਰਦੁਆਰਾ ਸਾਹਿਬ ਵਿਚ ਹੀ ਰਹਿਣ ਦੀ ਤਾਗੀਦ ਸੀ ਤੇ ਬਾਕੀ

ਰਸਤਿਆਂ 'ਤੇ ਪੁਲਿਸ ਲੱਗੀ ਹੋਈ ਸੀ। ਅਸੀਂ ਸਾਰੀਆਂ ਸੰਗਤਾਂ ਦੇ ਨਾਲ ਹੌਲੀ-ਹੌਲੀ ਚੜ੍ਹਾਈ ਚੜ੍ਹਦੇ ਹੋਏ ਵਲੀ ਕੰਧਾਰੀ ਵੱਲ ਜਾ ਰਹੇ ਸੀ। ਗੁਰਦੁਆਰਾ ਸਾਹਿਬ ਤੋਂ ਵਲੀ ਕੰਧਾਰੀ ਦਾ ਸਥਾਨ ਤਿੰਨ ਕੁ ਕਿਲੋਮੀਟਰ ਦੀ ਦੂਰ 'ਤੇ ਹੈ। ਬਜ਼ਾਰ ਵਿਚ, ਸੜਕ, ਫਿਰ ਪੌੜੀਆਂ ਤੇ ਫਿਰ ਅੱਗੇ ਪਹਾੜੀ ਤੇ ਡੰਡੀਨੁਮਾ ਰਸਤਾ ਹੀ ਜਾਂਦਾ ਹੈ। ਮੈਂ ਬਲਵੀਰ, ਸੇਵਕ, ਸਾਹਿਬ, ਮਲਕੀਤ, ਚੰਨਾ ਤਕਰੀਬਨ ਇਕੱਠੇ ਹੀ ਸੀ ਬਲਵੀਰ ਖਹਿਰਾ, ਬਲਜੀਤ ਸੈਕਟਰੀ, ਮਾਹਨ ਸਿੰਘ, ਜਸਵੰਤ ਸਿੰਘ ਸਾਥੋਂ ਥੋੜ੍ਹਾ ਜਿਹਾ ਅੱਗੇ ਸੀ, ਪਟਵਾਰੀ ਤੇ ਬੀਬੀ ਜਗਦੀਸ਼ ਕੌਰ ਪਿੱਛੇ ਸਨ। ਰਸਤੇ ਵਿਚ ਪਟਵਾਰੀ ਕਹਿ ਰਿਹਾ ਸੀ ਬਈ ਬੂਟੇ ਮੈਥੋਂ ਨਹੀਂ ਜਾਇਆ ਜਾਣਾ, ਔਖਾ ਕੰਮ ਹੈ। ਮੈਂ ਕਿਹਾ 'ਪਟਵਾਰੀ ਸਾਹਿਬ ਹਿੰਮਤ ਨਾ ਹਾਰੋ, ਅੱਧਾ ਪੰਧ ਤਾਂ ਆਪਾਂ ਆ ਹੀ ਗਏ ਹਾਂ, ਨਾਲੇ ਆਪਾਂ ਨੂੰ ਕਿਹੜਾ ਕਹਾਲੀ ਆ ਹੌਲੀ-ਹੌਲੀ ਤੁਰੇ ਚੱਲਦੇ ਹਾਂ।' ਅਸੀਂ ਹੌਸਲਾ ਦੇ ਕੇ ਹੌਲੀ-ਹੌਲੀ ਚੱਲਦੇ ਗਏ। ਤਿੰਨ ਕਿਲੋਮੀਟਰ ਦੀ ਸਿੱਧੀ ਜਿਹੀ ਚੜ੍ਹਾਈ ਹੈ। ਸਾਰੀਆਂ ਸੰਗਤਾਂ ਸਾਹੋ-ਸਾਹ ਹੋਈਆਂ ਪਈਆਂ ਸਨ। ਅਸਲ ਵਿਚ ਪੰਜਾਬੀ ਹੁਣ ਆਪਣੇ ਹੱਥੀਂ ਕੰਮ ਨਹੀਂ ਕਰਦੇ ਤੇ ਆਲਸੀ ਹੋ ਗਏ ਹਨ ਤੇ ਸਾਰੇ ਹੀ ਵੱਡੇ-ਛੋਟੇ ਔਖ ਮਹਿਸੂਸ ਕਰ ਰਹੇ ਸਨ। ਸਾਡੇ ਵਿਚੋਂ ਇੱਕ ਹੋਰ ਸਾਥੀ ਕਰਨੈਲ ਸਿੰਘ ਸਾਹਬ ਦਾ ਵੀ ਮਾੜਾ ਹਾਲ ਸੀ। ਸਾਹ ਚੜ੍ਹ ਗਿਆ ਸੀ, ਫਿਰ ਠੀਕ ਹੋ ਗਿਆ। ਪੁਲੀਸ ਫੋਰਸ ਦੇ ਮੁਲਾਜ਼ਮ ਤੇ ਲੇਡੀਜ਼ ਵੀ ਸਾਡੇ ਨਾਲ-ਨਾਲ ਚੱਲਦੇ ਸਨ। ਉਨ੍ਹਾਂ ਨੂੰ ਕੋਈ ਸਾਹ ਨਹੀਂ ਸੀ ਚੜ੍ਹਿਆ, ਕਿਉਂਕਿ ਉਹ ਲੋਕ ਪਹਾੜੀ ਇਲਾਕੇ ਦੇ ਹੀ ਸਨ ਤੇ ਪਹਾੜੀਆਂ ਦੇ ਤਾਂ ਬੱਚੇ ਵੀ ਭੱਜ-ਭੱਜ ਪਹਾੜਾਂ 'ਤੇ ਚੜ੍ਹ ਜਾਂਦੇ ਹਨ। ਰਸਤੇ ਵਿਚ ਦਾਨੀ ਸੱਜਣ ਪਾਣੀ ਦੀਆਂ ਬੋਤਲਾਂ, ਟੌਫੀਆਂ, ਫਰੂਟੀਆਂ ਆਦਿ ਫਰੀ ਵਰਤਾ ਰਹੇ ਸਨ। ਉਂਝ ਇਸ ਰਸਤੇ 'ਤੇ ਕੁਝ ਕੁ ਦੁਕਾਨਾਂ ਵੀ ਮੌਜੂਦ ਸਨ। ਪਕੌੜੇ, ਚਾਹ ਤੇ ਹੋਰ ਨਿੱਕ ਸੁੱਕ ਖਾ-ਪੀ ਕੇ ਸੰਗਤਾਂ ਕੁਝ ਅਰਾਮ ਕਰਨ ਵਾਸਤੇ ਵੀ ਬੈਠ ਰਹੀਆਂ ਸਨ। ਚੱਲਦੇ ਹੋਏ ਅਸੀਂ ਹੁਣ ਬਸ ਪਹੁੰਚਣ ਵਾਲੇ ਹੀ ਸੀ। ਸਾਡੇ ਸੂਟ ਵੀ ਗਰਮ ਪਾਏ ਹੋਏ ਸਨ ਕਿਉਂਕਿ ਥੱਲੇ ਠੰਡ ਸੀ ਤੇ ਹੁਣ ਤੁਰ ਕੇ ਗਰਮੀ ਲੱਗ ਰਹੀ ਸੀ। ਅਸੀਂ ਕਮੀਜਾਂ ਦੇ ਬਟਨ ਵੀ ਖੋਲ੍ਹ ਦਿੱਤੇ ਸੀ ਫਿਰ ਵੀ ਗਰਮੀ ਲੱਗ ਰਹੀ ਸੀ। ਤੁਰਦੇ ਹੋਏ ਅਸੀਂ ਸਾਰੇ ਵਲੀ ਕੰਧਾਰੀ ਦੇ ਸਥਾਨ 'ਤੇ ਪਹੁੰਚ ਗਏ। ਬਾਹਰ ਜੋੜੇ ਲਾਹ ਕੇ ਪੌੜੀਆਂ ਚੜ੍ਹ ਕੇ ਉੱਪਰ ਜੋ ਕਮਰਾ ਬਣਿਆ ਹੋਇਆ ਹੈ ਉਸ ਵਿਚ ਥੜ੍ਹਾ ਬਣਾ ਕੇ ਕੰਧਾਰੀ ਦੀ ਸਮਾਧ ਬਣਾਈ ਹੋਈ ਹੈ। ਬੱਸ ਇਥੇ ਹੀ ਉਹ ਮੱਥੇ ਟੇਕਦੇ ਹਨ। ਅੰਦਰ ਤੇ ਬਾਹਰ ਚਿਰਾਗ ਜਗਾਏ ਹੋਏ ਸਨ ਤੇ ਕਮਰੇ ਨੂੰ ਵੀ ਹਰਾ ਗੂੜ੍ਹਾ ਰੰਗ ਕੀਤਾ ਹੋਇਆ ਸੀ ਤੇ ਮੁਸਲਮਾਨ ਪੀਰ ਹੋਣ ਕਾਰਨ ਚਾਦਰਾਂ ਵੀ ਹਰੇ ਰੰਗ ਦੀਆਂ ਹੀ ਵਿਛਾਈਆਂ ਹੋਈਆਂ ਸਨ। ਸਾਡੇ ਨਾਲ ਦਾ ਸਾਥੀ ਸੇਵਕ ਅੰਦਰ ਮੱਥਾ ਟੇਕਣ ਨਹੀਂ ਸੀ ਗਿਆ। ਉਸ ਨੇ ਅੰਮ੍ਰਿਤ ਛਕਿਆ ਹੋਣ ਕਰਕੇ ਉਸ ਦੇ ਦਿਲ ਦੀ ਧਾਰਨਾ ਸੀ ਕਿ ਕਿਤੇ ਹੋਰ ਮੱਥਾ ਨਹੀਂ ਟੇਕਣਾ ਪਰ ਮੈਨੂੰ ਇਕ ਹੋਰ ਜਥੇਦਾਰ ਜਿਹੜਾ ਬਰਨਾਲੇ ਤੋਂ ਆਇਆ ਸੀ ਤੇ ਸਾਬਤ ਸੂਰਤ ਸਿੰਘ ਅੰਮ੍ਰਿਤ ਛਕਿਆ ਹੋਇਆ ਸੀ ਤੇ

ਕਿਰਪਾਨ ਵੀ ਲੰਮੀ ਪਾਈ ਹੋਈ ਸੀ ਉਸ ਦਾ ਨਾਮ ਗੁਰਮੀਤ ਸੀ। ਉਹ ਉੱਪਰ ਮੈਨੂੰ ਮਿਲ ਗਿਆ। ਜਦ ਮੈਂ ਉਸ ਨਾਲ ਸਾਡੇ ਸਾਥੀ ਵਾਲੀ ਗੱਲ ਸਾਂਝੀ ਕੀਤੀ ਤਾਂ ਉਹ ਕਹਿ ਰਿਹਾ ਸੀ ਬਾਈ ਜੇ ਆ ਹੀ ਗਏ ਤਾਂ ਮੱਥਾ ਭਾਵੇਂ ਨਾ ਟੇਕੋ ਦਰਸ਼ਨ ਜ਼ਰੂਰ ਕਰੋ, ਨਾਲੇ ਵਲੀ ਕੰਧਾਰੀ ਬਾਬੇ ਨਾਨਕ ਦਾ ਬਾਅਦ ਵਿਚ ਸੇਵਕ ਬਣ ਗਿਆ ਸੀ। ਇਸ ਨੂੰ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਤੱਖ ਦਰਸ਼ਨ ਹੋਏ ਸਨ, ਤਾਂ ਹੀ ਤਾਂ ਲੋਕ ਇਸ ਜਗ੍ਹਾ ਮੇਲਾ ਲਗਾਉਂਦੇ ਹਨ। ਬਾਕੀ ਵਿਚਾਰ ਆਪੋ-ਆਪਣੇ ਹਨ। ਮੈਂ ਆਪਣੇ ਸਾਥੀਆਂ ਨੂੰ ਵੀ ਇਸ ਗੁਰਮੀਤ ਸਿੰਘ ਬਾਰੇ ਦੱਸਿਆ ਸੀ ਤੇ ਉਹ ਬੜੇ ਖ਼ੁਸ਼ ਹੋਏ ਸਨ। ਵਲੀ ਕੰਧਾਰੀ ਦੀ ਸਮਾਧ 'ਤੇ ਇੱਕ ਬੰਦਾ ਉਸ ਬਾਰੇ ਦੱਸ ਰਿਹਾ ਸੀ। ਉਸ ਮੁਤਾਬਕ ਵਲੀ ਕੰਧਾਰੀ ਦੀ ਸਮਾਧ ਦਾ ਪੱਕਾ ਪਤਾ ਨਹੀਂ ਪਰ ਸਿਰਫ ਉਸ ਦੀ ਤਸਵੀਰ ਮੌਜੂਦ ਹੈ। ਉਸ ਦੇ ਦੱਸਣ ਮੁਤਾਬਕ ਇਸ ਕਮਰੇ ਨੂੰ ਅਕਬਰ ਬਾਦਸ਼ਾਹ ਨੇ ਬਣਵਾਇਆ ਸੀ। ਐਤਵਾਰ ਨੂੰ ਇਥੇ ਕਾਫੀ ਭੀੜ ਹੁੰਦੀ ਹੈ। ਇੱਥੇ ਪ੍ਰਸ਼ਾਦੇ ਤੇ ਚਾਹ ਦਾ ਲੰਗਰ ਵੀ ਚੱਲਦਾ ਹੈ। ਬਾਰਾਂ ਸੌ ਫੁੱਟ ਦੀ ਉਚਾਈ 'ਤੇ ਹੁਣ ਪਾਣੀ ਦਾ ਪ੍ਰਬੰਧ ਥੱਲਿਓਂ ਉੱਪਰ ਲਿਜਾ ਕੇ ਕੀਤਾ ਹੋਇਆ ਹੈ। ਉੱਪਰ ਲਾਗੇ-ਲਾਗੇ ਕਿਤੇ ਵੀ ਪਾਣੀ ਨਹੀਂ ਹੈ। ਸੇਵਾਦਾਰ ਨੇ ਦੱਸਿਆ ਕਿ 25 ਅਗਸਤ ਨੂੰ ਇਥੇ ਸਾਲਾਨਾ ਮੇਲਾ ਮਨਾਇਆ ਜਾਂਦਾ ਹੈ। ਉਸ ਨੇ ਇਹ ਵੀ ਕਿਹਾ ਕਿ ਇਹ ਸਥਾਨ ਸਰਕਾਰ ਦੇ ਕੋਲ ਹੈ। ਢਾਈ ਲੱਖ ਰੁਪੱਈਆ ਸਰਕਾਰ ਸਾਡੇ ਤੋਂ ਸਾਲ ਦਾ ਲੈਂਦੀ ਹੈ। ਇਥੇ ਦਰਸ਼ਨ ਕਰਕੇ ਹੁਣ ਅਸੀਂ ਬਾਹਰ ਆ ਗਏ ਸੀ। ਫੁੱਲੜੀਆਂ ਦਾ ਪ੍ਰਸ਼ਾਦਿ ਤੇ ਲੂਣ ਦਾ ਪ੍ਰਸ਼ਾਦਿ ਇਥੇ ਰੱਖਿਆ ਹੋਇਆ ਸੀ। ਸੰਗਤਾਂ ਆਪ ਹੀ ਥੋੜ੍ਹਾ-ਥੋੜ੍ਹਾ ਲੈ ਰਹੀਆਂ ਸਨ ਤੇ ਕਈ ਲੂਣ ਦਾ ਪ੍ਰਸਾਦਿ ਘਰੇ ਵੀ ਲੈ ਕੇ ਆਉਂਦੇ ਹਨ। ਚਾਹ ਦਾ ਲੰਗਰ ਚੱਲ ਰਿਹਾ ਸੀ। ਚੀਨੀ ਦੇ ਵੱਡੇ-ਵੱਡੇ ਕੌਲਿਆਂ ਵਿਚ ਚਾਹ ਵਰਤਾਈ ਜਾ ਰਹੀ ਸੀ। ਹੁਣ ਟਾਇਮ ਕਾਫੀ ਹੋ ਗਿਆ ਸੀ ਤੇ ਅਸੀਂ ਹੌਲੀ-ਹੌਲੀ ਥੱਲੇ ਵੱਲ ਨੂੰ ਤੁਰਨ ਲੱਗੇ ਸੀ। ਵਲੀ ਕੰਧਾਰੀ ਦੇ ਸਥਾਨ ਤੋਂ ਸਾਰਾ ਸ਼ਹਿਰ ਬੜਾ ਹੀ ਸੁੰਦਰ ਨਜ਼ਰ ਆ ਰਿਹਾ ਸੀ। ਘਰਾਂ ਦੀਆਂ ਛੱਤਾਂ 'ਤੇ ਪਈਆਂ ਛੋਟੀਆਂ-ਛੋਟੀਆਂ ਟੈਂਕੀਆਂ ਦਿੱਸ ਰਹੀਆਂ ਸਨ। ਘਰਾਂ ਵਿਚ ਤੇ ਪਹਾੜੀ 'ਤੇ ਚਰਦੀਆਂ ਗਾਵਾਂ-ਬੱਕਰੀਆਂ ਨਜ਼ਰ ਆ ਰਹੀਆਂ ਸਨ। ਪੁਲਿਸ ਫੋਰਸ ਵਾਲੇ ਵੀ ਨਾਲ-ਨਾਲ ਆ ਰਹੇ ਸੀ ਤੇ ਉਹ ਪਹਾੜੀ ਲੋਕਾਂ ਨੂੰ ਡੰਡੀਨੁਮਾ ਰਸਤੇ 'ਤੇ ਵੀ ਨਹੀਂ ਸੀ ਆਉਣ ਦਿੰਦੇ। ਛੋਟੇ-ਛੋਟੇ ਬੱਚੇ ਸਾਡੇ ਕੋਲੋਂ ਪੈਸਿਆਂ ਦੀ ਮੰਗ ਕਰ ਰਹੇ ਸੀ। ਅਸੀਂ ਜੇ ਆਪਣੀ ਕਰੰਸੀ ਦੇ ਨੋਟ ਦੇਂਦੇ ਸੀ ਤਾਂ ਲੈਂਦੇ ਨਹੀਂ ਸਨ। ਉਨ੍ਹਾਂ ਨੂੰ ਆਪਣੀ ਕਰੰਸੀ ਦੀ ਪਛਾਣ ਸੀ ਇਸ ਕਰਕੇ ਉਹ ਕਹਿੰਦੇ ਸਨ ਤੁਹਾਡੇ ਵਾਲੇ ਪੈਸੇ ਸਾਡੇ ਕਿਸੇ ਕੰਮ ਨਹੀਂ ਆਉਣੇ। ਫਿਰ ਅਸੀਂ ਉਨ੍ਹਾਂ ਦੇ ਹੀ ਪੈਸੇ ਉਨ੍ਹਾਂ ਨੂੰ ਦਿੱਤੇ। ਸ਼ਾਮੀ ਸਾਢੇ ਕੁ ਚਾਰ ਵਜੇ ਅਸੀਂ ਵਾਪਸ ਗੁਰਦੁਆਰਾ ਪੰਜਾ ਸਾਹਿਬ ਵਿਖੇ ਆ ਪਹੁੰਚੇ। ਪਹਿਲਾਂ ਤਾਂ ਇਕ ਵਾਰ ਆਪਣੇ ਕਮਰੇ ਵਿਚ ਆ ਗਏ ਤੇ ਫਿਰ ਟਾਇਮ ਕਾਫੀ ਪਿਆ ਹੋਣ ਕਰਕੇ ਅਸੀਂ ਲੰਗਰ ਵਿਚ ਸੇਵਾ ਕਰਨ ਲਈ ਚਲੇ ਗਏ। ਲੰਗਰ ਹਾਲ ਦੀ ਸਫਾਈ ਚੱਲ ਰਹੀ ਸੀ। ਮੇਟ ਗੇਟ ਬੰਦ ਕਰਕੇ

ਸਫਾਈ ਹੋ ਰਹੀ ਸੀ। ਅੰਦਰ ਸਾਰੇ ਸੇਵਾਦਾਰ ਉਧਰਲੇ ਹੀ ਸਨ। ਅਸੀਂ ਕਿਹਾ ਅਸੀਂ ਵੀ ਅੰਦਰ ਸੇਵਾ ਕਰਨੀ ਹੈ। ਉਨ੍ਹਾਂ ਨੇ ਸਾਨੂੰ ਅੰਦਰ ਲੰਘਾ ਦਿੱਤਾ ਤੇ ਅਸੀਂ ਵੀ ਸੇਵਾ ਵਿਚ ਲੱਗ ਗਏ। ਸਭ ਤੋਂ ਪਹਿਲਾਂ ਵਿਛੇ ਹੋਏ ਟਾਟ ਝਾੜ ਕੇ ਵਿਛਾਏ। ਮੈਂ ਸੇਵਾਦਾਰਾਂ ਨਾਲ ਗੱਲਾਂ ਵੀ ਕਰ ਰਿਹਾ ਸੀ। ਉਹ ਕਹਿ ਰਹੇ ਸਨ ਕਿ ਸਰਦਾਰ ਜੀ ਸਾਡੀਆਂ ਪੱਕੀਆਂ ਡਿਊਟੀਆਂ ਹਨ। ਸਾਡੇ ਸ਼ਨਾਖ਼ਤੀ ਕਾਰਡ ਬਣਦੇ ਹਨ। ਇਹ ਕਾਰਡ ਤਿੰਨ ਮਹੀਨੇ ਪਹਿਲਾਂ ਲਾਹੌਰ ਤੋਂ ਬਣਦੇ ਹਨ। ਸਾਡੇ ਕਾਰਡ ਦੇਖ ਕੇ ਹੀ ਪੁਲਿਸ ਵਾਲੇ ਅੰਦਰ ਜਾਣ ਦੇਂਦੇ ਹਨ ਨਹੀਂ ਤਾਂ ਹੋਰ ਕਿਸੇ ਸਾਡੇ ਪੰਜਾਬ ਦੇ ਆਦਮੀ ਨੂੰ ਅੰਦਰ ਤਾਂ ਕੀ ਗੁਰਦੁਆਰੇ ਦੇ ਨੇੜੇ ਵੀ ਨਹੀਂ ਆਉਣ ਦਿੱਤਾ ਜਾਂਦਾ। ਮੈਂ ਦੇਖ ਰਿਹਾ ਸੀ ਬਈ ਕਾਫੀ ਸੇਵਾਦਾਰ ਉਹੀ ਸਨ ਜੋ ਨਨਕਾਣਾ ਸਾਹਿਬ ਵਿਖੇ ਸੇਵਾ ਕਰਦੇ ਸੀ। ਇਨ੍ਹਾਂ ਵਿਚ ਔਰਤਾਂ ਵੀ ਸ਼ਾਮਲ ਸਨ। ਸੇਵਾ ਕਰਦਿਆਂ ਹੋਇਆਂ ਅਸੀਂ ਅੰਦਰ ਜਾ ਕੇ ਲੰਗਰ ਤਿਆਰ ਕਰਨ ਦਾ ਤਰੀਕਾ ਵੇਖਿਆ। ਗੈਸ ਦੀਆਂ ਭੱਠੀਆਂ 'ਤੇ ਵੱਡੇ-ਵੱਡੇ ਕੜਾਹਿਆਂ ਵਿਚ ਲੰਗਰ ਤਿਆਰ ਕੀਤਾ ਜਾ ਰਿਹਾ ਸੀ। ਆਪਣੇ ਇਧਰ ਜ਼ਿਆਦਾਤਰ ਪਤੀਲੇ ਵਰਤੇ ਜਾਂਦੇ ਹਨ ਤੇ ਓਧਰ ਕੜਾਹੇ। ਸ਼ਹਿਰਾਂ ਦੇ ਮੰਨੇ-ਪ੍ਰਮੰਨੇ ਹਲਵਾਈ ਲੰਗਰ ਤਿਆਰ ਕਰਨ ਵਾਸਤੇ ਬੁੱਕ ਕੀਤੇ ਜਾਂਦੇ ਹਨ। ਇਕ ਚੀਜ਼ ਅਜੇ ਖ਼ਤਮ ਨਹੀਂ ਸੀ ਹੁੰਦੀ ਤੇ ਉਹ ਦੁਬਾਰਾ ਤਿਆਰੀ ਵਾਸਤੇ ਧਰ ਦਿੱਤੀ ਜਾਂਦੀ ਸੀ। ਅੰਦਰ ਕਮਰਿਆਂ ਵਿਚ ਕੱਚੀ ਰਸਦ ਤੇ ਸਬਜ਼ੀਆਂ, ਦਾਲਾਂ ਦੇ ਢੇਰ ਲੱਗੇ ਹੋਏ ਸਨ ਤੇ ਉੱਥੇ ਸਾਰੇ ਲੰਗਰ ਦੇ ਪ੍ਰਬੰਧਕ ਵੀ ਚਿੱਟੇ ਕੱਪੜਿਆਂ ਵਿਚ ਬੈਠੇ ਹੋਏ ਸਨ। ਅਸੀਂ ਉਨ੍ਹਾਂ ਕੋਲ ਵੀ ਕੁਝ ਕੁ ਸਮਾਂ ਬੈਠੇ। ਫਿਰ ਅਸੀਂ ਲੰਗਰ ਹਾਲ ਵਿਚ ਆ ਕੇ ਸੇਵਾ ਕਰਨੀ ਆਰੰਭ ਕਰ ਦਿੱਤੀ। ਲੰਗਰ ਵਿੱਚ ਮਟਰ ਪਨੀਰ, ਦਾਲ, ਪ੍ਰਸ਼ਾਦਾ, ਜਲੇਬੀਆਂ, ਪਕੌੜੇ, ਅਚਾਰ ਅਤੇ ਪ੍ਰਸਾਦ ਆਦਿ ਚੀਜ਼ਾਂ ਵਰਤਾਈਆਂ ਜਾ ਰਹੀਆਂ ਸਨ। ਉਧਰਲੇ ਸੇਵਾਦਾਰ ਹਰ ਇਕ ਚੀਜ਼ ਨੂੰ ਮਗਰ ਪ੍ਰਸ਼ਾਦਿ ਲਾ ਕੇ ਬੋਲਦੇ ਸਨ ਜਿਵੇਂ ਦਾਲ ਪ੍ਰਸ਼ਾਦਿ, ਰੋਟੀ ਪ੍ਰਸ਼ਾਦਿ, ਜਲੇਬੀ ਪ੍ਰਸ਼ਾਦਿ, ਪਕੌੜੇ ਪ੍ਰਸ਼ਾਦਿ। ਫਿਰ ਅਸੀਂ ਉਨ੍ਹਾਂ ਨੂੰ ਕਿਹਾ ਬਈ ਇੰਜ ਕਹੋ ਦਾਲ ਵਾਹਿਗੁਰੂ, ਪ੍ਰਸ਼ਾਦਿ ਵਾਹਿਗੁਰੂ, ਪ੍ਰਸ਼ਾਦਾ ਵਾਹਿਗੁਰੂ ਫਿਰ ਉਹ ਸਾਡੇ ਮਗਰ ਇਸ ਤਰ੍ਹਾਂ ਬੋਲਣ ਲੱਗ ਪਏ। ਕੁਝ ਕੁ ਘੰਟੇ ਸੇਵਾ ਕਰਕੇ ਅਸੀਂ ਲੰਗਰ ਪਾਣੀ ਛਕ ਕੇ ਬਾਹਰ ਆ ਗਏ। ਹਨੇਰਾ ਕਾਫੀ ਹੋ ਗਿਆ ਸੀ, ਦਰਬਾਰ ਸਾਹਿਬ ਵਿਖੇ ਕੀਰਤਨ ਹੋ ਰਿਹਾ ਸੀ ਤੇ ਅੰਮ੍ਰਿਤਸਰ ਤੋਂ ਗਿਆ ਰਾਗੀ ਜੱਥਾ ਕੀਰਤਨ ਕਰ ਰਿਹਾ ਸੀ। ਸੋ ਅਸੀਂ ਕੀਰਤਨ ਸੁਣਨ ਵਾਸਤੇ ਬਾਹਰ ਹੀ ਸਰੋਵਰ ਦੇ ਨਾਲ ਹੀ ਪੌੜੀਆਂ ਵਿਚ ਬੈਠ ਗਏ। ਇੱਥੇ ਬੈਠਿਆਂ ਹੀ ਸਾਡੇ ਕੋਲ ਬਾਡੀਗਾਰਡ ਸਮੇਤ ਇਕ ਹੋਰ ਵਿਅਕਤੀ ਆਣ ਕੇ ਕਿਸੇ ਹੋਰ ਨਾਲ ਗੱਲਬਾਤ ਕਰ ਰਿਹਾ ਸੀ। ਮੈਂ ਇੱਕ ਬਾਡੀਗਾਰਡ ਨੂੰ ਪੁੱਛਿਆ ਬਈ ਇਹ ਕੌਣ ਹੈ? ਤੇ ਉਸ ਨੇ ਕਿਹਾ ਇਹ ਗੁਰਦੁਆਰਾ ਸਾਹਿਬ ਦਾ ਡਿਪਟੀ ਸੈਕਟਰੀ ਹੈ। ਮੈਂ ਕਿਹਾ ਮੈਂ ਇਹਦੇ ਨਾਲ ਗੱਲਬਾਤ ਕਰ ਸਕਦਾ ਹਾਂ ਤਾਂ ਉਹ ਕਹਿਣ ਲੱਗਾ ਕਿਉਂ ਨਹੀਂ ਜੋ ਮਰਜ਼ੀ ਕਹੋ ਤੁਹਾਡੇ ਵਾਸਤੇ ਤਾਂ ਇਹ ਆਏ ਹਨ। ਬੱਸ ਫਿਰ ਕੀ ਸੀ ਮੈਂ ਸਤਿ ਸ੍ਰੀ ਅਕਾਲ ਬੁਲਾ ਕੇ ਉਸ ਨੂੰ

ਆਪਣੇ ਕਮਰੇ ਬਾਰੇ ਦੱਸਿਆ ਬਈ ਸਾਡਾ ਕਮਰਾ ਛੋਟਾ ਤੇ ਅਸੀਂ ਜ਼ਿਆਦਾ ਜਣੇ ਹਾਂ। ਉਸ ਨੇ ਮੇਰੀ ਗੱਲ ਬੜੇ ਧਿਆਨ ਨਾਲ ਸੁਣੀ ਤੇ ਫੋਨ ਕੰਨ ਨੂੰ ਲਾ ਕੇ ਇਕ ਜਣੇ ਨੂੰ ਬੁਲਾ ਲਿਆ ਤੇ ਉਸ ਨੇ ਕਿਹਾ ਬਈ ਸਰਦਾਰਾਂ ਵਾਸਤੇ ਕਮਰੇ ਦਾ ਹੁਣੇ ਪ੍ਰਬੰਧ ਕਰਕੇ ਦਿਓ ਤੇ ਰੋਟੀ ਬਾਅਦ ਵਿਚ ਖਾਣੀ। ਸੇਵਾਦਾਰ ਚਾਬੀਆਂ ਲੈ ਕੇ ਸਾਡੇ ਮੂਹਰੇ-ਮੂਹਰੇ ਤੁਰ ਪਿਆ ਤੇ ਅਸੀਂ ਉਸ ਦੇ ਮਗਰ-ਮਗਰ ਸਤਿ ਸ੍ਰੀ ਅਕਾਲ ਬੁਲਾ ਕੇ ਤੁਰ ਪਏ। ਦੂਜੀ ਮੰਜ਼ਿਲ ’ਤੇ ਚੜ੍ਹਦਿਆਂ ਉਸ ਚਾਬੀਦਾਰ ਨੇ ਸਾਨੂੰ ਕਿਹਾ ਸਰਦਾਰ ਜੀ ਤੁਹਾਨੂੰ ਤਾਂ ਵੀ.ਆਈ.ਪੀ. ਕਮਰਾ ਮਿਲ ਗਿਆ ਹੈ। ਇਹ ਅਸੀਂ ਖਾਸ ਮਹਿਮਾਨਾਂ ਜਾਂ ਪਾਰਟੀ ਲੀਡਰਾਂ, ਪ੍ਰਧਾਨਾਂ ਵਾਸਤੇ ਰੱਖਦੇ ਹਾਂ। ਉਹ ਕਮਰੇ ਦਾ ਜਿੰਦਰਾ ਖੋਲ੍ਹ ਕੇ ਵਾਪਸ ਚਲਾ ਗਿਆ। ਜਦ ਮੈਂ ਤੇ ਸੇਵਕ ਨੇ ਅੰਦਰੋਂ ਕਮਰਾ ਵੇਖਿਆ ਤਾਂ ਸਾਡਾ ਹਾਸਾ ਨਹੀਂ ਸੀ ਖੜ੍ਹ ਰਿਹਾ। ਅਸੀਂ ਦੋਵੇਂ ਬੜੇ ਹੱਸੇ, ਕਮਰਾ ਵਾਕਿਆ ਹੀ ਵੀ.ਆਈ.ਪੀ. ਸੀ। ਨਵੀਆਂ ਤਲਾਈਆਂ, ਨਵੀਆਂ ਰਜਾਈਆਂ, ਸਿਰਹਾਣੇ, ਦਰਵਾਜ਼ਿਆਂ ’ਤੇ ਪਰਦੇ ਵੀ ਲੱਗੇ ਸਨ। ਫਿਰ ਅਸੀਂ ਥਲੇ ਆ ਕੇ ਦੂਜੇ ਸਾਥੀਆਂ ਨੂੰ ਦੱਸਿਆ ਤਾਂ ਅੱਧੇ ਕੁ ਸੁੱਤੇ ਪਏ ਸਨ ਤੇ ਅੱਧੇ ਕੁ ਜਿਹੜੇ ਜਾਗਦੇ ਸੀ ਅਸੀਂ ਆਪਣੇ-ਆਪਣੇ ਬੈਗ ਚੁੱਕ ਕੇ ਉਸ ਕਮਰੇ ਵਿਚ ਆਣ ਕੇ ਸੌਂ ਗਏ। ਜਦ ਸਵੇਰੇ ਦੂਜੇ ਸਾਥੀਆਂ ਨੂੰ ਇਹ ਕਮਰਾ ਲਿਆ ਕੇ ਦਿਖਾਇਆ ਤਾਂ ਕਹਿਣ ਲੱਗੇ ਮੰਨ ਗਏ ਬੂਟਿਆ ਤੈਨੂੰ, ਕੋਈ ਨਾ ਕੋਈ ਜੁਗਾੜ ਲਾ ਹੀ ਲਿਆ ਤੇ ਫਿਰ ਅਸੀਂ ਕਮਰੇ ਵਿਚ ਬੈਠ ਕੇ ਗੱਲਾਂਬਾਤਾਂ ਕਰਨ ਲੱਗ ਪਏ। ਸਾਥੀ ਕਹਿਣ ਲੱਗੇ ਬਈ ਇਹ ਲੰਗਰ ਵਿਚ ਕੀਤੀ ਹੋਈ ਸੇਵਾ ਦਾ ਫ਼ਲ ਮਿਲਿਆ ਹੈ ਅਤੇ ਅਜਿਹਾ ਸਾਫ਼-ਸੁਥਰਾ ਤੇ ਵੀ.ਆਈ.ਪੀ. ਕਮਰਾ ਮਿਲ ਜਾਣਾ ਹਰੇਕ ਦੇ ਵਸ ਵਿਚ ਨਹੀਂ ਆਉਂਦਾ। ਬਾਅਦ ਵਿਚ ਅਸੀਂ ਸਾਰੇ ਜਣੇ ਸਰੋਵਰ ਵਿੱਚ ਇਸ਼ਨਾਨ ਕਰਨ ਵਾਸਤੇ ਚਲੇ ਗਏ। ਜਲ ਬਹੁਤ ਹੀ ਨਿੱਘਾ ਸੀ ਤੇ ਬਾਹਰ ਨਿਕਲਿਆ ਠੰਡ ਲੱਗਦੀ ਸੀ। ਇਹ ਗੁਰਦੁਆਰਾ ਸਾਹਿਬ ਸਰੋਵਰ ਦੇ ਵਿਚ ਹੀ ਬਣਿਆ ਹੈ। ਮੈਂ ਉਸ ਪ੍ਰਮਾਤਮਾ ਦਾ ਕੋਟਿ-ਕੋਟਿ ਧੰਨਵਾਦ ਕਰ ਰਿਹਾ ਸੀ ਜਿਸ ਨੇ ਮੈਨੂੰ ਪੰਜਾ ਸਾਹਿਬ ਜੀ ਦੇ ਦੋ ਵਾਰ ਦਰਸ਼ਨ ਕਰਵਾਏ ਸਨ। ਇਥੋਂ ਇਸ਼ਨਾਨ ਕਰਕੇ ਅਸੀਂ ਅੰਦਰ ਦਰਬਾਰ ਸਾਹਿਬ ਵਿਖੇ ਮੱਥਾ ਟੇਕਣ ਚਲੇ ਗਏ। ਇੱਥੇ 18 ਨਵੰਬਰ ਨੂੰ ਦਿਨੇ ਗਿਆਰਾਂ ਵਜੇ ਅਖੰਡ ਪਾਠ ਆਰੰਭ ਹੋਏ ਸਨ ਤੇ 20 ਨਵੰਬਰ ਨੂੰ ਭੋਗ ਪੈਣੇ ਸਨ। ਕਥਾ ਕੀਰਤਨ ਨਾਲੋਂ-ਨਾਲ ਚੱਲਦਾ ਰਹਿੰਦਾ ਹੈ। ਇਹ ਸਾਰਾ ਇਲਾਕਾ ਪਹਾੜੀ ਹੈ ਤੇ ਇੱਥੇ ਠੰਡ ਕਾਫੀ ਵਧ ਜਾਂਦੀ ਹੈ। ਕਿਤੇ-ਕਿਤੇ ਮੀਂਹ ਵੀ ਪੈਣ ਲੱਗ ਜਾਂਦਾ ਹੈ। ਇੱਥੇ ਸੰਗਤਾਂ ਵਾਸਤੇ ਲੰਗਰਾਂ, ਕਮਰਿਆਂ, ਸਰਾਵਾਂ, ਬਰਾਂਡਿਆਂ, ਲੈਟਰੀਨਾਂ, ਬਾਥਰੂਮਾਂ ਦਾ ਖਾਸ ਪ੍ਰਬੰਧ ਹੈ। ਗੁਰਦੁਆਰਾ ਸਾਹਿਬ ਜੀ ਭਾਵੇਂ ਬਹੁਤ ਵੱਡਾ ਨਹੀਂ ਪਰ ਫਿਰ ਵੀ ਸੰਗਤਾਂ ਇੱਥੇ ਸਾਰੀਆਂ ਹੀ ਠਹਿਰ ਸਕਦੀਆਂ ਹਨ। ਉਂਝ ਪ੍ਰਬੰਧਕਾਂ ਨੇ ਬਾਹਰ ਟੈਂਟਨੁਮਾ ਕਮਰੇ ਵੀ ਬਣਾਏ ਹੋਏ ਸਨ ਤੇ ਸੰਗਤਾਂ ਉਨ੍ਹਾਂ ਵਿਚ ਵੀ ਠਹਿਰ ਸਕਦੀਆਂ ਹਨ। ਅੱਜ 20 ਨਵੰਬਰ ਨੂੰ ਭੋਗ ਪੈਣ ਤੋਂ ਉਪਰੰਤ ਵਾਪਸੀ ਸੀ। ਅਨਾਊਂਸਮੈਂਟ ਹੋ ਰਹੀ ਸੀ ਪਹਿਲੀ ਗੱਡੀ ਸਾਢੇ ਤਿੰਨ ਵਜੇ, ਦੂਜੀ ਸਾਢੇ ਚਾਰ ਵਜੇ ਤੇ

ਸਾਡੀ ਤੀਸਰੀ ਟਰੇਨ ਸਾਢੇ ਪੰਜ ਵੱਜ ਚੱਲਣੀ ਸੀ। ਸਾਡੇ ਕੋਲ ਤਾਂ ਹਾਲੇ ਟਾਈਮ ਹੀ ਬਹੁਤ ਸੀ ਤੇ ਬਾਜ਼ਾਰ ਵਿਚ ਜਾਂ ਨਹੀਂ ਸੀ ਸਕਦੇ ਸੋ ਅਸੀਂ ਇਕ ਵਾਰ ਫਿਰ ਕਮਰੇ ਵਿਚ ਆ ਗਏ। ਜਗਦੀਸ਼ ਕੌਰ ਭਾਂਡੇ ਮਾਂਜਣ ਦੀ ਸੇਵਾ ਕਰਨ ਗਈ ਹੋਈ ਸੀ ਤੇ ਸਾਨੂੰ ਕਹਿ ਗਈ ਸੀ ਜਦੋਂ ਤੁਰਨਾ ਹੋਵੇ ਮੈਨੂੰ ਆਵਾਜ਼ ਮਾਰ ਦੇਣੀ। ਹਰਭਜਨ ਪਟਵਾਰੀ ਦੀ ਸਿਹਤ ਕੁਝ ਢਿੱਲੀ ਸੀ। ਉਹ ਤਾਂ ਕਮਰੇ ਵਿਚ ਹੀ ਸੌਂ ਗਿਆ ਸੀ। ਅਸੀਂ ਇਕ ਵਾਰ ਫਿਰ ਸਾਰੇ ਜਣੇ ਭੋਗ ਸੁਣਨ ਵਾਸਤੇ ਸੰਗਤਾਂ ਵਿਚ ਆ ਗਏ। ਉਸ ਤੋਂ ਬਾਅਦ ਅਸੀਂ ਪ੍ਰਕਰਮਾ ਵਿਚ ਘੁੰਮ ਰਹੇ ਸੀ ਤਾਂ ਸਾਨੂੰ ਦੋ ਸਾਬਤ ਸੂਰਤ ਸਿੰਘ ਮਿਲ ਗਏ ਉਨ੍ਹਾਂ ਅੰਮ੍ਰਿਤ ਛਕਿਆ ਹੋਇਆ ਸੀ ਤੇ ਹੈ ਇਧਰ ਪਾਕਿਸਤਾਨ ਦੇ ਹੀ ਸਨ। ਸਾਡੇ ਨਾਲ ਗੱਲਾਂਬਾਤਾਂ ਕਰਨ ਲੱਗ ਪਏ। ਸਾਡੇ ਨਾਲ ਦੇ ਦੋ ਸਾਥੀਆਂ ਦੀ ਦਾੜ੍ਹੀ ਕੱਟੀ ਹੋਈ ਸੀ ਪਰ ਉਂਝ ਪੱਗਾਂ ਬੜੀਆਂ ਪੋਚ-ਪੋਚ ਕੇ ਬੰਨ੍ਹੀਆਂ ਹੋਈਆਂ ਸਨ। ਉਨ੍ਹਾਂ ਨੇ ਗੱਲਾਂ-ਗੱਲਾਂ ਵਿਚ ਉਨ੍ਹਾਂ ਦੋਵਾਂ ਦੀ ਚੰਗੀ ਖੁੰਭ ਠੱਪੀ ਕਹਿਣ ਲੱਗੇ ਸਰਦਾਰ ਜੀ ਅਸੀਂ ਭਾਵੇਂ ਇੱਥੇ ਮੁਸਲਮਾਨਾਂ ਵਿੱਚ ਰਹਿੰਦੇ ਆਂ ਪਰ ਸਾਨੂੰ ਭਾਵੇਂ ਕੋਈ ਕਰੋੜ ਰੁਪਈਆ ਵੀ ਦੇਵੇ ਅਸੀਂ ਤਾਂ ਵੀ ਆਪਣੀ ਦਾਹੜੀ ਨਾ ਕਟਾਈਏ ਅਤੇ ਕਹਿਣ ਲੱਗੇ ਗੁੱਸਾ ਨਹੀਂ ਕਰਨਾ ਪਰ ਇਹ ਠੀਕ ਨਹੀਂ ਸਿੱਖੀ ਪਿੱਛੇ ਗੁਰੂ ਨੇ ਸਾਰਾ ਪਰਿਵਾਰ ਵਾਰ ਦਿੱਤਾ ਸੀ, ਪਰ ਆਪਾਂ ਅੱਜ ਬੇਮੁੱਖ ਹੋ ਕੇ ਸਭ ਭੁੱਲਦੇ ਜਾ ਰਹੇ ਹਾਂ। ਫਿਰ ਕਾਫੀ ਚਿਰ ਗੱਲਾਂਬਾਤਾਂ ਹੁੰਦੀਆਂ ਰਹੀਆਂ ਤੇ ਫਿਰ ਉਨ੍ਹਾਂ ਫਤਿਹ ਬੁਲਾ ਕੇ ਸਾਡੇ ਤੋਂ ਆਗਿਆ ਲਈ। ਅਸੀਂ ਕਾਫੀ ਚਿਰ ਆਪਸ ਵਿਚ ਘੁਸਰ-ਮੁਸਰ ਕਰਦੇ ਰਹੇ। ਪਹਿਲੀ ਟਰੇਨ ਦੀਆਂ ਸਵਾਰੀਆਂ ਲਾਈਨਾਂ ਵਿੱਚ ਲੱਗ ਕੇ ਹੌਲੀ-ਹੌਲੀ ਬਾਹਰ ਵੱਲ ਆ ਰਹੀਆਂ ਸਨ ਤੇ ਬਾਹਰ ਬੱਸਾਂ ਲੈਣ ਵਾਸਤੇ ਆ ਖੜ੍ਹੀਆਂ ਸਨ। ਸਾਡੇ ਕੋਲ ਟਾਇਮ ਹਾਲੇ ਬਹੁਤ ਸੀ ਸੋ ਅਸੀਂ ਇਕ ਵਾਰ ਫਿਰ ਲੰਗਰ ਹਾਲ ਵੱਲ ਆ ਗਏ। ਸੰਗਤਾਂ ਆਪਣੇ ਨਾਲ ਵੀ ਦੋ-ਦੋ ਪ੍ਰਸ਼ਾਦੇ ਬੰਨ੍ਹ ਕੇ ਬੈਗਾਂ ਵਿਚ ਪਾ ਰਹੀਆਂ ਸੀ ਕਿਉਂਕਿ ਇਹ ਸਫ਼ਰ ਜ਼ਿਆਦਾ ਹੋਣ ਕਰਕੇ ਪੰਜਾ ਸਾਹਿਬ ਤੋਂ ਲਾਹੌਰ ਸਾਢੇ ਚਾਰ ਸੌ ਕਿਲੋਮੀਟਰ ਬਣਦਾ ਸੀ ਤੇ ਤਾਂ ਹੀ ਕਈ ਸੰਗਤਾਂ ਆਪਣੇ ਨਾਲ ਪ੍ਰਸ਼ਾਦੇ ਬੰਨ੍ਹ ਰਹੀਆਂ ਸਨ। ਲੰਗਰ ਹਾਲ ਦੇ ਨਾਲ ਹੀ ਕਾਜੂ, ਬਦਾਮ, ਛੁਹਾਰੇ ਪਾ ਕੇ ਦੁੱਧ ਵਰਤਾਇਆ ਜਾ ਰਿਹਾ ਸੀ ਉਹ ਵੀ ਗਰਮਾ-ਗਰਮ। ਅਸੀਂ ਵੀ ਉਹ ਦੁੱਧ ਛਕਿਆ ਸੀ। ਕਾਜੂ, ਬਦਾਮਾਂ ਨਾਲ ਗਲਾਸ ਅੱਧੇ-ਅੱਧੇ ਭਰ ਗਏ ਸਨ ਤੇ ਅੱਧਾ ਦੁੱਧ ਸੀ ਉਸ ਨੂੰ ਪਤਾ ਨਹੀਂ ਕਿੰਨੇ ਕੁ ਉਬਾਲੇ ਦਿੱਤੇ ਸਨ। ਖੋਆ ਹੀ ਬਣਿਆ ਪਿਆ ਸੀ। ਨਾਲ ਪਾਪੜ ਵਰਤਾਏ ਜਾ ਰਹੇ ਸਨ। ਵਾਕਿਆ ਹੀ ਗੁਰੂ ਘਰ ਵਿਚ ਕਿਸੇ ਵੀ ਚੀਜ਼ ਦਾ ਘਾਟਾ ਨਹੀਂ। ਬਾਅਦ ਵਿਚ ਅਸਾਂ ਸਾਰਿਆਂ ਨੇ ਲੰਗਰ ਵਿਚ ਸੇਵਾ ਪਾਈ ਤੇ ਉਨ੍ਹਾਂ ਸੇਵਾ ਦੀ ਰਸੀਦ ਜ਼ਰੂਰ ਦਿੱਤੀ। ਅੱਜ ਦੋ ਤਿੰਨ ਦੁਕਾਨਾਂ ਗੁਰਦੁਆਰਾ ਸਾਹਿਬ ਦੇ ਅੰਦਰ ਲੱਗੀਆਂ ਹੋਈਆਂ ਸਨ, ਜਿਨ੍ਹਾਂ ਤੋਂ ਕੜੇ, ਕਿਰਪਾਨਾਂ, ਫੋਟੂਆਂ ਤੇ ਹੋਰ ਗੁਰੂ ਘਰ ਨਾਲ ਸਬੰਧਤ ਚੀਜ਼ਾਂ ਮਿਲ ਰਹੀਆਂ ਸਨ। ਅਸੀਂ ਵੀ ਛੋਟੀਆਂ-ਛੋਟੀਆਂ ਪਲਾਸਟਿਕ ਦੀਆਂ ਕੈਨੀਆਂ ਲੈ ਕੇ ਜਲ ਭਰਿਆ । ਦੂਜੀ ਟਰੇਨ ਦੀ ਵਾਰੀ ਆ ਗਈ ਤੇ ਉਸ 'ਤੇ

ਜਾਣ ਵਾਲੀਆਂ ਸੰਗਤਾਂ ਆਪੋ–ਆਪਣੇ ਬੈਗ ਚੁੱਕੀ ਲਾਈਨਾਂ ਵਿਚ ਲੱਗੀਆਂ ਹੋਈਆਂ ਸਨ। ਇਸ ਤੋਂ ਬਾਅਦ ਸਾਡੀ ਤੀਜੀ ਟਰੇਨ ਦੀ ਵਾਰੀ ਸੀ ਸੋ ਅਸੀਂ ਕਮਰੇ ਵਿੱਚ ਗਏ ਆਪੋ–ਆਪਣਾ ਸਮਾਨ ਸੰਭਾਲਿਆ ਤੇ ਬੈਗ ਚੁੱਕ ਉਪਰਲੀ ਮੰਜ਼ਿਲ ਤੋਂ ਥੱਲੇ ਲੈ ਆਏ। ਪਰਕਰਮਾ ਵਿਚ ਬੈਠੇ ਅਸੀਂ ਆਪਸ ਵਿਚ ਗੱਲਾਂਬਾਤਾਂ ਕਰ ਰਹੇ ਸੀ। ਸਪੀਕਰ ਤੋਂ ਤੀਜੀ ਟਰੇਨ ਦੀ ਅਨਾਊਂਸਮੈਂਟ ਹੋਈ ਤੇ ਅਸੀਂ ਇੱਕ ਵਾਰ ਫਿਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਨਮਸਕਾਰ ਕਰਕੇ ਉਸ ਸੱਚੇ ਪਾਤਸ਼ਾਹ ਦਾ ਸ਼ੁਕਰਾਨਾ ਕਰਦੇ ਹੋਏ ਬਾਹਰ ਆ ਗਏ ਤੇ ਬੱਸਾਂ ਵਿਚ ਬੈਠ ਕੇ ਸਟੇਸ਼ਨ ’ਤੇ ਪਹੁੰਚ ਗਏ। ਸਟੇਸ਼ਨ ’ਤੇ ਬੈਠਿਆਂ ਕਾਫੀ ਹਨੇਰਾ ਹੋ ਗਿਆ ਸੀ।

✲✲✲

# ਪੰਜਾ ਸਾਹਿਬ ਤੋਂ ਲਾਹੌਰ

ਪੰਜਾ ਸਾਹਿਬ ਤੋਂ ਚੱਲ ਕੇ ਅਸੀਂ ਉਸੇ ਰਸਤੇ ਫਿਰ ਵਾਪਸ ਲਾਹੌਰ ਤਕਰੀਬਨ ਤੜਕੇ ਦੇ ਤਿੰਨ ਵਜੇ ਪਹੁੰਚ ਗਏ। ਲਾਹੌਰ ਸ਼ਹਿਰ ਦਰਿਆ ਰਾਵੀ ਦੇ ਕੰਢੇ 'ਤੇ ਵਸਿਆ ਪਾਕਿਸਤਾਨੀ ਪੰਜਾਬ ਦਾ ਇੱਕ ਸ਼ਹਿਰ 'ਤੇ ਰਾਜਧਾਨੀ ਹੈ। ਅਬਾਦੀ ਮੁਤਾਬਕ ਕਰਾਚੀ ਤੋਂ ਬਾਅਦ ਲਹੌਰ ਪਾਕਿਸਤਾਨ ਦਾ ਦੂਜਾ ਸਭ ਤੋਂ ਵੱਡਾ ਸ਼ਹਿਰ ਹੈ। ਇਹ ਪਾਕਿਸਤਾਨ ਦਾ ਸਿਆਸੀ, ਰਹਤਲੀ ਅਤੇ ਪੜ੍ਹਾਈ ਦਾ ਗੜ੍ਹ ਹੈ ਅਤੇ ਇਸੇ ਲਈ ਇਸਨੂੰ ਪਾਕਿਸਤਾਨ ਦਾ ਦਿਲ ਵੀ ਕਿਹਾ ਜਾਂਦਾ ਹੈ। ਸ਼ਾਹੀ ਕਿਲਾ, ਸ਼ਾਲੀਮਾਰ ਬਾਗ਼, ਬਾਦਸ਼ਾਹੀ ਮਸਜਿਦ, ਮਕਬਰਾ ਜਹਾਂਗੀਰ ਅਤੇ ਮਕਬਰਾ ਨੂਰਜਹਾਂ ਮੁਗ਼ਲ ਦੌਰ ਦੀਆਂ ਯਾਦਗਾਰ ਇਮਾਰਤਾਂ ਹਨ ਅਤੇ ਇਸਤੋਂ ਇਲਾਵਾ ਲਹੌਰ 'ਚ ਸਿੱਖ ਅਤੇ ਬਰਤਾਨਵੀ ਦੌਰ ਦੀਆਂ ਇਮਾਰਤਾਂ ਵੀ ਮੌਜੂਦ ਹਨ। ਇਸ ਦੇ ਨਾਲ਼ ਹੀ ਇਹ ਦੱਖਣੀ ਏਸ਼ੀਆ ਦਾ ਪੰਜਵਾਂ ਅਤੇ ਦੁਨੀਆਂ ਦਾ ਛੱਬੀਵਾਂ ਵੱਡਾ ਸ਼ਹਿਰ ਬਣ ਗਿਆ ਹੈ। ਲਹੌਰ ਨੂੰ ਰਾਵੀ ਟਾਊਨ, ਸ਼ਾਲੀਮਾਰ ਟਾਊਨ, ਵਾਹਗਾ ਟਾਊਨ, ਅਜ਼ੀਜ਼ ਭੱਟੀ ਟਾਊਨ, ਗੰਜ ਬਖ਼ਸ਼ ਟਾਊਨ, ਗੁਲਬਰਗ, ਸੁਮਨ ਆਬਾਦ ਟਾਊਨ, ਆਲਮਾ ਇਕਬਾਲ ਟਾਊਨ, ਨਸ਼ਤਰ ਟਾਊਨ ਵਿਚ ਵੰਡਿਆ ਗਿਆ ਹੈ। ਇਹਨਾਂ ਨੌਂ ਹਿੱਸਿਆਂ ਨੂੰ "ਟਾਊਨ" ਆਖਿਆ ਜਾਂਦਾ ਹੈ। ਹਰ ਟਾਊਨ 'ਚ ਯੂਨੀਅਨ ਕੌਂਸਿਲ ਬਣਾਈ ਜਾਂਦੀ ਹੈ। ਲਾਹੌਰ ਦਾ ਇਕ ਪੁਰਾਤਨ ਹਿੱਸਾ ਵੀ ਦੇਖਣਯੋਗ ਹੈ ਜਿਸ ਦੇ ਆਲੇ-ਦੁਆਲੇ ਕੰਧ ਕੀਤੀ ਹੋਈ ਹੈ। ਇਹ ਲਹੌਰ ਦਾ ਇਤਿਹਾਸਿਕ ਹਿੱਸਾ ਹੈ ਅਤੇ ਸਰਕਾਰ ਇਸ ਨੂੰ ਸਾਂਭਣ ਵਾਸਤੇ ਵਰਲਡ ਬੈਂਕ ਨਾਲ ਰਲ ਕੇ ਕੰਮ ਕਰ ਰਹੀ ਹੈ। ਇਸ ਦਾ ਮਕਸਦ ਅੰਦਰੂਨੀ ਲਾਹੌਰ ਦੀ ਇਤਿਹਾਸਿਕ ਅਤੇ ਭੂਗੋਲਿਕ ਅਹਿਮੀਅਤ ਨੂੰ ਕਾਇਮ ਰੱਖਣਾ ਹੈ। ਲਾਹੌਰ ਸ਼ਹਿਰ ਰਾਜਨੀਤੀ ਪੱਖੋਂ ਵੀ ਕਾਫੀ ਮਸ਼ਹੂਰ ਹੈ। ਲਹੌਰ ਦਾ ਪੰਜਾਬ ਤੋਂ ਲੈ ਕੇ ਸਰਹੱਦ ਤੀਕਰ ਦੂਜੇ ਸ਼ਹਿਰਾਂ ਤੇ ਇਲਾਕਿਆਂ ਨਾਲ ਸੜਕੀ ਰਾਬਤਾ ਹੈ। ਇਹਦੇ ਨਾਲ-ਨਾਲ ਇੰਡੀਆ ਨੂੰ ਜਾਣ ਵਾਲੀ ਰੇਲਵੇ ਲਾਈਨ ਤੇ ਸੂਬੇ ਦਾ ਸਭ ਤੋਂ ਵੱਡਾ ਹਵਾਈ ਅੱਡਾ ਵੀ ਇਥੇ ਹੀ ਮੌਜੂਦ ਹੈ। ਸਰਦੀਆਂ ਦੇ ਖ਼ਤਮ ਹੋਣ ਦੇ ਐਲਾਨ ਵਜੋਂ ਬਸੰਤ ਇੱਥੋਂ ਦਾ ਇੱਕ ਪ੍ਰਸਿੱਧ ਪੰਜਾਬੀ ਤਿਉਹਾਰ ਹੈ ਤੇ ਇਹ ਵਿਆਹ ਦੇ ਜਸ਼ਨਾਂ ਵਾਂਗੂ ਮਨਾਇਆ ਜਾਂਦਾ ਹੈ। ਇਸ ਤਿਉਹਾਰ ਵਿਚ ਹਿੱਸਾ ਲੈਣ ਲਈ ਦੂਜੇ ਦੇਸਾਂ ਤੋਂ ਲੋਕੀਂ ਖ਼ਾਸ ਤੌਰ 'ਤੇ ਲਹੌਰ ਆਂਉਦੇ ਹਨ। ਇਸ ਤਿਉਹਾਰ ਨੂੰ ਮਨਾਉਂਦਿਆਂ ਸ਼ਹਿਰੀ ਤੇ ਬਾਹਰੋਂ ਆਏ ਲੋਕ ਕੋਠਿਆਂ 'ਤੇ ਚੜ੍ਹ ਕੇ ਗੁੱਡੀਆਂ (ਪਤੰਗ) ਉਡਾਉਂਦੇ ਤੇ

ਪੇਚੇ ਲਾਂਉਦੇ ਹਨ। ਇਸ ਪਤੰਗ ਬਾਜ਼ੀ ਦੇ ਕਾਰਨ ਕਈਆਂ ਨੇ ਆਪਣੀਆਂ ਜਾਨਾਂ ਵੀ ਗੁਆ ਲਈਆਂ, ਇਸ ਕਰਕੇ ਲਹੌਰ ਹਾਈ ਕੋਰਟ ਨੇ 2003-04 ਦੇ ਬਸੰਤ ਉੱਤੇ ਰੋਕ ਲਾਈ। 2007 ਵਿਚ ਦੋ ਦਿਨਾਂ ਲਈ ਰੋਕ ਹਟਾਈ ਗਈ ਪਰ ਹਾਦਸੇ ਹੋਣ ਕਰ ਕੇ ਹੁਣ ਪੱਕੀ ਰੋਕ ਲਾ ਦਿੱਤੀ ਗਈ ਹੈ। ਹੋਰਨਾਂ ਤਿਉਹਾਰਾਂ ਵਿਚੋਂ 'ਮੇਲਾ ਚਿਰਾਗ਼ਾਂ' ਵੀ ਲਹੌਰ ਦਾ ਇੱਕ ਮਸ਼ਹੂਰ ਤੇ ਰੰਗ-ਬਰੰਗਾ ਤਿਉਹਾਰ ਹੈ। ਲਹੌਰ ਪਾਕਿਸਤਾਨ ਵਿਚ ਪੜ੍ਹਾਈ ਦਾ ਮੁੱਖ ਕੇਂਦਰ ਹੈ, ਕਿਉਂਕਿ ਇੱਥੇ ਸਭ ਤੋਂ ਵੱਧ ਸਕੂਲ, ਕਾਲਜ, ਯੂਨੀਵਰਸਿਟੀਆਂ ਤੇ ਹੋਰ ਪੜ੍ਹਾਈ ਦੇ ਅਦਾਰੇ ਹਨ। ਲਹੌਰ ਵਿਚ ਡਾਕਟਰ, ਵੈਦ-ਹਕੀਮ, ਇੰਜੀਨੀਅਰ, ਪ੍ਰੋਫ਼ੈਸਰ ਤੇ ਸਾਇੰਸ ਤੇ ਟਕਨਾਲੋਜੀ ਦੇ ਮਾਹਿਰ ਹਨ। ਇੱਥੇ ਗੌਰਮਿੰਟ ਕਾਲਜ ਲਹੌਰ (1864 ਈ.), ਪੰਜਾਬ ਯੂਨੀਵਰਸਿਟੀ (1882 ਈ.), ਇੰਜੀਨੀਅਰਿੰਗ ਯੂਨੀਵਰਸਿਟੀ (1921 ਈ.) ਤੇ ਫ਼ਾਰਮੀਨ ਕਰਿਸ਼ਚਨ ਕਾਲਜ (1865 ਈ.) ਸਭ ਤੋਂ ਮਸ਼ਹੂਰ ਹਨ। 'ਦੀ ਨੈਸ਼ਨਲ ਕਾਲਜ ਆਫ਼ ਆਰਟਸ' ਪਾਕਿਸਤਾਨ ਦਾ ਬਹੁਤ ਪੁਰਾਣਾ ਤੇ ਮਸ਼ਹੂਰ ਆਰਟ (ਕਲਾ) ਦਾ ਕਾਲਜ ਹੈ। ਇਥੇ ਦੁਨੀਆ ਦੀ ਹਰ ਕਿਸਮ ਦੀ ਕਲਾ ਦੀ ਪੜ੍ਹਾਈ ਹੁੰਦੀ ਹੈ। ਯੂਨੀਵਰਸਿਟੀ ਆਫ਼ ਲਹੌਰ ਵੀ ਇੱਥੇ ਕਾਫੀ ਮਸ਼ਹੂਰ ਹੈ। ਲਾਹੌਰ ਪਹੁੰਚਣ 'ਤੇ ਸਾਨੂੰ ਉਸੇ ਤਰ੍ਹਾਂ ਬੱਸਾਂ ਸਟੇਸ਼ਨ 'ਤੇ ਲੈਣ ਵਾਸਤੇ ਆਈਆਂ ਹੋਈਆਂ ਸਨ। ਸਾਮਾਨ ਰੱਖ ਅਸੀਂ ਬੱਸਾਂ ਵਿਚ ਚੜ੍ਹ ਗਏ, ਲਾਹੌਰ ਸ਼ਹਿਰ ਦੀਆਂ ਬੱਸਾਂ ਵੇਖਣਯੋਗ ਹਨ। ਸਾਡੀਆਂ ਇਧਰ ਦੀਆਂ ਬੱਸਾਂ ਨਾਲੋਂ ਲੰਮੀਆਂ ਤੇ ਬਾਰੀ ਇਕ ਹੀ ਸੀ। ਸੀਟਾਂ ਵੀ ਪਿਛਲੇ ਪਾਸਿਓਂ ਉੱਚੀਆਂ, ਵਿਚਾਲੇ ਨੀਵੀਆਂ ਤੇ ਅੱਗਿਓਂ ਫਿਰ ਉੱਚੀਆਂ ਸਨ। ਇਕ ਬਾਰੀ ਉਹ ਵੀ ਪ੍ਰੈਸ਼ਰ 'ਤੇ ਸੀ। ਸਟੇਸ਼ਨ ਤੋਂ ਗੁਰਦੁਆਰਾ ਡੇਹਰਾ ਸਾਹਿਬ ਤੱਕ ਉਨ੍ਹਾਂ ਨੇ ਪ੍ਰਤੀ ਸਵਾਰੀ 35 ਰੁਪਏ ਲਏ ਸਨ ਤੇ ਉਨ੍ਹਾਂ ਦੀਆਂ ਟਿਕਟਾਂ ਵੀ ਉਰਦੂ ਭਾਸ਼ਾ ਵਿਚ ਸਨ। ਸਾਨੂੰ ਤਾਂ ਬੱਸ 35 ਅੱਖਰ ਦੀ ਹੀ ਸਮਝ ਆ ਰਹੀ ਸੀ। ਮੇਨ ਗੇਟ 'ਤੇ ਬੱਸਾਂ ਨੇ ਉਤਾਰ ਦਿੱਤਾ ਸੀ ਤੇ ਸਕਿਉਰਿਟੀ ਵਾਲੇ ਮੇਟ ਗੇਟ ਤੇ ਜਿਉਂ ਦੇ ਤਿਉਂ ਖੜ੍ਹੇ ਸਨ। ਇੱਕ-ਇੱਕ ਨੂੰ ਤਲਾਸ਼ੀ ਲੈ ਕੇ ਅੰਦਰ ਲੰਘਾਇਆ ਜਾ ਰਿਹਾ ਸੀ। ਅੰਦਰ ਜਾ ਕੇ ਅਸੀਂ ਗੁਰਦੁਆਰਾ ਸਾਹਿਬ ਜੀ ਨੂੰ ਸੀਸ ਨਿਵਾਇਆ ਅਤੇ ਫਿਰ ਆਪਣਾ ਟੈਂਟਨੁਮਾ ਕਮਰਾ ਲੱਭਣ ਲੱਗੇ। ਇੱਥੇ ਸਾਨੂੰ 133 ਨੰਬਰ ਟੈਂਟਨੁਮਾ ਕਮਰਾ ਅਲਾਟ ਹੋਇਆ ਸੀ। ਕਮਰਾ ਲੱਭ ਕੇ ਅਸੀਂ ਦਰੀਆਂ 'ਤੇ ਕੰਬਲ ਲੈਣ ਚਲੇ ਗਏ। ਕੁਝ ਸਾਥੀ ਨਾਲ ਹੀ ਲਾਕਰਾਂ ਦਾ ਪਤਾ ਕਰਨ ਚਲੇ ਗਏ, ਜਿਹੜੇ ਯਾਤਰੀ ਟੈਂਟਨੁਮਾ ਕਮਰਿਆਂ ਵਿਚ ਰਹਿੰਦੇ ਨੇ ਉਨ੍ਹਾਂ ਨੂੰ ਲਾਕਰ ਮਿਲੇ ਸਨ ਤਾਂ ਕਿ ਉਹ ਆਪਣੇ ਬੈਗ ਉਨ੍ਹਾਂ ਵਿਚ ਰੱਖ ਸਕਣ। ਲਾਕਰਾਂ ਵਿਚ ਸਮਾਨ ਰੱਖ ਕੇ ਮੈਂ ਤੇ ਸੇਵਕ ਬਲਵੀਰ, ਮਲਕੀਤ ਤੇ ਚੰਨਾ ਇੱਕ ਵਾਰ ਮੇਨ ਗੇਟ ਵੱਲ ਨੂੰ ਆ ਗਏ। ਇੱਥੇ ਸਾਨੂੰ ਗੁਰਦੁਆਰਾ ਸਾਹਿਬ ਦਾ ਡਿਪਟੀ ਚੀਫ਼ ਤੇ ਇੰਟਰਨੈਸ਼ਨਲ ਗਾਇਕ ਜੱਸੀ ਲਾਇਲਪੁਰੀਆ ਮਿਲ ਗਏ। ਜੱਸੀ ਦੇ ਨਾਲ ਉਹਦਾ ਪਰਿਵਾਰ ਵੀ ਸੀ ਜਿਸ ਵਿਚ ਉਸ ਦੀ ਬੀਵੀ, ਦੋ ਛੋਟੇ-ਛੋਟੇ ਬੱਚੇ ਤੇ ਇੱਕ ਭੈਣ ਵੀ ਸੀ। ਇਹ ਸਾਰੇ ਸਾਬਤ ਸੂਰਤ ਸਿੱਖ ਸਨ ਤੇ ਬੱਚਿਆਂ ਨੇ

ਦੁਮਾਲੇ ਵੀ ਸਜਾਏ ਹੋਏ ਸਨ। ਜੱਸੀ ਨੇ ਉਨ੍ਹਾਂ ਦੇ ਨਾਮ ਵੀ ਭਗਤ ਸਿੰਘ ਤੇ ਊਧਮ ਸਿੰਘ ਰੱਖੇ ਸਨ। ਜੱਸੀ ਤੇ ਉਸ ਦਾ ਸਾਰਾ ਪਰਿਵਾਰ ਮਿਲਾਪੜਾ ਵੀ ਬੜਾ ਸੀ। ਅਸੀਂ ਉਸ ਨਾਲ ਫੋਟੂਆਂ ਵੀ ਖਿਚਵਾਈਆਂ। ਉਸ ਦੀ ਗਾਇਕੀ ਬਾਰੇ ਵੀ ਗੱਲਾਂ ਹੋਈਆਂ। ਉਸ ਨੇ ਕਿਹਾ ਕਿ ਮੈਂ ਕਈ ਵਾਰ ਚੜ੍ਹਦੇ ਪੰਜਾਬ ਵਿੱਚ ਹੰਸ ਰਾਜ ਹੰਸ ਤੇ ਸਰਦੂਲ ਸਿਕੰਦਰ ਹੋਰਾਂ ਕੋਲ ਜਾਂਦਾ ਰਹਿੰਦਾ ਹਾਂ ਤੇ ਜ਼ਿਆਦਾ ਸ਼ੋਅ ਮੁੰਬਈ, ਕਲਕੱਤਾ ਵਿਚ ਹੁੰਦੇ ਹਨ। ਇਕ ਗੱਲ ਪਾਠਕੋ ਤੁਹਾਨੂੰ ਹੋਰ ਦੱਸ ਦੇਈਏ, ਲਾਹੌਰ ਦੇ ਇੱਕ ਚੌਂਕ ਦਾ ਨਾਮ ਭਗਤ ਸਿੰਘ ਦੇ ਨਾਮ 'ਤੇ ਰੱਖਣ ਦਾ ਬੀੜਾ ਜੱਸੀ ਲਾਇਲਪੁਰੀਏ ਨੇ ਹੀ ਚੁੱਕਿਆ ਹੋਇਆ ਹੈ ਤੇ ਇਸ ਕੰਮ ਨੂੰ ਪੂਰਾ ਕਰਨ ਵਾਸਤੇ ਉਹ ਆਪਣਾ ਪੂਰਾ ਯੋਗਦਾਨ ਪਾ ਰਿਹਾ ਹੈ। ਇਸ ਤੋਂ ਬਾਅਦ ਅਸੀਂ ਆਪਣੇ ਟੈਂਟਨੁਮਾ ਕਮਰੇ ਵਿਚ ਆ ਗਏ। ਟੈਂਟਨੁਮਾ ਕਮਰੇ ਦੇ ਉਪਰ ਉੱਚਾ ਲੋਹੇ ਦੀਆਂ ਚਾਦਰਾਂ ਦਾ ਸ਼ੈੱਡ ਸੀ ਤੇ ਥੱਲੇ ਚਾਨਣੀਆਂ ਦੀ ਮਦਦ ਨਾਲ ਦਸ ਬਾਈ ਦਸ ਦੇ ਕਮਰੇ ਬਣਾਏ ਗਏ ਸਨ। ਛੋਟਾ ਜਿਹਾ ਦਰਵਾਜ਼ਾ ਰੱਖਿਆ ਹੋਇਆ ਸੀ ਤੇ ਉਹ ਵੀ ਚਾਨਣੀ ਪਾ ਕੇ ਬੰਦ ਹੋ ਜਾਂਦਾ ਸੀ। ਥਕਾਵਟ ਹੋਣ ਕਰਕੇ ਅਸੀਂ ਕਦੋਂ ਕੁ ਸੌਂ ਗਏ ਪਤਾ ਨਹੀਂ ਲੱਗਾ। ਸਵੇਰੇ ਲੈਟਰੀਨ ਬਾਥਰੂਮ ਜਾ ਕੇ ਇਸ਼ਨਾਨ ਕਰਕੇ ਕੱਪੜੇ ਬਦਲ ਕੇ ਅਸੀਂ ਸਾਰੇ ਸਾਥੀ ਗੁਰਦੁਆਰਾ ਸਾਹਿਬ ਜੀ ਵਿਖੇ ਮੱਥਾ ਟੇਕਣ ਚਲੇ ਗਏ। ਗੁਰਦੁਆਰਾ ਡੇਹਰਾ ਸਾਹਿਬ ਜੀ ਦੀ ਇਮਾਰਤ ਪੁਰਾਤਨ ਹੀ ਹੈ। ਛੱਤ ਵੀ ਨੀਵੀਂ ਹੈ ਤੇ ਦਰਵਾਜ਼ੇ ਵੀ ਨੀਵੇਂ ਹਨ। ਝੁੱਕ ਕੇ ਅੰਦਰ ਲੰਘਣਾ ਪੈਂਦਾ ਹੈ ਤੇ ਇਹ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਤਿਆਰ ਕੀਤੀ ਹੋਈ ਹੈ। ਅੰਦਰ ਬਹੁਤ ਹੀ ਸੁੰਦਰ ਪਾਲਕੀ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੈ। ਰਾਗੀ ਸਿੰਘ ਕੀਰਤਨ ਕਰ ਰਹੇ ਸੀ ਤੇ ਸੰਗਤਾਂ ਅੰਦਰ ਬੈਠ ਕੇ ਅਨੰਦ ਮਾਣ ਰਹੀਆਂ ਸਨ, ਅਸੀਂ ਵੀ ਮੱਥਾ ਟੇਕ ਕੇ ਕੀਰਤਨ ਸੁਣਨ ਵਾਸਤੇ ਬੈਠ ਗਏ। ਵੈਸੇ ਤਾਂ ਲਾਹੌਰ ਵਿੱਚ ਹੋਰ ਵੀ ਗੁਰਦੁਆਰੇ ਹਨ ਜਿਨ੍ਹਾਂ ਦਾ ਜ਼ਿਕਰ ਮੈਂ ਅੱਗੇ ਕਰਾਂਗਾ। ਗੁਰਦੁਆਰਾ ਡੇਹਰਾ ਸਾਹਿਬ ਉਹ ਇਤਿਹਾਸਕ ਤੇ ਪਵਿੱਤਰ ਅਸਥਾਨ ਹੈ ਜਿੱਥੇ ਸ਼ਹੀਦਾਂ ਦੇ ਸਰਤਾਜ ਪੰਜਵੇਂ ਗੁਰੂ ਸ੍ਰੀ ਗੁਰੂ ਅਰਜਨ ਦੇਵ ਜੀ ਚੰਦੂ ਦੇ ਤਸੀਹੇ ਨੂੰ ਹੱਸ-ਹੱਸ ਕੇ ਸਹਾਰਦੇ ਹੋਏ ਅਕਾਲ ਪੁਰਖ ਜੀ ਦਾ ਭਾਣਾ ਮੰਨ ਕੇ 30 ਮਈ 1606 ਈ: ਨੂੰ ਰਾਵੀ ਦਰਿਆ ਦੇ ਅੰਦਰ ਸਮਾ ਗਏ ਸਨ। ਅਕਬਰ ਦਾ ਪੁੱਤਰ ਜਹਾਂਗੀਰ ਜਦੋਂ ਤਖ਼ਤ 'ਤੇ ਬੈਠਾ ਤਾਂ ਵਿਰੋਧੀਆਂ ਨੇ ਗੁਰੂ ਸਾਹਿਬ ਵਿਰੁੱਧ ਉਸ ਦੇ ਕੰਨ ਭਰਨੇ ਸ਼ੁਰੂ ਕਰ ਦਿੱਤੇ। ਇਸ ਕੰਮ ਵਿਚ ਚੰਦੂ ਦੀ ਈਰਖਾ ਨੇ ਅਹਿਮ ਰੋਲ ਨਿਭਾਇਆ। ਜਹਾਂਗੀਰ ਨੇ ਗੁਰੂ ਸਾਹਿਬ ਨੂੰ ਦਰਬਾਰ ਵਿਚ ਲਿਆਉਣ ਲਈ ਮੁਰਤਜ਼ਾ ਖਾਨ ਨੂੰ ਕਿਹਾ। ਜਹਾਂਗੀਰ ਨੇ ਗੁਰੂ ਸਾਹਿਬ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਹਜ਼ਰਤ ਮੁਹੰਮਦ ਦੀ ਖੁਸ਼ਾਮਦ ਦੇ ਸ਼ਬਦ ਦਰਜ ਕਰਨ ਲਈ ਕਿਹਾ, ਜਿਸ 'ਤੇ ਗੁਰੂ ਸਾਹਿਬ ਨੇ ਸਾਫ ਇਨਕਾਰ ਕਰ ਦਿੱਤਾ। ਇੱਕ ਪਾਸੇ ਚੰਦੂ ਦੀ ਈਰਖਾ ਸੀ ਕਿ ਉਸ ਦੀ ਲੜਕੀ ਦਾ ਰਿਸ਼ਤਾ ਗੁਰੂ ਹਰਿਗੋਬਿੰਦ ਸਾਹਿਬ ਨੂੰ ਕਰਨ ਤੋਂ ਗੁਰੂ ਸਾਹਿਬ ਨੇ ਇਨਕਾਰ ਕਰ ਦਿੱਤਾ ਸੀ। ਅਖੀਰ ਗੁਰੂ ਸਾਹਿਬ ਨੂੰ ਸ਼ਹੀਦ ਕਰਨ ਦਾ ਹੁਕਮ ਦੇ ਦਿੱਤਾ ਗਿਆ, ਇਸ ਕੰਮ

ਲਈ ਖਾਸ ਤੌਰ ’ਤੇ ਨਿਰਦਈ ਚੰਦੂ ਨੂੰ ਲਗਾਇਆ ਗਿਆ। ਗੁਰੂ ਸਾਹਿਬ ਨੂੰ ਤੱਤੀ ਤਵੀ ’ਤੇ ਬਿਠਾ ਕੇ ਸੀਸ ’ਤੇ ਤੱਤੀ ਰੇਤ ਪਾਈ ਗਈ ਅਤੇ ਬਾਅਦ ਵਿੱਚ ਉਬਲਦੇ ਪਾਣੀ ਦੀ ਦੇਗ ਵਿੱਚ ਪਾਇਆ ਗਿਆ। ਪਰ ਗੁਰੂ ਸਾਹਿਬ ਨੇ ‘ਤੇਰੇ ਭਾਣੇ ਵਿਚ ਅੰਮ੍ਰਿਤ ਵਸੇ’ ਦੀ ਧੁਨੀ ਜਾਰੀ ਰੱਖੀ ਅੰਤ ਛੇਵੇਂ ਦਿਨ ਗੁਰੂ ਸਾਹਿਬ ਦੇ ਪਾਵਨ ਸਰੀਰ ਨੂੰ ਰਾਵੀ ਦਰਿਆ ਦੇ ਕਿਨਾਰੇ ਲਿਜਾਇਆ ਗਿਆ ਅਤੇ ਰਾਵੀ ਦਰਿਆ ਵਿਚ ਵਹਾ ਦਿੱਤਾ ਗਿਆ। ਅੱਜਕਲ੍ਹ ਇਹ ਜਗ੍ਹਾ ਗੁਰਦੁਆਰਾ ਡੇਹਰਾ ਸਾਹਿਬ ਦੇ ਨਾਮ ਨਾਲ ਜਾਣੀ ਜਾਂਦੀ ਹੈ। ਗੁਰੂ ਅਰਜਨ ਦੇਵ ਜੀ ਨੇ ਆਪਣੇ ਗੁਰਗੱਦੀ ਕਾਲ ਵਿਚ, ਸਭ ਤੋਂ ਮਹਾਨ ਕੰਮ ਇਲਾਹੀ ਬਾਣੀ ਰਚਣ ਅਤੇ ਪਹਿਲੇ ਗੁਰੂ ਸਾਹਿਬਾਂ ਦੀ, ਸੰਤਾਂ, ਭਗਤਾਂ ਦੀ ਬਾਣੀ ਨੂੰ ਇਕੱਤਰ ਕਰਨ ਦਾ ਕੀਤਾ। ਇਸ ਮਹਾਨ ਕੰਮ ਨੂੰ ਕਰਨ ਲਈ ਗੁਰੂ ਸਾਹਿਬ ਨੇ ਅੰਮ੍ਰਿਤਸਰ ਵਿਚ ਰਾਮਸਰ ਜਗ੍ਹਾ ਦੀ ਚੋਣ ਕੀਤੀ। ਆਪ ਜੀ ਨੇ ਸੰਨ 1601 ਤੋਂ ਲੈ ਕੇ ਅਗਸਤ 1604 ਦੇ ਲੰਮੇ ਅਰਸੇ ਦੌਰਾਨ ਇਹ ਕੰਮ ਸੰਪੂਰਨ ਕੀਤਾ ਅਤੇ ਇੱਕ ਮਹਾਨ ਗ੍ਰੰਥ ਗੁਰੁ ਗ੍ਰੰਥ ਸਾਹਿਬ ਜੀ ਤਿਆਰ ਕੀਤਾ, ਜਿਸ ਵਿੱਚ 36 ਮਹਾਂਪੁਰਸ਼ਾਂ ਦੀ ਬਾਣੀ ਅੰਕਿਤ ਕੀਤੀ, ਜਿਨ੍ਹਾਂ ਵਿੱਚ ਪੰਜ ਗੁਰੂ ਸਾਹਿਬਾਨ ਦੀ ਬਾਣੀ, 15 ਭਗਤਾਂ ਦੀ ਬਾਣੀ ਦਾ ਸੰਗ੍ਰਹਿ ਤਿਆਰ ਕੀਤਾ। ਇਸ ਸੇਵਾ ਲਈ ਭਾਈ ਗੁਰਦਾਸ ਜੀ ਨੇ ਆਪਣੀ ਲੇਖਣੀ ਦੁਆਰਾ ਮਹਾਨ ਯੋਗਦਾਨ ਪਾਇਆ। ਗੁਰੂ ਸਾਹਿਬ ਜੀ ਨੇ ਆਪਣੀ ਦੇਖ ਰੇਖ ਹੇਠ ਜਿਲਦ ਸਾਜ ਕੀਤੀ ਅਤੇ 30 ਅਗਸਤ 1604 ਨੂੰ ਇਸ ਇਲਾਹੀ ਗ੍ਰੰਥ ਦਾ ਪਹਿਲੀ ਵਾਰ ਦਰਬਾਰ ਸਾਹਿਬ (ਅੰਮ੍ਰਿਤਸਰ) ਅੰਦਰ ਪ੍ਰਕਾਸ਼ ਕੀਤਾ ਗਿਆ, ਬਾਬਾ ਬੁੱਢਾ ਜੀ ਨੇ ਪਹਿਲੇ ਗ੍ਰੰਥੀ ਦੇ ਤੌਰ ’ਤੇ ਪਹਿਲਾ ਹੁਕਮਨਾਮਾ ਲਿਆ। ਗੁਰਦੁਆਰਾ ਡੇਹਰਾ ਸਾਹਿਬ ਜੀ ਬੜਾ ਹੀ ਮਹੱਤਵਪੂਰਨ ਅਸਥਾਨ ਹੈ। ਇੱਥੇ ਹੀ ਗੁਰੂ ਜੀ ਨੂੰ ਤੱਤੀਆਂ ਤਵੀਆਂ ’ਤੇ ਬਿਠਾਇਆ ਗਿਆ ਤੇ ਬਾਕੀ ਸਿੰਘਾਂ ਨੂੰ ਦੇਗਾਂ ਵਿਚ ਉਬਾਲਿਆ ਗਿਆ ਸੀ। ਪਾਪੀਆਂ ਨੇ ਕਿੰਨੇ ਕੁ ਤਸੀਹੇ ਦਿੱਤੇ ਹੋਣਗੇ ਲਿਖਣਾ ਔਖਾ ਲੱਗਦਾ ਹੈ। ਪਰ ਸ਼ਹੀਦਾਂ ਦੇ ਸਿਰਤਾਜ ਅਖਵਾਉਣ ਵਾਲੇ ਸੱਚੇ ਪਾਤਸ਼ਾਹ ਨੇ ਭਾਣਾ ਮੰਨ ਕੇ ਸ਼ਹੀਦੀ ਪਾਈ ਸੀ। ਬਾਅਦ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸਾਹਿਬਜ਼ਾਦੇ ਤੇ ਛੇਵੇਂ ਗੁਰੂ ਹਰਗੋਬਿੰਦ ਜੀ 1619 ਈਃ ਨੂੰ ਪਾਪੀ ਚੰਦੂ ਨੂੰ ਸਜ਼ਾ ਦੇਣ ਵਾਸਤੇ ਲਾਹੌਰ ਵਿਖੇ ਆਏ ਤਾਂ ਸਭ ਤੋਂ ਪਹਿਲਾਂ ਉਨ੍ਹਾਂ ਨੇ ਆਪਣੇ ਪਿਤਾ ਜੀ ਦਾ ਸ਼ਹੀਦੀ ਥੜ੍ਹਾ ਤਿਆਰ ਕਰਵਾਇਆ ਤੇ ਫਿਰ ਮਹਾਰਾਜਾ ਰਣਜੀਤ ਸਿੰਘ ਨੇ ਆਪਣੇ ਰਾਜ ਕਾਲ ਦੌਰਾਨ ਇਥੇ ਇਮਾਰਤ ਤਿਆਰ ਕਰਵਾਈ ਜੋ ਬਹੁਤ ਹੀ ਛੋਟੀ ਸੀ। ਬਾਅਦ ਵਿਚ ਇੱਥੇ 1909 ਵਿੱਚ ਮੰਜੀ ਸਾਹਿਬ ਉਸਾਰਿਆ ਗਿਆ। 21 ਅਪ੍ਰੈਲ 1930 ਵਿਚ ਇਸੇ ਸਥਾਨ ਦੀ ਕਾਰ ਸੇਵਾ ਮੁੜ ਆਰੰਭ ਹੋਈ ਤੇ 9 ਸਤੰਬਰ 1934 ਨੂੰ ਸੰਪਰੂਨ ਹੋਈ। ਗੁਰਦੁਆਰਾ ਸਾਹਿਬ ਜੀ ਦੇ ਗੁੰਬਦ ਉੱਪਰ ਸੋਨਾ ਚੜ੍ਹਾਇਆ ਗਿਆ, ਫਰਸ਼ ਪੱਕੇ ਕਰਵਾਏ ਗਏ ਤੇ ਮੇਨ ਗੇਟ ਵੀ ਬਣਾਇਆ ਗਿਆ। ਨਵੰਬਰ 1996 ਈਃ ਨੂੰ ਵਕਫ਼ ਬੋਰਡ ਪਾਕਿਸਤਾਨ ਵਲੋਂ ਸੰਗਤਾਂ ਦੀ ਰਿਹਾਇਸ਼ ਵਾਸਤੇ 47 ਕਮਰਿਆਂ ਦਾ ਇਕ ਬਲਾਕ ਤਿਆਰ ਕਰਵਾਇਆ

ਗਿਆ ਜਿਸ ਦਾ ਨਾਮ ਮੀਆਂ ਮੀਰ ਜੀ ਬਲਾਕ ਰੱਖਿਆ ਗਿਆ, ਇੱਥੇ ਹਰ ਵੇਲੇ ਲੰਗਰ ਚੱਲਦਾ ਰਹਿੰਦਾ ਹੈ ਅਤੇ ਪਾਕਿਸਤਾਨ, ਭਾਰਤ, ਅਮਰੀਕਾ, ਕਨੇਡਾ ਤੇ ਹੋਰ ਦੇਸ਼ਾਂ ਤੋਂ ਸੰਗਤਾਂ ਸਾਲ ਭਰ ਇਥੇ ਆਉਂਦੀਆਂ ਰਹਿੰਦੀਆਂ ਹਨ। ਇਸ ਸਥਾਨ ਦੇ ਨਾਲ ਹੀ ਥੜ੍ਹਾ ਸਾਹਿਬ ਮੌਜੂਦ ਹੈ। ਕਮਰਾ ਛੋਟਾ ਹੋਣ ਕਰਕੇ ਸੰਗਤਾਂ ਵਾਰੀ-ਵਾਰੀ ਅੰਦਰ ਜਾ ਕੇ ਇਸ ਸਥਾਨ ਦੇ ਦਰਸ਼ਨ ਕਰਦੀਆਂ ਹਨ। ਇਸ ਥੜ੍ਹਾ ਸਾਹਿਬ ਜੀ ਦੇ ਦਰਸ਼ਨ ਕਰਕੇ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਦੀ ਯਾਦ ਆ ਜਾਂਦੀ ਹੈ। ਇਥੋਂ ਦਰਸ਼ਨ ਕਰਕੇ ਅਸੀਂ ਸਮਾਧ ਮਹਾਰਾਜਾ ਰਣਜੀਤ ਸਿੰਘ ਦੇ ਦਰਸ਼ਨ ਕਰਨ ਚਲੇ ਗਏ ਇਹ ਸਮਾਧ ਗੁਰਦੁਆਰਾ ਸਾਹਿਬ ਜੀ ਦੇ ਚੜ੍ਹਦੇ ਹੱਥ ਤੀਜੀ ਮੰਜ਼ਲ 'ਤੇ ਬਣਾਈ ਗਈ ਹੈ। ਇਥੇ ਮਹਾਰਾਜਾ ਰਣਜੀਤ ਸਿੰਘ ਤੇ ਉਹਨਾਂ ਦੇ ਬੇਟੇ ਦਲੀਪ ਸਿੰਘ ਦੀਆਂ ਤਸਵੀਰਾਂ ਸ਼ੁਸ਼ੋਭਿਤ ਹਨ। ਇਸ ਉਪਰੰਤ ਅਸੀਂ ਉਪਰਲੀ ਮੰਜ਼ਿਲ ਤੇ ਚਲੇ ਗਏ। ਇਥੋਂ ਲਾਹੌਰ ਸ਼ਹਿਰ ਦਾ ਨਜ਼ਾਰਾ ਵੇਖਣਯੋਗ ਸੀ। ਇਥੋਂ ਦਰਸ਼ਨ ਕਰਕੇ ਅਸੀਂ ਇੱਕ ਵਾਰ ਫਿਰ ਆਪਣੇ ਟੈਂਟਨੁਮਾ ਕਮਰੇ ਵਿਚ ਆ ਗਏ। ਬਲਵੀਰ ਲਾਟੀ ਮੈਨੂੰ ਕਹਿਣ ਲੱਗਾ ਚੱਲ ਬੂਟੇ ਆਪਾਂ ਹੁਣ ਉਥੇ ਜਾ ਕੇ ਆਈਏ ਉਨ੍ਹਾਂ ਦੇ ਫੋਨ ਆਈ ਜਾਂਦੇ ਨੇ। ਸੇਵਕ ਤੇ ਸਾਹਿਬ ਵੀ ਨਾਲ ਤਿਆਰ ਹੋ ਗਏ। ਅਸੀਂ ਚਾਰ ਜਣਿਆਂ ਨੇ ਬਾਹਰ ਮੇਨ ਗੇਟ ਤੇ ਆ ਕੇ ਪੁੱਛਿਆ ਬਈ ਅਸੀਂ ਬੱਲੋ ਕੀ ਹੈਡ ਪਿੰਡ ਜਾਣਾ, ਉਨ੍ਹਾਂ ਨੇ ਦੱਸਿਆ ਕਿ ਨਾਲ ਹੀ ਜੀ.ਟੀ. ਰੋਡ ਤੋਂ ਤੁਹਾਨੂੰ ਬੱਸ ਮਿਲ ਜਾਵੇਗੀ। ਅਸੀਂ ਤੁਰਦੇ ਹੋਏ ਬੱਸ ਕੋਲ ਪਹੁੰਚ ਗਏ। ਏ.ਸੀ. ਬੱਸ ਮਿਲ ਗਈ ਤੇ ਅਸੀਂ ਚਾਰੇ ਜਣੇ ਟਿਕਟਾਂ ਲੈ ਕੇ ਉਸ ਵਿਚ ਬੈਠ ਗਏ। ਅਜੇ ਬੱਸ ਤੁਰੀ ਨਹੀਂ ਸੀ ਤੇ ਕਈ ਚੀਜ਼ਾਂ ਵੇਚਣ ਵਾਲੇ ਬੱਸ ਵਿੱਚ ਚੜ੍ਹੇ ਸਨ। ਸਾਡੇ ਪੰਜਾਬ ਵਾਂਗ ਉਧਰ ਵੀ ਲੋਕ ਬੱਸਾਂ ਵਿਚ ਚੜ੍ਹ ਕੇ ਚੀਜ਼ਾਂ ਵੇਚ ਰਹੇ ਸਨ। ਬੱਸ ਚੱਲ ਪਈ ਸੀ। ਸਾਰੀ ਬੱਸ ਵਿਚ ਅਸੀਂ ਚਾਰ ਹੀ ਪੰਜਾਬੀ ਸੀ ਬਾਕੀ ਸਾਰੀਆਂ ਸਵਾਰੀਆਂ ਹੈਰਾਨੀ ਨਾਲ ਸਾਨੂੰ ਵੇਖ ਰਹੀਆਂ ਸਨ। ਕਈ ਪੁੱਛ ਰਹੇ ਸੀ ਸਰਦਾਰ ਜੀ ਤੁਸੀਂ ਕਿੱਥੇ ਜਾਣਾ। ਅਸੀਂ ਦੱਸਿਆ ਬਈ ਬੱਲੋ ਕੀ ਹੈਡ ਜਾਣਾ ਤਾਂ ਉਹ ਕਹਿਣ ਲੱਗੇ ਬਈ ਤੁਹਾਨੂੰ ਮਾਗਾ ਮੰਡੀ ਦੇ ਅੱਡੇ 'ਤੇ ਉੱਤਰ ਕੇ ਉਥੋਂ ਫਿਰ ਭਾਈ ਫੇਰੂ ਤੇ ਫਿਰ ਬੱਲੋ ਕੀ ਜਾਣਾ ਪੈਣਾ। ਉਨ੍ਹਾਂ ਦੱਸ ਦਿੱਤਾ ਸੀ ਕਿ ਮਾਂਗਾ ਮੰਡੀ ਤੋਂ ਮੋਟਰਸਾਈਕਲ ਰਿਕਸ਼ੇ ਆਮ ਮਿਲ ਜਾਂਦੇ ਹਨ। ਅਸੀਂ ਕੰਡਕਟਰ ਨੂੰ ਕਹਿ ਦਿੱਤਾ ਸੀ ਬਈ ਸਾਨੂੰ ਆਵਾਜ਼ ਮਾਰ ਕੇ ਉਤਾਰ ਦੇਣਾ। ਸਾਨੂੰ ਅੱਡੇ ਦਾ ਪਤਾ ਨਹੀਂ। ਚੰਗਾ ਸਰਦਾਰ ਜੀ ਜ਼ਰੂਰ ਉਤਾਰ ਦੇਵਾਂਗਾ। ਇਹ ਬੱਸ ਲਾਹੌਰ ਤੋਂ ਮੁਲਤਾਨ ਜਾ ਰਹੀ ਸੀ ਤੇ ਪ੍ਰਾਈਵੇਟ ਹਿੰਦ ਗੁੱਜਰ ਕੰਪਨੀ ਦੀ ਸੀ। ਵੈਸੇ ਪਾਕਿਸਤਾਨ ਵਿਚ ਸਰਕਾਰੀ ਬੱਸਾਂ ਨਹੀਂ ਹਨ ਤੇ ਪ੍ਰਾਈਵੇਟ ਹੀ ਚੱਲਦੀਆਂ ਹਨ। ਬੱਸ ਵਿਚ ਵਧੇਰੇ ਗਿਣਤੀ ਆਦਮੀਆਂ ਦੀ ਹੀ ਸੀ। ਔਰਤਾਂ ਬੱਸ ਦੋ ਚਾਰ ਹੀ ਸਨ ਉਹ ਵੀ ਅੱਧਖੜ ਉਮਰ ਦੀਆਂ ਤੇ ਉਹ ਵੀ ਪੈਰਾਂ ਤੋਂ ਲੈ ਕੇ ਸਿਰ ਤੱਕ ਬੁਰਕੇ ਨਾਲ ਕੱਜੀਆਂ ਹੋਈਆਂ ਸਨ। ਰਸਤੇ ਵਿਚ ਕਈ ਬੱਸ ਸਟਾਪ ਆਏ। ਅਖੀਰ ਘੰਟੇ ਕੁ ਦੇ ਸਫ਼ਰ ਮਗਰੋਂ ਅਸੀਂ ਮਾਂਗਾ ਮੰਡੀ ਪਹੁੰਚ ਗਏ। ਜਿਉਂ ਹੀ ਅਸੀਂ ਬੱਸ ਵਿਚੋਂ ਉਤਰੇ ਅੱਡੇ ਵਾਲੇ ਲੋਕ ਸਾਨੂੰ

ਚਾਰ ਪੰਜਾਬੀਆਂ ਨੂੰ ਤੱਕ ਕੇ ਬੜੇ ਹੈਰਾਨ ਹੋਏ। ਸਾਡੇ ਕੋਲ ਆ ਕੇ ਪੁੱਛ ਰਹੇ ਸਨ ਸਰਦਾਰ ਜੀ ਤੁਸਾਂ ਕਿਧਰ ਜਾਣਾ ਤੇ ਸਾਨੂੰ ਉਨ੍ਹਾਂ ਨੇ ਉਸੇ ਪਿੰਡ ਵਾਲੇ ਮੋਟਰਸਾਈਕਲ ਰਿਕਸ਼ੇ ਨਾਲ ਮਿਲਾ ਦਿੱਤਾ। ਉਹ ਰਿਕਸ਼ੇ ਵਾਲਾ ਜਿਧਰ ਅਸੀਂ ਜਾਣਾ ਸੀ ਉਨ੍ਹਾਂ ਨੂੰ ਵੀ ਪਿੰਡ ਦਾ ਹੋਣ ਕਰਕੇ ਜਾਣਦਾ ਸੀ। ਸੋ ਅਸੀਂ ਉਸ ਨੂੰ ਜਾਣ-ਆਉਣ ਹੀ ਕਰ ਲਿਆ ਸੀ। ਉਧਰਲੇ ਢਾਈ ਸੌ ਰੁਪਏ ਵਿੱਚ ਸਾਡੀ ਗੱਲ ਹੋਈ ਸੀ। ਰਿਕਸ਼ੇ ਵਿਚ ਬੈਠਣ ਤੋਂ ਪਹਿਲਾਂ ਅਸੀਂ ਸਾਹਬ ਸਿੰਘ ਵਾਸਤੇ ਚੱਪਲਾਂ ਲੈਣੀਆਂ ਚਾਹੁੰਦੇ ਸੀ। ਉਹ ਗੁਰਦੁਆਰਿਓਂ ਨੰਗੇ ਪੈਰੀਂ ਹੀ ਆ ਗਿਆ ਸੀ, ਪਰ ਪਿੰਡ ਵਿਚ ਇੰਜ ਨੰਗੇ ਪੈਰੀਂ ਜਾਣਾ ਚੰਗਾ ਨਹੀਂ ਸੀ ਲੱਗਣਾ ਇਸ ਕਰਕੇ ਅਸੀਂ ਉਸ ਨੂੰ ਕਿਹਾ ਕਿ ਜੁੱਤੀ ਜਾਂ ਚੱਪਲਾਂ ਲੈ ਲਵੇ। ਖ਼ੈਰ ਸਾਨੂੰ ਕਿਸੇ ਵੀ ਦੁਕਾਨ ਤੋਂ ਚੱਪਲਾਂ ਨਹੀਂ ਸੀ ਮਿਲੀਆਂ। ਨਾਲ ਹੀ ਮੋਚੀ ਜੁੱਤੀਆਂ ਗੰਢ ਰਿਹਾ ਸੀ ਉਸ ਨੇ ਸਾਨੂੰ 'ਵਾਜ਼ਾਂ ਮਾਰ ਕੇ ਚਮੜੇ ਦੀਆਂ ਅਧੋਰਾਨੀਆਂ ਚੱਪਲਾਂ ਪਾਲਿਸ਼ ਕਰਕੇ ਦਿੱਤੀਆ। ਅਸੀਂ ਕਿਹਾ ਆਉਂਦੇ ਵਾਪਸ ਕਰ ਦੇਵਾਂਗੇ ਪਰ ਉਸ ਨੇ ਕਿਹਾ ਮੈਂ ਵਾਪਸ ਨਹੀਂ ਲੈਣੀਆਂ ਤੇ ਨਾ ਹੀ ਉਸ ਨੇ ਸਾਡੇ ਕੋਲੋਂ ਕੋਈ ਪੈਸੇ ਲਏ ਸੀ। ਅਸੀਂ ਦੇ ਵੀ ਰਹੇ ਸੀ ਪਰ ਉਹ ਕਹਿ ਰਿਹਾ ਸੀ। ਬਈ ਤੁਸੀਂ ਸਾਡੇ ਮਹਿਮਾਨ ਹੋ ਤੇ ਮਹਿਮਾਨਾਂ ਤੋਂ ਪੈਸੇ ਥੋੜ੍ਹਾ ਲਈਏ ਨੇ। ਅਸੀਂ ਉਸਦਾ ਧੰਨਵਾਦ ਕਰਕੇ ਮੋਟਰਸਾਈਕਲ ਰਿਕਸ਼ੇ 'ਤੇ ਚਾਰੇ ਜਣੇ ਬੈਠ ਗਏ। ਬਲਵੀਰ ਲਾਟੀ ਨੇ ਉਧਰਲੇ ਘਰ ਵਾਸਤੇ ਕੇਲੇ, ਸੇਬ, ਅਮਰੂਦ ਮਾਗਾਂ ਮੰਡੀ ਤੋਂ ਖਰੀਦ ਲਏ। ਹੁਣ ਸਾਡਾ ਮੋਟਰਸਾਈਕਲ ਰਿਕਸ਼ਾ ਲਿੰਕ ਸੜਕ 'ਤੇ ਜਾ ਰਿਹਾ ਸੀ। ਸੜਕ ਬਹੁਤੀ ਜ਼ਿਆਦਾ ਖਰਾਬ ਸੀ, ਟੋਏ ਨਹੀਂ ਖੱਡੇ ਸਨ। ਸੜਕ ਦਾ ਤਾਂ ਨਾਂ ਹੀ ਸੀ ਉਂਝ ਕੱਚਾ ਰਾਹ ਕਹਿ ਲਈਏ ਤਾਂ ਚੰਗਾ ਹੈ। ਰਿਕਸ਼ੇ ਦੇ ਪਿੱਛੇ ਧੂੜ ਉੱਡ ਰਹੀ ਸੀ। ਕੋਲੋਂ ਲੰਘਦੀਆਂ ਚੀਜ਼ਾਂ ਵੀ ਧੂੜ ਉਡਾ ਰਹੀਆਂ ਸਨ। ਰਸਤੇ ਵਿਚ ਲੋਕ ਆਪੋ ਆਪਣੀ ਕੰਮੀਂ ਧੰਦੀ ਲੱਗੇ ਹੋਏ ਸਨ। ਕਮਾਦ ਤੇ ਕਣਕ ਦੇ ਜ਼ਿਆਦਾ ਖੇਤ ਸਨ। ਕਈ ਥਾਵਾਂ 'ਤੇ ਪੈਲੀ ਵਿਹਲੀ ਹੀ ਪਈ ਸੀ। ਆਖਰ ਭਾਈ ਫੇਰੂ ਪਿੰਡ ਆ ਗਿਆ ਸੀ ਤੇ ਉਸ ਤੋਂ ਅਗਲੇ ਪਿੰਡ ਅਸੀਂ ਜਾਣਾ ਸੀ। ਇਹ ਸਾਰਾ ਸਫ਼ਰ ਮਾਗਾਂ ਮੰਡੀ ਤੋਂ 7-8 ਕਿਲੋਮੀਟਰ ਦਾ ਸੀ। ਹੌਲੀ-ਹੌਲੀ ਚੱਲਦੇ ਹੋਏ ਅਸੀਂ ਬੱਲੋ ਕੀ ਹੈਡ ਪਹੁੰਚ ਗਏ। ਮੇਨ ਸੜਕ ਤੋਂ ਉਸਨੇ ਰਿਕਸ਼ਾ ਗਲੀ ਵੱਲ ਮੋੜ ਲਿਆ, ਲੋਕ ਦਰਵਾਜ਼ਿਆਂ 'ਚੋਂ ਖੜ੍ਹ-ਖੜ੍ਹ ਕੇ ਸਾਨੂੰ ਵੇਖ ਰਹੇ ਸਨ। ਬੱਚੇ ਹੱਥ ਹਿਲਾ ਰਹੇ ਸਨ। ਗਲੀ 'ਚ ਥੋੜ੍ਹਾ ਜਿਹਾ ਅੱਗੇ ਜਾ ਕੇ ਉਸ ਨੇ ਇਕ ਘਰ ਦਾ ਬੂਹਾ ਖੜਕਾ ਦਿੱਤਾ ਤੇ ਇਹ ਉਹੀ ਘਰ ਸੀ ਜਿਸ ਘਰੇ ਅਸੀਂ ਜਾਣਾ ਸੀ। ਅਸਲ ਵਿਚ ਸਾਡੇ ਨਾਲ ਗਏ ਸਾਥੀ ਬਲਵੀਰ ਸਿੰਘ ਦੀ ਰਿਸ਼ਤੇਦਾਰੀ ਵੀ ਸੀ। ਦਰਵਾਜ਼ਾ ਇੱਕ ਔਰਤ ਨੇ ਖੋਲ੍ਹਿਆ। ਘਰ ਵਿਚ ਹੋਣ ਕਰਕੇ ਉਸ ਨੇ ਬੁਰਕਾ ਨਹੀਂ ਸੀ ਪਾਇਆ। ਇਸਲਾਮਾ ਲੇਕਮ ਕਹਿ ਕੇ ਉਸ ਨੇ ਅੰਦਰ ਆਉਣ ਲਈ ਕਿਹਾ। ਵੈਸੇ ਉਨ੍ਹਾਂ ਨੂੰ ਪਹਿਲਾਂ ਹੀ ਪਤਾ ਸੀ ਬਈ ਅਸੀਂ ਆਉਣਾ ਹੈ। ਅੰਦਰ ਵਿਹੜੇ ਵਿਚ ਇੱਕ ਮਾੜੇ ਜਿਹੇ ਸਰੀਰ ਦਾ ਬੰਦਾ ਲੰਮਾ ਪਿਆ ਸੀ। ਸਾਨੂੰ ਵੇਖ ਕੇ ਉਹ ਉੱਠ ਬੈਠਾ ਸੀ ਤੇ ਅਸੀਂ ਨਾਲ ਹੀ ਪਈ ਮੰਜੀ 'ਤੇ ਚਾਰੇ ਜਣੇ ਬੈਠ ਗਏ। ਪਾਣੀ

ਪਿਲਾਉਣ ਤੋਂ ਬਾਅਦ ਉਹ ਔਰਤ ਹੱਟੀਓਂ ਠੰਡੇ ਦੀ ਬੋਤਲ ਫੜ ਲਿਆਈ ਤੇ ਕੱਚ ਦੇ ਗਲਾਸਾਂ ਵਿਚ ਪਾ ਕੇ ਸਾਨੂੰ ਫੜਾ ਦਿੱਤਾ ਸੀ। ਠੰਡਾ ਪੀ ਕੇ ਬਲਵੀਰ ਨੇ ਕੇਲਿਆਂ ਵਾਲਾ ਲਿਫ਼ਾਫ਼ਾ ਤੇ ਹੋਰ ਤੋਹਫ਼ਿਆਂ ਵਾਲਾ ਲਿਫ਼ਾਫ਼ਾ ਉਸ ਔਰਤ ਨੂੰ ਫੜ੍ਹਾ ਦਿੱਤਾ। ਠੰਡੇ ਪੀਂਦਿਆਂ ਮੈਂ ਤੱਕ ਰਿਹਾ ਸੀ ਕਿ ਪਿੰਡ ਵੀ ਕੱਚਾ ਹੈ ਤੇ ਘਰ ਵੀ ਕੱਚਾ ਪੱਕਾ ਜਿਹਾ ਸੀ। ਵਿਹੜੇ ਵਿਚ ਬੱਕਰੀਆਂ ਬੰਨ੍ਹੀਆਂ ਹੋਈਆਂ ਸਨ। ਇੱਕ ਨੁੱਕਰੇ ਕੱਚਾ ਭੜੋਲਾ ਕਣਕ ਪਾਉਣ ਵਾਲਾ ਪਿਆ ਸੀ। ਚੌਂਕਾ-ਚੁੱਲ੍ਹਾ ਮਿੱਟੀ ਨਾਲ ਬਣਾਇਆ ਹੋਇਆ ਸੀ। ਮਾੜਾ ਮੋਟਾ ਚੌਂਕਾ ਮਿੱਟੀ ਨਾਲ ਲਿਪ ਲਪਾ ਕੇ ਉਪਰ ਮੋਰ ਘੁੱਗੀਆਂ ਪਾਈਆਂ ਹੋਈਆਂ ਸਨ। ਇਕ ਬਰਾਂਡਾ ਜਿਹਾ ਵੱਡੇ-ਵੱਡੇ ਸ਼ਤੀਰ ਪਾ ਕੇ ਪਾਇਆ ਹੋਇਆ ਸੀ ਤੇ ਉੱਪਰ ਕਾਨਿਆਂ ਦੀ ਛੱਤ ਪਾਈ ਹੋਈ ਸੀ। ਘਰ ਦੀ ਇਕ ਨੁੱਕਰ ਵਿਚ ਇਕ ਨਲਕਾ ਲੱਗਾ ਹੋਇਆ ਸੀ। ਮੈਨੂੰ ਇਥੇ ਬੈਠਿਆਂ ਆਪਣੇ ਪਿੰਡ ਗੁਲਾਮੀ ਵਾਲੇ ਦੀ ਯਾਦ ਆ ਗਈ। ਨਿੱਕੇ ਹੁੰਦਿਆਂ ਸਾਡਾ ਘਰ ਵੀ ਕੱਚਾ ਹੁੰਦਾ ਸੀ। ਸਾਡੀ ਦਾਦੀ ਨੇ ਚੁੱਲ੍ਹਾ ਚੌਂਕਾ ਵੀ ਕੱਚਾ ਬਣਾਇਆ ਸੀ। ਮਿੱਟੀ ਵਿਚ ਰੰਗ ਪਾ ਕੇ ਉਸ ਨੇ ਫੇਰਿਆ ਸੀ, ਸਾਡੇ ਘਰ ਵੀ ਕੱਚਾ ਕਣਕ ਵਾਲਾ ਭੜੋਲਾ ਹੁੰਦਾ ਸੀ। ਸਾਡੇ ਕਮਰੇ ਦੇ ਮੂਹਰੇ ਕੱਚਾ ਥੜ੍ਹਾ ਹੁੰਦਾ ਸੀ। ਉਸ ਤੇ ਅਕਸਰ ਸਾਡੀ ਮਾਂ ਗੋਹਾ ਮਿੱਟੀ ਰਲਾ ਕੇ ਫੇਰਿਆ ਕਰਦੀ ਸੀ ਪਰ ਹੁਣ ਸਾਡਾ ਪਿੰਡ ਤਾਂ ਪੱਕਾ ਹੋ ਗਿਆ ਸੀ ਪਰ ਇਥੇ ਦਾ ਨਜ਼ਾਰਾ ਹਾਲੇ ਉਹੀ ਸੀ, ਤੀਹ-ਪੈਂਤੀ ਸਾਲ ਪੁਰਾਣਾ। ਮੈਂ ਸੋਚ ਰਿਹਾ ਸੀ ਬਈ ਜਦੋਂ ਲੋਕਾਂ ਦੇ ਘਰ ਕੱਚੇ ਹੁੰਦੇ ਸਨ ਤਾਂ ਵਾਅਦੇ ਪੱਕੇ ਹੁੰਦੇ ਸਨ। ਜਿਵੇਂ-ਜਿਵੇਂ ਲੋਕਾਂ ਨੇ ਕੋਠੀਆਂ, ਮਹਿਲ ਮੁਨਾਰੇ ਉਸਾਰ ਲਏ ਉਵੇਂ-ਉਵੇਂ ਦਿਲਾਂ ਵਿਚੋਂ ਪਿਆਰ ਵੀ ਗਾਇਬ ਹੋ ਗਿਆ। ਠੰਡੇ ਪੀ ਕੇ ਫਿਰ ਚਾਹ ਆ ਗਈ ਤੇ ਨਾਲ ਪਾਕਿਸਤਾਨੀ ਬਿਸਕੁਟ ਬੜੇ ਸੁਆਦ ਸਨ। ਇੰਨੇ ਨੂੰ ਉਸ ਬੰਦੇ ਦਾ ਦੂਜਾ ਭਰਾ ਵੀ ਆ ਗਿਆ ਤੇ ਸਾਨੂੰ ਆਪਣੇ ਘਰ ਆਉਣ ਵਾਸਤੇ ਜ਼ੋਰ ਲਾਉਣ ਲੱਗਾ। ਫਿਰ ਅਸੀਂ ਕਿਹਾ ਜਾਂਦੇ-ਜਾਂਦੇ ਆਵਾਂਗੇ। ਕਾਫੀ ਗੱਲਾਬਾਤਾਂ ਹੋਈਆਂ। ਬਲਵੀਰ ਲਾਟੀ ਦਾ ਰਿਸ਼ਤੇਦਾਰੀ ਵਿਚੋਂ ਇਥੇ ਤਾਇਆ ਸੀ ਤੇ ਇਹ ਉਨ੍ਹਾਂ ਦਾ ਹੀ ਪਰਿਵਾਰ ਸੀ। ਇਧਰੋਂ ਛੁੱਟੀ ਲੈ ਕੇ ਅਸੀਂ ਇਕ ਭੀੜੀ ਜਿਹੀ ਗਲੀ ਵਿਚੋਂ ਲੰਘਦੇ ਹੋਏ ਦੂਜੇ ਘਰ ਪਹੁੰਚ ਗਏ। ਗਲੀ ਦੇ ਸਾਰੇ ਲੋਕ ਬਾਹਰ ਆ ਗਏ ਸਨ ਤੇ ਸਾਨੂੰ ਘਰ ਆਉਣ ਵਾਸਤੇ ਕਹਿ ਰਹੇ ਸਨ, ਪਰ ਸਾਡੇ ਕੋਲ ਬਹੁਤਾ ਟਾਇਮ ਨਹੀਂ ਸੀ। ਤੁਰਦੇ-ਤੁਰਦੇ ਅਸੀਂ ਉਸ ਘਰ ਪਹੁੰਚ ਗਏ। ਇਹ ਘਰ ਥੋੜ੍ਹਾ-ਥੋੜ੍ਹਾ ਪੱਕਾ ਸੀ। ਘਰੇ ਵੜਦਿਆਂ ਹੀ ਉਨ੍ਹਾਂ ਨੇ ਮੰਜਾ ਡਾਹ ਕੇ ਉੱਪਰ ਚਾਦਰਾਂ ਵਿਛਾ ਦਿੱਤੀਆਂ ਤੇ ਸਿਰਹਾਣੇ ਲਾ ਦਿੱਤੇ। ਅਸੀਂ ਬੈਠ ਗਏ। ਇਨ੍ਹਾਂ ਦਾ ਪਰਿਵਾਰ ਕਾਫੀ ਵੱਡਾ ਸੀ। ਸਾਰੇ ਵਾਰੋ-ਵਾਰੀ ਗਲ਼ ਲੱਗ-ਲੱਗ ਕੇ ਮਿਲ ਰਹੇ ਸਨ। ਬਲਵੀਰ ਲਾਟੀ ਨੂੰ ਇਧਰਲਿਆਂ ਦੀ ਸੁੱਖ ਸਾਂਦ ਪੁੱਛ ਰਹੇ ਸਨ। ਸਾਨੂੰ ਵੇਖ ਕੇ ਪਿੰਡ ਤੇ ਗਲੀ ਵਿਚੋਂ ਕਈ ਲੋਕ ਇਨ੍ਹਾਂ ਦੇ ਘਰ ਆ ਗਏ ਸਨ। ਉਹ ਕਹਿ ਰਹੇ ਸਨ ਬਈ ਇੰਡੀਆ ਤੋਂ ਸਾਡੇ ਘਰ, ਸਾਡੇ ਪਿੰਡ ਪ੍ਰਾਹੁਣੇ ਆਏ ਹਨ ਮਿਲਣਾ ਤਾਂ ਚਾਹੀਦਾ ਹੈ। ਕਈ ਬਜ਼ੁਰਗ ਸਾਨੂੰ ਇਧਰਲੇ ਪਿੰਡਾਂ ਬਾਰੇ ਪੁੱਛ ਰਹੇ ਸਨ, ਉਹ ਕਹਿ ਰਹੇ ਸਨ ਬਈ

ਸੰਤਾਲੀ ਵੇਲੇ ਬੜੀ ਬਿਪਤਾ ਪਈ। ਇਧਰਲੇ ਲੋਕ ਉੱਧਰ ਤੇ ਉਧਰਲੇ ਇਧਰ ਘਰ ਛੱਡ ਕੇ ਆ ਗਏ ਸਨ। ਕਈ ਮਰ ਗਏ, ਕਈ ਫੱਟੜ ਹੋ ਗਏ, ਪੁੱਤ ਪਿਓ ਤੋਂ ਵਿਛੜ ਗਏ, ਭਾਈ ਭੈਣਾਂ ਤੋਂ ਵਿਛੜ ਗਏ, ਕੋਈ ਕਿਤੇ ਜਾ ਬੈਠਾ ਕੋਈ ਕਿਤੇ। ਪਰਿਵਾਰ ਖੇਰੂੰ-ਖੇਰੂੰ ਹੋ ਗਏ, ਲੋਕ ਤਾਂ ਜੰਗ ਨਹੀਂ ਸਨ ਚਾਹੁੰਦੇ ਸਰਕਾਰਾਂ ਨੇ ਵੰਡੀਆਂ ਪਾ ਦਿੱਤੀਆਂ। ਇਕ ਮੁਲਕ ਨੂੰ ਦੋ ਭਾਗਾਂ ਵਿਚ ਵੰਡ ਦਿੱਤਾ। ਹੁਣ ਤਾਂ ਵੀਜ਼ੇ ਲੱਗਣ ਲੱਗ ਪਏ ਹਨ। ਸਾਨੂੰ ਅਨਪੜ੍ਹਾਂ ਨੂੰ ਤਾਂ ਇਨ੍ਹਾਂ ਬਾਰੇ ਵੀ ਨਹੀਂ ਪਤਾ ਕਿ ਬਈ ਪਾਸਪੋਰਟ ਕਿਵੇਂ ਬਣਦੇ ਨੇ, ਕਿੱਥੋਂ ਵੀਜ਼ਾ ਲੱਗਦਾ ਬੱਸ ਪਿੰਡਾਂ ਦੇ ਲੋਕਾਂ ਦੀਆਂ ਯਾਦਾਂ ਦਿਲ ਵਿਚ ਲੈ ਕੇ ਹੀ ਫੌਤ ਹੋ ਜਾਣਾ। ਨਿੱਕੇ-ਨਿੱਕੇ ਬੇਲੀ ਸੱਜਣਾ ਦੀ ਜਦ ਯਾਦ ਆਉਂਦੀ ਹੈ ਤਾਂ ਰੋਣ ਨਿਕਲ ਜਾਂਦਾ। ਕੋਈ ਕਹਿ ਰਿਹਾ ਸੀ ਸਰਦਾਰ ਜੀ ਲੋਕ ਤਾਂ ਹੁਣ ਵੀ ਇਕ ਹੋਣਾ ਚਾਹੁੰਦੇ ਹਨ ਪਰ ਆਹ ਸਰਕਾਰਾਂ ਮੰਨਣ ਤਾਂ ਨਾ। ਇੰਨੇ ਨੂੰ ਮੁੰਡੇ ਚਾਹ ਲੈ ਕੇ ਆ ਗਿਆ। ਵੱਡੇ-ਵੱਡੇ ਚੀਨੀ ਦੇ ਕੱਪ ਤੇ ਵੱਡੇ-ਵੱਡੇ ਬਿਸਕੁਟ। ਮੈਂ ਆਪਣੇ ਸਾਥੀਆਂ ਨੂੰ ਕਿਹਾ ਬਈ ਬਿਸਕੁਟ ਖਾ ਲਵੋ ਪਾਕਿਸਤਾਨ ਦੇ ਘਰ ਜਾ ਕੇ ਦੱਸੋਗੇ ਬਈ ਫਲਾਣੇ ਪਿੰਡ ਗਏ ਸੀ ਤੇ ਚਾਹ ਨਾਲ ਬਿਸਕੁਟ ਖਾਧੇ ਸੀ, ਸਾਰੇ ਹੱਸ ਰਹੇ ਸਨ। ਉਨ੍ਹਾਂ ਦੇ ਘਰ ਲੋਕਾਂ ਦਾ ਮੇਲਾ ਜਿਹਾ ਲੱਗ ਗਿਆ ਸੀ। ਕਈ ਕਹਿ ਰਹੇ ਸਨ ਸਰਦਾਰੋ ਸੁਣਾਓ ਕੋਈ ਆਪਣੇ ਪੰਜਾਬ ਦੀ ਗੱਲ, ਪਹਿਲਾਂ ਲੋਕੀਂ ਚਾਦਰਾਂ ਬੰਨ੍ਹਦੇ ਸਨ, ਕੁੜਤੇ ਪਾਉਂਦੇ ਸਨ ਹੁਣ ਵੀ ਪਾਉਂਦੇ ਹਨ ਕਿ ਨਹੀਂ। ਮੈਂ ਕਿਹਾ, ਚਾਦਰੇ-ਕੁੜਤਿਆਂ ਦਾ ਜ਼ਮਾਨਾ ਨਹੀਂ ਰਿਹਾ। ਨਵੀਂ ਪੀੜ੍ਹੀ ਆਹ ਪੈਂਟਾਂ-ਸ਼ਰਟਾਂ ਤੇ ਰਿਜ਼ੀ ਪਈ ਆ। ਖਾਣੇ ਬਦਲ ਗਏ, ਪਹਿਰਾਵੇ ਬਦਲ ਗਏ ਹਨ, ਰੀਤੀ ਰਿਵਾਜ਼ ਸਭ ਕੁਝ ਬਦਲ ਗਿਆ ਹੈ ਪਰ ਤੁਹਾਡੇ ਪੰਜਾਬ ਵਿਚ ਹਾਲੇ ਕੁਝ ਠੀਕ ਹੈ। ਮੈਂ ਵੇਖ ਰਿਹਾ ਹਾਂ ਬਈ ਤੁਹਾਡੇ ਤਾਂ ਸਲਵਾਰ ਕੁੜਤੇ ਹੀ ਚੱਲਦੇ ਹਨ। ਜੀਨਾਂ ਜੂਨਾਂ ਲੋਕ ਨਹੀਂ ਪਹਿਨਦੇ, ਤੁਹਾਡੇ ਤਾਂ ਜੁੱਤੀ ਵੀ ਪੰਜਾਬੀ ਚੱਲਦੀ ਹੈ ਉਹ ਵੀ ਕਸੂਰ ਦੀ ਬਣੀ ਹੋਈ। ਸਾਡੇ ਕੋਲ ਭੱਠੇ 'ਤੇ ਮਨੀਮੀ ਕਰਨ ਵਾਲਾ ਮੁਨੀਮ ਬੈਠਾ ਸੀ ਉਹ ਵੀ ਕਈ ਗੱਲਾਂਬਾਤਾਂ ਸਾਡੇ ਕੋਲੋਂ ਪੁੱਛ ਰਿਹਾ ਸੀ। ਸਾਡੇ ਕੋਲ ਉਨ੍ਹਾਂ ਦੀ ਬਜ਼ੁਰਗ ਬੇਬੇ ਵੀ ਕੋਲ ਹੀ ਬੈਠੀ ਸੀ ਤੇ ਇਸ ਪਰਿਵਾਰ ਕੋਲ ਆਪਣੀ ਜ਼ਮੀਨ ਵੀ ਸੀ ਤੇ ਮੱਝਾਂ ਗਾਵਾਂ ਦਾ ਵਪਾਰ ਵੀ ਕਰਦੇ ਸਨ। ਇਹ ਉਂਝ ਵੀ ਕਈਆਂ ਨਾਲੋਂ ਸੌਖੇ ਸਨ, ਇਨ੍ਹਾਂ ਦੇ ਘਰ ਪਾਈਪ ਲਾਈਨ ਗੈਸ ਦਾ ਵੀ ਕੁਨੈਕਸ਼ਨ ਸੀ। ਮੈਂ ਪੁੱਛ ਰਿਹਾ ਸੀ ਬਈ ਆਹ ਤੁਹਾਡੇ ਪੰਜਾਬ ਵਿਚ ਤਾਂ ਬਹੁਤ ਵਧੀਆ ਪ੍ਰਬੰਧ ਹੈ। ਸਾਡੇ ਤਾਂ ਅਸੀਂ ਮਹੀਨੇ ਬਾਅਦ ਸਿਲੰਡਰ ਹੀ ਚੁੱਕੀ ਫਿਰਦੇ ਹਾਂ ਉਹ ਕਹਿ ਰਹੇ ਸੀ ਸਰਦਾਰ ਜੀ ਢਾਈ ਤਿੰਨ ਸੌ ਰੁਪਏ ਬਿੱਲ ਆਉਂਦਾ ਹੈ। ਮੀਟਰ ਲੱਗੇ ਹਨ ਜਿੰਨਾ ਮਚਾਓਗੇ ਓਨਾ ਬਿੱਲ ਆ ਜਾਵੇਗਾ। ਇਹ ਕੰਮ ਬਹੁਤ ਵਧੀਆ ਹੈ। ਫਿਰ ਮੈਂ ਕਿਹਾ ਬਈ ਹੋਰ ਸੁਣਾਓ ਖਾਣ-ਪੀਣ ਕਿਵੇਂ ਚੱਲਦਾ। ਉਹ ਕਹਿ ਰਹੇ ਸਨ ਸਾਡੇ ਦਾਰੂ ਦੀ ਮਨਾਹੀ ਹੈ ਬਾਕੀ ਸਭ ਕੁਝ ਚੱਲੀ ਜਾਂਦਾ, ਕਈ ਚੋਰੀ ਛੁਪੇ ਦਾਅ ਲਾ ਵੀ ਲੈਂਦੇ ਹਨ। ਬਾਕੀ ਮੀਟ ਚੌਵੀ ਘੰਟੇ ਚੱਲੀ ਜਾਂਦਾ। ਉਨ੍ਹਾਂ ਕਿਹਾ ਤੁਹਾਡੇ ਕਿਵੇਂ ਆ, ਅਸੀਂ ਕਿਹਾ ਸਾਡੀ ਸਰਕਾਰ ਨੇ ਥਾਂ-ਥਾਂ

ਠੇਕੇ ਖੋਲ੍ਹ ਰੱਖੇ ਹਨ ਤੇ ਹਰੇਕ ਗਰੀਬ ਅਮੀਰ ਪੀਤੀ ਜਾਂਦਾ ਹੈ। ਦਾਰੂ ਦੇ ਨਾਂ ’ਤੇ ਕੋਲ ਬੈਠੀ ਬੇਬੇ ਤਾਂ ਥੁੱਕਾਂ ਹੀ ਸੁੱਟਣ ਲੱਗ ਪਈ ਸੀ। ਉਧਰ ਦਾਰੂ ਨੂੰ ਬਹੁਤ ਹੀ ਜ਼ਿਆਦਾ ਮਾੜਾ ਗਿਣਤੇ ਹਨ। ਫਿਰ ਵਿਆਹਾਂ ਦੀ ਗੱਲ ਚੱਲੀ। ਮੈਂ ਕਾਪੀ ਪੈਂਨ ਕੱਢ ਕੇ ਨਾਲ-ਨਾਲ ਹੀ ਸਭ ਕੁਝ ਨੋਟ ਕਰੀਂ ਜਾਂਦਾ ਸੀ। ਉਨ੍ਹਾਂ ਦੇ ਵਿਆਹਾਂ ਵਿਚ ਭੈਣ-ਭਰਾ, ਯਾਰ-ਮਿੱਤਰ, ਸਕੇ-ਸਬੰਧੀ ਸਭ ਸ਼ਾਮਲ ਹੁੰਦੇ ਹਨ। ਬਜ਼ੁਰਗ ਮਾਤਾ ਬੋਲੀ ਪੁੱਤ ਕੁੜੀ ਨੂੰ ਇਕ ਕਮਰੇ ਵਿਚ ਬਿਠਾ ਦਿੱਤਾ ਜਾਂਦਾ ਹੈ। ਕਾਜ਼ੀ ਕੁੜੀ ਦੇ ਬਿਆਨ ਲੈਂਦਾ ਹੈ ਤੇ ਗਵਾਹ ਵੀ ਬਣਾਏ ਜਾਂਦੇ ਹਨ। ਇਸ ਸਾਰੀ ਪ੍ਰਕਿਰਿਆ ਵਿਚ ਵਿਆਹ ਵਾਲਾ ਮੁੰਡਾ ਬਾਹਰ ਬੈਠਾ ਰਹਿੰਦਾ ਹੈ। ਜਦ ਕੁੜੀ ਵਿਆਹ ਕਬੂਲ ਕਰਦੀ ਹੈ ਤਾਂ ਫਿਰ ਜੰਞ ਨੂੰ ਰਾਸ਼ਨ ਪਾਣੀ ਵਰਤਾਇਆ ਜਾਂਦਾ ਹੈ ਤੇ ਸਾਰੀ ਜੰਞ ਦਾ ਖਰਚਾ ਮੁੰਡੇ ਵਾਲਿਆਂ ਵਲੋਂ ਹੀ ਕੀਤਾ ਜਾਂਦਾ ਹੈ। ਜੰਞ ਮਸਾਂ ਹੀ ਦੋ ਕੁ ਘੰਟੇ ਠਹਿਰਦੀ ਹੈ। ਮੁੰਡੇ ਵਾਲੇ ਕੁੜੀ ਵਾਲਿਆਂ ਦੇ ਘਰੋਂ ਚਾਹ ਤੇ ਮਠਿਆਈ ਹੀ ਖਾਂਦੇ ਹਨ। ਰੋਟੀ ਆਪਣੇ ਘਰ ਆ ਕੇ ਖਾਂਦੇ ਹਨ। ਫਿਰ ਗੱਲ ਬੱਚਿਆਂ ਦੀ ਛਿੜ ਪਈ। ਉਹ ਕਹਿਣ ਲੱਗੇ ਸਾਡੇ ਆਮ ਤੌਰ ’ਤੇ 8-10 ਬੱਚੇ ਤਾਂ ਹੋ ਹੀ ਜਾਂਦੇ ਹਨ। ਮੈਂ ਕਿਹਾ ਸਾਡੇ ਤਾਂ ਇਧਰ ਹੁਣ ਇਕ ਤੋਂ ਵੱਧ ਕੋਈ ਨਹੀਂ ਜੰਮਣ ਦਿੰਦਾ। ਮਸ਼ੀਨਾਂ ਆ ਗਈਆਂ, ਮੁੰਡਾ-ਕੁੜੀ ਦੱਸਣ ਵਾਲੀਆਂ। ਸਰਦਾਰੋ ਸਾਡੇ ਇਹ ਰਿਵਾਜ਼ ਨਹੀਂ ਅਸੀਂ ਤਾਂ ਅੱਲਾ ਤਾਲਾ ’ਤੇ ਸਿੱਟ ਦੇਂਦੇ ਆਂ ਕੁੜੀ ਹੋਵੇ ਚਾਹੇ ਮੁੰਡਾ ਤੇ ਜਿੰਨੇ ਮਰਜ਼ੀ ਹੋਣ। ਜਿਹੜੀ ਗੱਲ ਮੇਰੇ ਦਿਮਾਗ ਵਿਚ ਬਾਰ-ਬਾਰ ਘੁੰਮ ਰਹੀ ਸੀ ਉਸ ਦਾ ਜ਼ਿਕਰ ਕੋਈ ਨਹੀਂ ਸੀ ਕਰ ਰਿਹਾ ਤੇ ਮੇਰੇ ਸਾਥੀ ਤਾਂ ਬੱਸ ਹਾਂ ਵਿਚ ਹਾਂ ਮਿਲਾਉਣ ਵਾਲੇ ਹੀ ਸਨ, ਪਰ ਮੈਂ ਸਵਾਲ ਪੁੱਛ ਹੀ ਲੈਂਦਾ ਸੀ। ਉਹ ਗੱਲ ਸੀ ਔਰਤਾਂ ਦੇ ਬੁਰਕਾ ਪਾਉਣ ਵਾਲੀ। ਮੈਂ ਕਿਹਾ ਤੁਸੀਂ ਔਰਤਾਂ ਨੂੰ ਬੁਰਕਿਆਂ ਵਿੱਚ ਬੰਦ ਕਿਉਂ ਰੱਖਦੇ ਹੋ? ਸਰਦਾਰੋ ਔਰਤ ਦੀ ਲਾਜ਼ ਹੈ ਬੁਰਕਾ, ਬੁਰਕੇ ਵਿੱਚ ਔਰਤ ਦਾ ਰਹਿਣਾ ਚੰਗਾ ਹੈ। ਘਰ ਵਿਚ ਔਰਤਾਂ ਨੂੰ ਬੁਰਕੇ ਤੋਂ ਛੋਟ ਹੈ ਪਰ ਜਦ ਬਾਹਰ ਅੰਦਰ ਜਾਂਦੀਆਂ ਹਨ ਤਾਂ ਪਹਿਨ ਲੈਂਦੀਆਂ ਹਨ। ਵੈਸੇ ਵੀ ਬੁਰਕਾ ਔਰਤਾਂ ਦਾ ਸੁਹੱਪਣ ਹੈ ਤੇ ਕੋਈ ਐਰਾ-ਗੈਰਾ ਮਾੜੀ ਨਜ਼ਰ ਨਾਲ ਵੀ ਨਹੀਂ ਦੇਖਦਾ। ਬੁਰਕਾ ਮੁੱਢ ਤੋਂ ਚੱਲੀ ਆਈ ਰੀਤ ਹੈ। ਬੁਰਕਾ ਇਸਲਾਮੀ ਸੰਸਕ੍ਰਿਤੀ ਵਿਚ ਔਰਤਾਂ ਦਾ ਬਾਹਰੀ ਪਹਿਰਾਵਾ ਹੈ। ਖਾਸ ਤੌਰ ’ਤੇ ਇਸਦੀ ਵਰਤੋਂ ਪਰਦੇ ਦੇ ਰੂਪ ਵਿਚ ਹੁੰਦੀ ਹੈ। ਇਸ ਤਰ੍ਹਾਂ ਦਾ ਪਰਦਾ ਦੁਨੀਆ ਦੇ ਸਾਰੇ ਮੁਸਲਮਾਨ ਸਮੂਹਾਂ ਵਿੱਚ ਪਾਇਆ ਜਾਂਦਾ ਹੈ। ਲੇਕਿਨ ਵੱਖ ਵੱਖ ਸਥਾਨਾਂ ਵਿਚ ਵੱਖ ਵੱਖ ਨਾਵਾਂ ਨਾਲ ਪਰਦੇ ਦਾ ਰਿਵਾਜ਼ ਰਿਹਾ ਹੈ। ਬੁਰਕੇ ਦਾ, ਅਰਬੀ ਦੇਸ਼ਾਂ ਅਤੇ ਉਪਮਹਾਦੀਪ ਵਿਚ ਇਸਤੇਮਾਲ ਆਮ ਹੈ। ਬੁਰਕਾ ਫ਼ਾਰਸੀ ਸ਼ਬਦ ਪਰਦਾ ਦਾ ਅਰਬੀਕ੍ਰਿਤ ਰੂਪ ਹੈ। ਮੈਂ ਸੋਚ ਰਿਹਾ ਸੀ ਬਈ ਸਾਡੇ ਇਧਰ ਤਾਂ ਔਰਤ ਦੇ ਕੱਪੜੇ ਦਿਨੋ ਦਿਨ ਘਟ ਰਹੇ ਹਨ। ਕੁਝ ਜਨਮ-ਮਰਨ ਬਾਰੇ ਵੀ ਦੱਸੋ। ਸਾਡੇ ਤਾਂ ਭਾਈ ਇਧਰ ਜੰਮਦੇ ਬੱਚੇ ਦੀ ਸੁੰਨਤ ਕਰ ਦੇਂਦੇ ਹਨ। ਸੁੰਨਤ ਕਰਨ ਦਾ ਵੀ ਫਾਇਦਾ ਹੈ। ਸਾਇੰਸ ਮੁਤਾਬਕ ਸੁੰਨਤ ਕਰਨ ਨਾਲ ਕਈ ਤਰ੍ਹਾਂ ਦੀਆਂ ਘਾਤਕ ਬਿਮਾਰੀਆਂ ਤੋਂ ਵੀ ਬਚਿਆ ਜਾ ਸਕਦਾ ਹੈ। ਬਾਕੀ

ਜਦੋਂ ਕੋਈ ਸਾਡਾ ਫੌਤ ਹੋ ਜਾਂਦਾ ਹੈ ਮਤਲਬ ਗੁਜਰ ਜਾਂਦਾ ਹੈ ਤਾਂ ਅਸੀਂ ਸਸਕਾਰ ਨਹੀਂ ਕਰਦੇ। ਰਿਸ਼ਤੇਦਾਰ ਸਾਕ ਸਬੰਧੀ ਸੱਦ ਕੇ ਮੜੀਆਂ ਵਿਚ ਜਾ ਦਫਨਾਉਂਦੇ ਹਾਂ। ਫਿਰ ਦੂਜੇ ਦਿਨ ਮਸ਼ਜਿਦ ਵਿਚ ਜਾ ਕੇ ਕਲਮਾਂ ਪੜ੍ਹਦੇ ਹਾਂ। ਫਿਰ ਸੱਤ ਦਿਨ ਘਰ ਵਿਚ ਸੋਗ ਰਹਿੰਦਾ ਹੈ। ਜਦ ਕੋਈ ਬਜ਼ੁਰਗ ਫੌਤ ਹੁੰਦਾ ਹੈ ਤਾਂ 30 ਦਿਨਾਂ ਬਾਅਦ ਸਾਕ ਸਬੰਧੀ ਰਿਸ਼ਤੇਦਾਰ ਸੱਦ ਕੇ ਰੋਟੀ ਪਾਣੀ ਕਰਦੇ ਹਾਂ ਅਤੇ ਕੱਪੜੇ ਦੇਂਦੇ ਹਾਂ। ਪਰ ਪਿੰਡ ਵਿਚੋਂ ਕੋਈ ਵੀ ਮਰਨ ਵਾਲੇ ਦੇ ਘਰੋਂ ਰੋਟੀ ਨਹੀਂ ਖਾਂਦਾ 500 ਰੁਪਏ ਦਾ ਜ਼ੁਰਮਾਨਾ ਵੀ ਰੱਖਿਆ ਹੈ ਤੇ 500ਰੁਪਏ ਦਾ ਜੁਰਮਾਨਾ ਵਿਆਹ ਵਿਚ ਵੀ ਬਰਕਰਾਰ ਰਹਿੰਦਾ ਹੈ। ਮੈਂ ਕਿਹਾ ਆਹ ਤਾਂ ਗੱਲ ਬਾਹਲੀ ਵਧੀਆ ਹੈ। ਸਾਡੇ ਪੰਜਾਬ ਵਿਚ ਤਾਂ ਇਕ ਤਾਂ ਅਗਲੇ ਦਾ ਘਰੋਂ ਜੀਅ ਚਲਾ ਜਾਂਦਾ ਹੈ ਦੂਜੇ ਰਿਸ਼ਤੇਦਾਰ ਤੇ ਲੋਕ ਉਸ ਦਾ ਦੀਵਾਲਾ ਕੱਢ ਦੇਂਦੇ ਹਨ। ਨੱਕ ਰੱਖਣ ਵਾਸਤੇ ਵੀ ਬੰਦਾ ਕਰਜ਼ਾਈ ਹੋ ਜਾਂਦਾ ਹੈ। ਜੇ ਉਹ ਭੋਗ ’ਤੇ ਚੰਗਾ ਖਾਣ-ਪੀਣ ਨਹੀਂ ਕਰਦਾ ਤਾਂ ਰਿਸ਼ਤੇਦਾਰ ਤੇ ਲੋਕ ਨਹੀਂ ਖੜ੍ਹਣ ਦੇਂਦੇ। ਸ਼ਰੀਕ ਗੱਲਾਂ ਕਰਦੇ ਹਨ ਨਾਲੇ ਪਕੌੜੇ, ਜਲੇਬੀਆਂ ਵਲੇਟੀ ਜਾਂਦੇ ਹਨ। ਭਾਈਜਾਨ ਹੁਣ ਇਹ ਵੀ ਦੱਸੋ ਤੁਹਾਡੀਆਂ ਪੰਜ ਨਮਾਜ਼ਾਂ ਹਨ। ਤੁਸੀਂ ਪੰਜ ਟਾਇਮ ਪੜ੍ਹਦੇ ਜੇ ਇਨ੍ਹਾਂ ਬਾਰੇ ਵੀ ਦੱਸੋ। ਸਰਦਾਰੋ ਅਸੀਂ ਪੰਜ ਟਾਇਮ ਨਮਾਜ਼ ਪੜ੍ਹਦੇ ਹਾਂ ਤੇ ਇਹ ਹਰ ਇਕ ਦੇ ਲਈ ਜ਼ਰੂਰੀ ਹੈ। ਜਿਵੇਂ ਤੁਸੀਂ ਗੁਰਦੁਆਰਿਆਂ ਵਿਚ ਪਾਠ ਕਰਨ ਵਾਸਤੇ ਪਾਠੀ ਸਿੰਘ ਰੱਖਦੇ ਹੋ ਉਵੇਂ ਅਸੀਂ ਮਸੀਤ ਵਿਚ ਕਾਜ਼ੀ ਰੱਖਦੇ ਹਾਂ। ਕਾਜ਼ੀ ਮਸੀਤ ਵਿਚ ਸਪੀਕਰ ਰਾਹੀਂ ਜਾਂ ਸਪੀਕਰ ਤੋਂ ਬਗੈਰ ਪੰਜ ਟਾਇਮ ਨਮਾਜ਼ ਪੜ੍ਹਦਾ ਹੈ। ਆਮ ਲੋਕ ਜੇ ਟਾਇਮ ਹੋਵੇ ਤਾਂ ਮਸੀਤ ਵਿਚ ਚਲੇ ਜਾਂਦੇ ਹਨ ਜੇ ਨਹੀਂ ਜਾ ਸਕਦੇ ਤਾਂ ਘਰ ਵਿਚ ਹੀ ਨਮਾਜ਼ ਪੜ੍ਹ ਲਈਦੀ ਹੈ, ਜੇ ਬਾਹਰ-ਅੰਦਰ ਦੂਰ ਵੀ ਹੋਈਏ ਤਾਂ ਨਮਾਜ਼ ਦੇ ਟਾਇਮ ਸੁੱਚੀ ਜਗ੍ਹਾ ਵੇਖ ਕੇ ਨਮਾਜ਼ ਪੜ੍ਹ ਲਈਦੀ ਹੈ। ਜੇ ਕਿਤੇ ਪੰਜਾਂ ਵਿਚੋਂ ਇੱਕ ਰਹਿ ਵੀ ਜਾਵੇ ਤਾਂ ਫਿਰ ਦੋ ਇਕੱਠੀਆਂ ਵੀ ਪੜ੍ਹ ਲਈ ਦੀਆਂ ਹਨ। ਪੰਜ ਨਮਾਜ਼ਾਂ ਇਸ ਤਰ੍ਹਾਂ ਹਨਃ ਸੁਭਾ, ਪੇਸ਼ੀ, ਦੀਘਰ, ਸ਼ਾਮ ਤੇ ਮਗਰਬ। ਇਹ ਪੰਜ ਨਮਾਜ਼ਾਂ ਮਸੀਤ ਵਿਚ ਕਾਜ਼ੀ ਪੜ੍ਹਦਾ ਹੈ ਤੇ ਵਿਹਲੇ ਟਾਇਮ ਬੱਚਿਆਂ ਨੂੰ ਤਾਲੀਮ ਵੀ ਦਿੰਦਾ ਹੈ। ਅਸੀਂ ਸਾਰੇ ਜਣੇ ਉੱਥੇ ਉਨ੍ਹਾਂ ਦੇ ਘਰ ਬੈਠ ਕੇ ਇੰਝ ਗੱਲਾਬਾਤਾਂ ਕਰ ਰਹੇ ਸੀ ਜਿਵੇਂ ਆਪਣੇ ਹੀ ਘਰ ਵਿਚ ਬੈਠੇ ਹੋਈਏ। ਟਾਇਮ ਵੀ ਬਹੁਤ ਹੋ ਗਿਆ ਸੀ। ਮੇਰੇ ਨਾਲ ਵਾਲੇ ਕਾਹਲੇ ਪੈ ਰਹੇ ਸਨ। ਪਰ ਸੱਚ ਪੁੱਛੋ ਗੱਲਾਂ ਵਿਚ ਏਨਾ ਮਗਨ ਸੀ ਕਿ ਟਾਇਮ ਦਾ ਪਤਾ ਹੀ ਨਹੀਂ ਸੀ ਲੱਗਾ। ਨਸ਼ਿਆਂ ’ਤੇ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਸਾਡੇ ਪੁਰਾਣੇ ਲੋਕ ਤਾਂ ਜ਼ਿਆਦਾ ਹੁੱਕਾ ਹੀ ਪੀਂਦੇ ਹਨ। ਪਰ ਨਵੀਂ ਪੀੜੀ ਵਿਚ ਇਸ ਦਾ ਰੁਝਾਨ ਨਹੀਂ, ਸਿਗਰਟਾਂ, ਬੀੜੀਆਂ ਦਾ ਰਿਵਾਜ਼ ਹੈ। ਅਫ਼ੀਮ ਤੇ ਹੋਰ ਵੀ ਕਈ ਨਸ਼ੇ ਚੱਲਦੇ ਹਨ। ਰਿਕਸ਼ੇ ਵਾਲਾ ਵੀ ਆਪਣੇ ਘਰੋਂ ਗੇੜਾ ਕੱਢ ਕੇ ਆ ਗਿਆ ਸੀ ਤੇ ਅਸੀਂ ਨਾ ਚਾਹੁੰਦੇ ਹੋਇਆਂ ਵੀ ਉਨ੍ਹਾਂ ਤੋਂ ਇਜਾਜ਼ਤ ਲਈ। ਤੁਰਨ ਲੱਗਿਆਂ ਉਹ ਬੜੇ ਭਾਵੁਕ ਹੋ ਰਹੇ ਸਨ ਤੇ ਅਸੀਂ ਸਭ ਨੂੰ ਸਤਿ ਸ੍ਰੀ ਅਕਾਲ ਬੁਲਾ ਕੇ ਉਨ੍ਹਾਂ ਤੋਂ ਵਿਦਾ ਲਈ, ਬਾਹਰ ਰਿਕਸ਼ੇ ਤੱਕ ਉਹ ਸਾਨੂੰ

ਛੱਡਣ ਆਏ । ਰਿਕਸ਼ੇ ਵਿਚ ਬੈਠ ਕੇ ਅਸੀਂ ਫਿਰ ਮਾਂਗਾ ਮੰਡੀ ਦੇ ਅੱਡੇ 'ਤੇ ਆ ਗਏ। ਰਿਕਸ਼ੇ ਵਾਲੇ ਨੂੰ ਪੈਸੇ ਦਿੱਤੇ। ਟਾਇਮ ਤਾਂ ਸਾਰੀ ਦਿਹਾੜੀ ਲੱਗ ਗਈ ਸੀ ਸੋ ਅਸੀਂ ਪੰਜਾਹ ਰੁਪਏ ਵੱਧ ਦਿੱਤੇ। ਉਹ ਲੈਂਦਾ ਤਾਂ ਨਹੀਂ ਸੀ ਪਰ ਅਸੀਂ ਕਿਹਾ ਟਾਇਮ ਬਹੁਤ ਜ਼ਿਆਦਾ ਲੱਗ ਗਿਆ। ਇੰਨੇ ਚਿਰ ਨੂੰ ਬੱਸ ਆ ਗਈ ਤੇ ਅਸੀਂ ਬੱਸ 'ਚ ਚੜ੍ਹ ਗਏ। ਬੱਸ ਪਹਿਲਾਂ ਹੀ ਫੁਲ ਸੀ। ਕਈਆਂ ਨੇ ਸੀਟਾਂ ਛੱਡ ਦਿੱਤੀਆਂ ਕਹਿੰਦੇ ਸਰਦਾਰ ਜੀ ਤੁਸੀਂ ਬੈਠੋ ਅਸੀਂ ਖੜ੍ਹ ਕੇ ਚਲੇ ਜਾਵਾਂਗੇ। ਵਾਕਿਆ ਹੀ ਲੋਕਾਂ ਵਿਚ ਮਿਆਰ ਮੁਹੱਬਤ ਹਾਲੇ ਵੀ ਕਾਇਮ ਹੈ। ਬੱਸ ਵੀਡੀਓ ਕੋਚ ਸੀ ਤੇ ਸਾਡੇ ਵਾਲੀ ਪੰਜਾਬੀ ਕਮੇਡੀ ਫ਼ਿਲਮ ਚੱਲ ਰਹੀ ਸੀ। ਗੱਲਾਂਬਾਤਾਂ ਕਰਦਿਆਂ ਲਾਹੌਰ ਆ ਗਿਆ ਸੀ। ਬੱਸ ਵਿਚੋਂ ਉਤਰ ਕੇ ਅਸੀਂ ਸਿੱਧੇ ਗੁਰਦੁਆਰਾ ਸਾਹਿਬ ਆਪਣੇ ਕਮਰੇ ਵਿਚ ਗਏ। ਸਾਡੇ ਨਾਲ ਦੇ ਸਾਥੀ ਬਜ਼ਾਰ ਵੱਲ ਤੇ ਹੋਰ ਗੁਰਦੁਆਰਿਆਂ ਦੇ ਦਰਸ਼ਨ ਕਰਨ ਗਏ ਹੋਏ ਸੀ ਤੇ ਫਿਰ ਅਸੀਂ ਵੀ ਬਾਜ਼ਾਰ ਵੱਲ ਨੂੰ ਹੋ ਤੁਰੇ। ਥ੍ਰੀਵ੍ਹੀਲਰ ਲੈ ਕੇ ਅਸੀਂ ਸਿੱਧੇ ਗੁਰਦੁਆਰਾ ਜਨਮ ਅਸਥਾਨ ਸ੍ਰੀ ਗੁਰੂ ਰਾਮਦਾਸ ਜੀ ਵਿਖੇ ਪਹੁੰਚ ਗਏ। ਇਸ ਸਥਾਨ 'ਤੇ ਸ੍ਰੀ ਗੁਰੂ ਰਾਮਦਾਸ ਜੀ ਦਾ ਜਨਮ 24 ਸਤੰਬਰ 1532 ਈ: ਨੂੰ ਹੋਇਆ ਸੀ। ਉਨ੍ਹਾਂ ਨੇ ਆਪਣੀ ਉਮਰ ਦੇ ਪਹਿਲੇ ਸੱਤ ਸਾਲ ਇਸ ਜਗ੍ਹਾ 'ਤੇ ਗੁਜ਼ਾਰੇ ਸਨ। ਆਪ ਜੀ ਦੇ ਮਾਤਾ ਪਿਤਾ ਛੋਟੇ ਹੁੰਦਿਆਂ ਹੀ ਗੁਜਰ ਗਏ ਸਨ ਬਾਅਦ ਵਿੱਚ ਆਪਣੀ ਨਾਨੀ ਜੀ ਕੋਲ ਪਿੰਡ ਬਾਸਰਕੇ ਆ ਗਏ। ਗੁਰਦੁਆਰਾ ਜਨਮ ਅਸਥਾਨ ਚੂਨਾ ਮੰਡੀ ਲਾਹੌਰ ਵਿੱਚ ਹੈ। ਮਹਾਰਾਜਾ ਰਣਜੀਤ ਸਿੰਘ ਦੀ ਪਟਰਾਨੀ ਨੇ ਆਪਣੇ ਪੁੱਤਰ ਖੜਕ ਸਿੰਘ ਦੇ ਜਨਮ ਦੀ ਖ਼ੁਸ਼ੀ ਵਿਚ ਇਸ ਸਥਾਨ 'ਤੇ ਸੁੰਦਰ ਇਮਾਰਤ ਬਣਵਾਈ ਸੀ ਤੇ ਇਸ ਸਥਾਨ ਤੋਂ ਸਿੰਘ ਸਭਾ ਲਹਿਰ ਦਾ ਆਰੰਭ ਹੋਇਆ ਸੀ। ਇਸ ਗੁਰਦੁਆਰਾ ਜਨਮ ਸਥਾਨ ਦੀ ਕਾਰ ਸੇਵਾ ਬਾਬਾ ਜਗਤਾਰ ਸਿੰਘ ਜੀ ਤਰਨ ਤਾਰਨ ਵਾਲੇ ਤੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਚਲਾਈ ਜਾ ਰਹੀ ਹੈ। ਇੱਥੇ ਬਹੁਤ ਸੁੰਦਰ ਇਮਾਰਤ ਬਣੀ ਹੋਈ ਹੈ ਤੇ ਲੰਗਰ ਵੀ ਚੱਲਦਾ ਹੈ। ਇਸ ਤੋਂ ਬਾਅਦ ਅਸੀਂ ਗੁਰਦੁਆਰਾ ਸ਼ਹੀਦ ਸਿੰਘ ਸਿੰਘਣੀਆਂ ਵੇਖਣ ਚਲੇ ਗਏ ਇਹ ਸਥਾਨ ਲਾਹੌਰ ਸ਼ਹਿਰ ਦੇ ਨੌਂ ਲੱਖਾਂ ਬਜ਼ਾਰ ਵਿਚ ਹੈ। ਸ਼ਹੀਦ ਭਾਈ ਤਾਰੂ ਸਿੰਘ ਜੀ ਗੁਰਦੁਆਰਾ ਸਾਹਿਬ ਤੇ ਸਿੰਘ- ਸਿੰਘਣੀਆਂ ਗੁਰਦੁਅਰਾ ਸਾਹਿਬ ਆਮੋ ਸਾਹਮਣੇ ਹੀ ਹਨ। ਇਨ੍ਹਾਂ ਅਸਥਾਨਾਂ ਦੀ ਸਿੱਖ ਸੰਗਤ ਅੰਦਰ ਬੜੀ ਮਹਾਨਤਾ ਹੈ। ਇਸ ਜਗ੍ਹਾ ਪੁਰਾਤਨ ਸਮੇਂ ਵਿਚ ਇਕ ਬੜਾ ਵੱਡਾ ਬਾਗ਼ ਸੀ ਜਿਸ ਨੂੰ ਨੌਂ ਲੱਖਾਂ ਬਾਗ਼ ਕਿਹਾ ਜਾਂਦਾ ਸੀ। ਇਹ ਬਾਗ ਮੁਗ਼ਲਾਂ ਦੇ ਰਾਜ ਸਮੇਂ ਸੁੱਕ ਗਿਆ ਸੀ। ਹੁਣ ਇਸ ਦਾ ਨਾਮ ਨੌਂ ਲੱਖਾਂ ਬਾਗ਼ ਤੋਂ ਬਜ਼ਾਰ ਹੋ ਗਿਆ ਹੈ। ਇਹ ਬਜ਼ਾਰ ਰੇਲਵੇ ਸਟੇਸ਼ਨ ਤੋਂ ਸ਼ੁਰੂ ਹੋ ਕੇ ਲੰਢਾ ਬਜ਼ਾਰ ਤੱਕ ਆਉਂਦਾ ਹੈ। ਲੰਢੇ ਬਜ਼ਾਰ ਵਿਚ ਪੁਰਾਣਾ ਤੇ ਵਰਤਿਆ ਹੋਇਆ ਸਮਾਨ ਮਿਲਦਾ ਹੈ। ਗੁਰਦੁਆਰਾ ਸ਼ਹੀਦ ਸਿੰਘ ਸਿੰਘਣੀਆਂ ਉਹ ਸਥਾਨ ਹੈ ਜਿਥੇ ਅਨੇਕਾਂ ਹੀ ਸਿੰਘ ਸਿੰਘਣੀਆਂ ਅਤੇ ਮਾਸੂਮ ਬੱਚਿਆਂ ਨੂੰ ਸ਼ਹੀਦ ਕਰ ਦਿੱਤਾ ਗਿਆ ਸੀ। ਲੰਗਰ ਹਾਲ ਦੇ ਉੱਪਰ ਦਰਬਾਰ ਸਾਹਿਬ ਬਣਿਆ ਹੋਇਆ ਹੈ ਅਤੇ ਸੁੰਦਰ ਪਾਲਕੀ ਵਿਚ ਸ੍ਰੀ ਗੁਰੂ ਗ੍ਰੰਥ

ਸਾਹਿਬ ਜੀ ਦਾ ਪ੍ਰਕਾਸ਼ ਹੈ। ਇਸ ਦੀ ਕਾਰਸੇਵਾ ਯੂ.ਕੇ. ਦੀ ਸਾਧ ਸੰਗਤ ਵਲੋਂ ਕਰਵਾਈ ਜਾ ਰਹੀ ਹੈ। ਇਥੇ ਅਸੀਂ ਲੰਗਰ ਹਾਲ ਵਿਚੋਂ ਜਲੇਬੀਆਂ ਅਤੇ ਪਕੌੜਿਆਂ ਦਾ ਲੰਗਰ ਛਕਿਆ ਅਤੇ ਉੱਤੋਂ ਗਰਮਾ ਗਰਮ ਚਾਹ ਦਾ ਅੰਨਦ ਲਿਆ। ਇਸ ਜਗ੍ਹਾ 'ਤੇ ਗਤਕ ਾ ਟੀਮ ਵੱਲੋਂ ਗਤਕ ਾ ਖੇਡਿਅ ਾ ਜਾ ਰਿਹਾ ਸੀ। ਅਠਾਰਾਂ ਉੱਨੀ ਸਾਲ ਦੇ ਜਵਾਨ ਗੱਭਰੂ ਗੱਤਕੇ ਦੇ ਜੌਹਰ ਵਿਖਾ ਰਹੇ ਸਨ। ਅਸੀਂ ਵੀ ਕੁਝ ਚਿਰ ਗਤਕੇ ਦਾ ਅਨੰਦ ਮਾਣਦੇ ਰਹੇ ਫਿਰ ਅਸੀਂ ਸਾਹਮਣੇ ਹੀ ਗੁਰਦੁਆਰਾ ਭਾਈ ਤਾਰੂ ਸਿੰਘ ਜੀ ਵੇਖਣ ਚਲੇ ਗਏ। ਇੱਥੇ ਬਸ ਇੱਕ ਥੜ੍ਹਾ ਜਿਹਾ ਬਣਾ ਕੇ ਉਪਰ ਨੀਵਾਂ ਜਿਹਾ ਪੁਰਾਤਨ ਕਮਰਾ ਹੀ ਹੈ ਹੋਰ ਕੁਝ ਨਹੀਂ ਲੋਕ ਥੜ੍ਹੇ 'ਤੇ ਵਿਛਾਈ ਹੋਈ ਚਾਦਰ ਤੇ ਪੈਸਿਆਂ ਦਾ ਮੱਥਾ ਟੇਕਦੇ ਹਨ। ਅੰਦਰ ਇਕ ਦੋ ਤਸਵੀਰਾਂ ਭਾਈ ਤਾਰੂ ਸਿੰਘ ਜੀ ਦੀਆਂ ਲੱਗੀਆਂ ਹਨ ਤੇ ਇਕ ਵੱਡੀ ਤਸਵੀਰ ਖੋਪਰੀ ਲਾਹੁਣ ਵੇਲੇ ਦੀ ਹੈ। ਇਸ ਜਗ੍ਹਾ 'ਤੇ ਕੋਈ ਹੋਰ ਨਿਸ਼ਾਨੀ ਨਹੀਂ ਹੈ। ਭਾਈ ਤਾਰੂ ਸਿੰਘ ਜੀ ਤਹਿਸੀਲ ਚੂੰਨੀਆਂ ਜ਼ਿਲ੍ਹਾ ਕਸੂਰ ਦੇ ਪਿੰਡ ਪੂਹਲਾ ਵਿਚ ਪੈਦਾ ਹੋਏ ਸਨ। ਗੁਰੂ ਘਰ ਨਾਲ ਇਨ੍ਹਾਂ ਦਾ ਪਹਿਲਾਂ ਤੋਂ ਹੀ ਕਾਫੀ ਲਗਾਓ ਸੀ। ਮਹੰਤਾਂ ਦੀ ਸ਼ਿਕਾਇਤ 'ਤੇ ਇਨ੍ਹਾਂ ਨੂੰ ਇਸ ਕਰਕੇ ਗ੍ਰਿਫ਼ਤਾਰ ਕੀਤਾ ਗਿਆ ਸੀ ਕੀ ਇਹ ਸਰਕਾਰ ਦੇ ਪਾਸ ਸੂਹਾਂ ਦਿੰਦਾ ਹੈ। ਮਹੰਤਾਂ ਨੇ ਇਨ੍ਹਾਂ 'ਤੇ ਲਾਏ ਦੋਸ਼ਾਂ ਨੂੰ ਸਿੱਧ ਕਰਨ ਵਾਸਤੇ ਪੂਰਾ ਯਤਨ ਕੀਤਾ ਪਰ ਉਹ ਕਾਮਯਾਬ ਨਾ ਹੋ ਸਕੇ ਤੇ ਮਹੰਤਾਂ ਨੇ ਫਿਰ ਭਾਈ ਜੀ ਨੂੰ ਅਨੇਕਾਂ ਤਸੀਹੇ ਦਿੱਤੇ ਤੇ ਰੰਬੀ ਨਾਲ ਸਿਰ ਦੀ ਖੋਪਰੀ ਉਤਾਰੀ ਗਈ ਅਤੇ ਇਹ ਸਿੱਦਕੀ ਸਿੱਖ ਨੇ ਮੁੱਖੋਂ ਸੀ ਨਾ ਉਚਾਰੀ, ਇਸ ਜਗ੍ਹਾ 'ਤੇ ਨਿਸ਼ਾਨ ਸਾਹਿਬ ਜੀ ਦਾ ਚੋਲਾ ਬਦਲਿਆ ਜਾ ਰਿਹਾ ਸੀ ਤੇ ਸੰਗਤਾਂ ਬੜੇ ਪਿਆਰ ਸਤਿਕਾਰ ਨਾਲ ਇਸ ਸਥਾਨ ਦੇ ਦਰਸ਼ਨ ਕਰ ਰਹੀਆਂ ਸਨ। ਇਥੇ ਸਾਨੂੰ ਕਾਫੀ ਹਨੇਰਾ ਹੋ ਗਿਆ ਸੀ ਤੇ ਅਸੀਂ ਲਾਹੌਰ ਸ਼ਹਿਰ ਦੇ ਬਜ਼ਾਰਾਂ ਵਿਚੋਂ ਲੰਘਦੇ ਹੋਏ ਵਾਪਸ ਗੁਰਦੁਆਰਾ ਸਾਹਿਬ ਵੱਲ ਜਾ ਰਹੇ ਸੀ। ਕਮਰੇ ਵਿਚ ਜਾਣ ਤੋਂ ਪਹਿਲਾਂ ਅਸੀਂ ਇਕ ਵਾਰ ਫਿਰ ਦਰਬਾਰ ਸਾਹਿਬ ਅੰਦਰ ਮੱਥਾ ਟੇਕਿਆ ਅਤੇ ਕਮਰੇ ਵਿੱਚ ਪਹੁੰਚ ਗਏ। ਸਾਡੇ ਨਾਲ ਵਾਲੇ ਸਾਥੀ ਕਮਰੇ ਵਿਚ ਆ ਗਏ ਸਨ। ਅਸੀਂ ਸਾਰੇ ਜਣੇ ਗੱਲਾਂਬਾਤਾਂ ਕਰਨ ਲੱਗ ਪਏ। ਸਵੇਰੇ 22 ਨਵੰਬਰ ਨੂੰ ਸਾਰੀਆਂ ਸੰਗਤਾਂ ਕਰਤਾਰਪੁਰ ਸਾਹਿਬ ਵੱਲ ਨੂੰ ਜਾਣ ਵਾਸਤੇ ਤਿਆਰ ਹੋਣ ਲੱਗੀਆਂ। ਸਪੀਕਰ ਰਾਹੀ ਅਨਾਊਂਸਮੈਂਟ ਹੋ ਰਹੀ ਸੀ ਤੇ ਬੱਸਾਂ ਮੇਨ ਗੇਟ ਤੇ ਆਣ ਖੜੀਆਂ ਸਨ। ਅਸੀਂ ਵੀ ਸਾਰੇ ਜਣੇ ਟੈਂਟਨੁਮਾ ਕਮਰੇ ਵਿਚ ਤਿਆਰੀ ਵੱਟਣ ਲੱਗੇ। ਕੋਈ ਪੱਗ ਬੰਨ੍ਹ ਰਿਹਾ ਸੀ, ਕੋਈ ਪਰਨਾ ਬੰਨ੍ਹ ਰਿਹਾ ਸੀ। ਜਥੇਦਾਰ ਸੇਵਕ ਸਿੰਘ ਨੇ ਗੋਲ ਪਰਨਾ ਕਾਲੇ ਰੰਗ ਦਾ ਬੰਨ੍ਹਿਆ ਸੀ। ਸੁਰਜੀਤ ਸਿੰਘ ਜ਼ਿਆਦਾਤਰ ਚਿੱਟੀ ਪੱਗ ਬੰਨ੍ਹਦਾ ਸੀ ਤੇ ਦਾੜੀ ਤੇ ਚੰਗੀ ਫਿਕਸੋ ਬੁਰਸ਼ ਨਾਲ ਲਾਉਂਦਾ ਸੀ। ਮੈਂ ਤਾਂ ਹਰ ਰੋਜ਼ ਉਹਦੇ ਕੋਲੋਂ ਲੈ ਕੇ ਫਿਕਸੋ ਲਾਉਂਦਾ ਸੀ। ਅਸੀਂ ਸਾਰੇ ਉਸ ਨੂੰ ਬਾਪੂ ਫਿਕਸੋ ਵਾਲੇ ਹੀ ਕਹਿਣ ਲੱਗ ਪਏ ਸੀ। ਬਲਵੀਰ ਲਾਟੀ, ਬਲਵੀਰ ਖਹਿਰਾ ਤੇ ਸਾਹਿਬ ਸਿੰਘ ਤਿੰਨੇ ਪੱਗਾਂ ਬੰਨਣ ਵਿਚ ਚੋਟੀ ਦੇ ਖਿਡਾਰੀ ਸਨ। ਇਕ ਦੂਜੇ ਤੋਂ ਜਿੱਦ-

ਜਿੱਦ ਕੇ ਸੋਹਣੀਆਂ ਪੇਚਾਂ ਵਾਲੀਆਂ ਪੱਗਾਂ ਬੰਨ੍ਹਦੇ ਸਨ। ਮੈਂ ਜਸਵੰਤ ਸਿੰਘ, ਬਾਪੂ ਮਾਹਨ ਸਿੰਘ, ਬਲਜੀਤ ਸੈਕਟਰੀ, ਪਟਵਾਰੀ ਸਾਹਿਬ ਤਾਂ ਸਿੱਧੀਆਂ ਸਾਦੀਆਂ ਜਿਹੀਆਂ ਪੱਗਾਂ ਬੰਨ੍ਹਦੇ ਸੀ ਅਸੀਂ ਤਾਂ ਕਈ ਵਾਰ ਸਾਫੇ ਬੰਨ੍ਹ ਕੇ ਹੀ ਸਾਰ ਲਈਦਾ ਸੀ। ਗੁਰਚਰਨ ਚੰਨਾ ਵੀ ਨਿੱਕੀ ਜਿਹੀ ਪੱਗ ਬੰਨਦਾ ਸੀ। ਮਲਕੀਤ ਸਿੰਘ ਭਾਵੇਂ ਸਾਡੇ ਸਾਰਿਆਂ ਵਿਚੋਂ ਇਕ ਇਕੱਲਾ ਹੀ ਮੋਨਾ ਸੀ ਤੇ ਅਸੀਂ ਉਸ ਨੂੰ ਪਰਨਾ ਬੰਨ੍ਹਣ ਵਾਸਤੇ ਕਹਿੰਦੇ ਸੀ, ਉਹ ਬੰਨ੍ਹ ਵੀ ਲੈਂਦਾ ਸੀ। ਸੁਰਜੀਤ ਸਿੰਘ ਕੜਿਆਲ ਤੇ ਮਾਹਨ ਸਿੰਘ ਸਾਡੇ ਵਿਚੋਂ ਦੋ ਹੀ ਬਜ਼ੁਰਗ ਸਨ, ਪਰ ਉਹ ਮੁੰਡਿਆਂ ਨਾਲੋਂ ਵੀ ਵੱਧ ਸਨ ਜੇ ਕਿਸ ਪਾਸੇ ਜਾਣਾ ਤਾਂ ਉਹ ਪਹਿਲਾਂ ਤੁਰਦੇ ਸਨ ਉਨ੍ਹਾਂ ਕਦੇ ਮਹਿਸੂਸ ਹੀ ਨਹੀਂ ਕੀਤਾ ਬਈ ਅਸੀਂ ਬਜ਼ੁਰਗ ਹਾਂ। ਮਾਹਨ ਸਿੰਘ ਬਰਨਾਲੇ ਵਾਲਾ ਤਾਂ ਇਕੱਲਾ ਹੀ ਘੁੰਮਦਾ ਫਿਰਦਾ ਰਹਿੰਦਾ ਸੀ ਤੇ ਸਾਖੀਆਂ ਵੀ ਬਹੁਤ ਸੁਣਾਉਂਦਾ ਸੀ। ਉਂਞ ਗਿਆਨ ਤਾਂ ਪਟਵਾਰੀ ਕੋਲ ਵੀ ਸੀ ਪਰ ਉਹ ਜ਼ਿਦ ਕਰ ਜਾਂਦਾ ਸੀ। ਉਹ ਹਰ ਇੱਕ ਨੂੰ ਆਪਣੀ ਗੱਲ ਮਨਾ ਕੇ ਹਟਦਾ ਸੀ। ਅਗਲਾ ਭਾਵੇਂ ਸੱਚਾ ਵੀ ਹੋਵੇ ਤਾਂ ਵੀ ਉਹ ਹਾਰ ਮੰਨ ਜਾਂਦਾ ਸੀ। ਗੁਰਸੇਵਕ ਸਿੰਘ ਸਾਡੇ ਵਿਚੋਂ ਇਕੱਲਾ ਹੀ ਅੰਮ੍ਰਿਤਧਾਰੀ ਸੀ। ਭਾਵੇਂ ਹੈ ਤਾਂ ਕੱਟੜ ਸੁਭਾਅ ਦਾ ਸੀ ਪਰ ਛੇਤੀ ਮੰਨ ਜਾਂਦਾ ਸੀ। ਇਹ ਸਾਰੇ ਤਿਆਰ ਹੋ ਰਹੇ ਸਨ ਤੇ ਮੈਂ ਆਪਣੀ ਡਾਇਰੀ ਕੱਢ ਕੇ ਲਿਖ ਰਿਹਾ ਸੀ। ਜਸਵੰਤ ਸਿੰਘ ਫੌਜੀ ਬਰਨਾਲੇ ਵਾਲਾ ਸਾਰਿਆਂ ਤੋਂ ਪੈਸੇ ਇਕੱਠੇ ਕਰਕੇ ਬੱਸ ਦੀਆਂ ਟਿਕਟਾਂ ਲੈ ਆਇਆ ਸੀ। ਸਾਰੇ ਜਣੇ ਆਪੋ-ਆਪਣਾ ਸਮਾਨ ਲਾਕਰਾਂ ਵਿਚ ਰੱਖ ਕੇ ਲੰਗਰ ਪਾਣੀ ਛਕ ਕੇ ਬਾਹਰ ਖੜੀਆਂ ਬੱਸਾਂ ਤੇ ਆਣ ਬੈਠੇ। ਸਾਰੀਆਂ ਬੱਸਾਂ ਨੂੰ ਇਕੱਠਾ ਤੋਰ ਦਿੱਤਾ ਸੀ। ਫੋਰਸ ਵਾਲੀਆਂ ਗੱਡੀਆਂ ਅੱਗੇ-ਪਿੱਛੇ ਚੱਲ ਰਹੀਆਂ ਸਨ। ਲਾਹੌਰ ਤੋਂ ਰਵਾਨਾ ਹੋ ਕੇ ਸਾਰੀਆਂ ਬੱਸਾਂ ਸਭ ਤੋਂ ਪਹਿਲਾਂ ਰੋੜੀ ਸਾਹਿਬ ਵਿਖੇ ਪਹੁੰਚੀਆਂ ਸਨ। ਲਾਹੌਰ ਤੋਂ ਗੁਰਦੁਆਰਾ ਰੋੜੀ ਸਾਹਿਬ 25-30 ਕਿਲੋਮੀਟਰ ਦੀ ਦੂਰੀ 'ਤੇ ਹੈ। ਬੱਸਾਂ ਵਿਚੋਂ ਉਤਰ ਕੇ ਸੰਗਤਾਂ ਮੇਨ ਡਿਊੜੀ ਵਿਚੋਂ ਲੰਘ ਕੇ ਅੰਦਰ ਦਰਬਾਰ ਸਾਹਿਬ ਵਿਖੇ ਮੱਥਾ ਟੇਕ ਰਹੀਆਂ ਸਨ। ਗੁਰਦੁਆਰਾ ਰੋੜੀ ਸਾਹਿਬ ਉਹ ਇਤਿਹਾਸਕ ਤੇ ਪਵਿੱਤਰ ਸਥਾਨ ਹੈ ਜਿਥੋਂ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਪਹਿਲੀ ਉਦਾਸੀ ਸ਼ੁਰੂ ਕੀਤੀ ਸੀ। ਜਦੋਂ ਮੁਗਲ਼ ਬਾਦਸ਼ਾਹ ਬਾਬਰ ਦੀਆਂ ਫੌਜਾਂ ਪੰਜਾਬ ਵਿਚ ਵੜੀਆਂ ਤਾਂ ਗੁਰੂ ਨਾਨਕ ਦੇਵ ਜੀ ਇਸ ਜਗ੍ਹਾ 'ਤੇ ਮੌਜੂਦ ਸਨ। ਫੌਜਾਂ ਨੇ ਐਮਨਾਬਾਦ ਕਸਬੇ ਨੂੰ ਆਪਣੇ ਕਬਜ਼ੇ ਵਿਚ ਕਰ ਲਿਆ ਅਤੇ ਆਮ ਲੋਕਾਂ ਦੇ ਨਾਲ ਗੁਰੂ ਜੀ ਨੂੰ ਵੀ ਬੰਦੀ ਬਣਾ ਲਿਆ। ਉਸ ਟਾਇਮ ਗੁਰੂ ਜੀ ਰੋੜਾਂ ਦੀ ਦਰੀ ਵਿਛਾ ਕੇ ਇਸ ਸਥਾਨ 'ਤੇ ਤਪ ਕਰ ਰਹੇ ਸਨ। ਇਥੇ ਬੜੀ ਸ਼ਾਨਦਾਰ ਡਿਊੜੀ ਦਾ ਦ੍ਰਿਸ਼ ਵੇਖਣਯੋਗ ਹੈ ਅਤੇ ਸੰਗਤਾਂ ਇਸ ਸਥਾਨ ਦੇ ਦਰਸ਼ਨ ਬੜੇ ਪਿਆਰ ਸਤਿਕਾਰ ਨਾਲ ਕਰਦੀਆਂ ਹਨ। ਇਥੋਂ ਚੱਲ ਕੇ ਅਸੀਂ ਨਾਲ ਹੀ ਐਮਨਾਬਾਦ ਪਿੰਡ ਭਾਈ ਲਾਲੋ ਦਾ ਘਰ ਅਤੇ ਖੂਹ ਵੇਖਣ ਚਲੇ ਗਏ। ਭਾਈ ਲਾਲੋ ਜੀ ਸੱਚੀ ਮਿਹਨਤ ਕਰਨ ਵਾਲੇ ਗੁਰੂ ਦੇ ਸਿੱਖ ਸਨ। ਜਿਨ੍ਹਾਂ ਦਾ ਜਨਮ 1452 ਵਿਚ ਸੈਦਪੁਰ ਵਿਖੇ ਹੋਇਆ, ਜਿਸ ਨੂੰ ਹੁਣ

ਐਮਨਾਬਾਦ ਪਾਕਿਸਤਾਨ ਕਿਹਾ ਜਾਂਦਾ ਹੈ। ਭਾਈ ਲਾਲੋ ਜੀ ਸੱਚੀ-ਸੁੱਚੀ ਕਿਰਤ ਕਮਾਈ ਤੇ ਮਿਹਨਤ ਕਰਨ ਵਾਲੇ ਤਰਖਾਣ ਬਿਰਾਦਰੀ ਨਾਲ ਸੰਬੰਧਿਤ ਸਨ। ਆਪ ਦੇ ਪਿਤਾ ਭਾਈ ਜਗਤ ਰਾਮ ਘਟੌੜਾ ਸਨ। ਗੁਰੂ ਨਾਨਕ ਦੇਵ ਜੀ ਪਹਿਲੀ ਉਦਾਸੀ ਦੌਰਾਨ ਸੰਨ 1507 ਤੋਂ 1516 ਤੱਕ ਜਦੋਂ ਭਾਈ ਮਰਦਾਨਾ ਨੂੰ ਨਾਲ ਲੈ ਕੇ ਲੋਕਾਈ ਨੂੰ ਸੋਧਣ ਲਈ ਨਿਕਲੇ ਤਾਂ ਪਿੰਡ ਸੈਦਪੁਰ ਵਿਖੇ ਸੰਗਤਾਂ ਨੂੰ ਉਪਦੇਸ਼ ਦੇਣ ਲਈ ਕੁਝ ਦਿਨ ਠਹਿਰੇ। ਰਾਤ ਸਮੇਂ ਸਤਿਗੁਰੂ ਜੀ ਭਾਈ ਲਾਲੋ ਦੇ ਘਰ ਪ੍ਰਸ਼ਾਦਾ ਛਕਦੇ ਅਤੇ ਕੁਝ ਚਿਰ ਆਰਾਮ ਵੀ ਫੁਰਮਾਉਂਦੇ ਸਨ। ਗੁਰੂ ਨਾਨਕ ਪਾਤਸ਼ਾਹ ਵੱਲੋਂ ਸਿੱਖੀ ਨੂੰ ਬਖ਼ਸ਼ਿਸ਼ ਤਿੰਨ ਮੂਲ ਸਿਧਾਂਤਾਂ 'ਕਿਰਤ ਕਰੋ, ਵੰਡ ਛਕੋ, ਨਾਮ ਜਪੋ' ਵਿਚੋਂ ਧਰਮੀ, ਮਿਹਨਤੀ ਤੇ ਇਮਾਨਦਾਰੀ ਦੀ ਕਿਰਤ ਦਾ ਮੁਜੱਸਮਾ ਭਾਈ ਲਾਲੋ ਹੀ ਨਜ਼ਰ ਆਉਂਦੇ ਹਨ। ਇਹ ਸਥਾਨ ਐਮਨਾਬਾਦ ਵਿਚ ਸਥਿਤ ਹੈ। ਇਸ ਥਾਂ 'ਤੇ ਭਾਈ ਲਾਲੋ ਤਰਖਾਣ ਦਾ ਘਰ ਸੀ। ਇਸੇ ਜਗ੍ਹਾ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਦਸਾਂ ਨਹੁੰਆਂ ਦੀ ਕਿਰਤ ਕਮਾਈ ਨੂੰ ਉਤਮ ਦੱਸਦਿਆਂ ਮਲਕ ਭਾਗੋ ਦੇ ਮਾਹਲ ਪੂੜਿਆਂ ਨੂੰ ਠੁਕਰਾਇਆ ਸੀ ਅਤੇ ਉਨ੍ਹਾਂ ਵਿਚੋਂ ਲਹੂ ਅਤੇ ਭਾਈ ਲਾਲੋ ਦੀ ਸੱਚੀ ਸੁੱਚੀ ਕਿਰਤ ਵਿਚੋਂ ਦੁੱਧ ਪੈਦਾ ਕੀਤਾ ਸੀ। ਇੱਥੇ ਇਕ ਕਮਰਾ ਤੇ ਭਾਈ ਲਾਲੋ ਦਾ ਖੂਹ ਮੌਜੂਦ ਹੈ। ਇੱਥੋਂ ਦਰਸ਼ਨ ਕਰਕੇ ਇਸੇ ਪਿੰਡ ਵਿਚ ਹੀ ਮੌਜੂਦ ਗੁਰਦੁਆਰਾ ਚੱਕੀ ਸਾਹਿਬ ਨੂੰ ਚਲੇ ਗਏ। ਪਿੰਡ ਦੀਆਂ ਕਈ ਗਲੀਆਂ ਵਿਚੋਂ ਅਸੀਂ ਪੈਦਲ ਹੀ ਲੰਘ ਰਹੇ ਸੀ। ਘਰਾਂ ਵਿਚੋਂ ਲੋਕ ਬਾਹਰ ਦਰਵਾਜ਼ਿਆਂ ਵਿਚ ਆਣ ਖੜ੍ਹੇ ਸਨ। ਨਿੱਕੇ, ਵੱਡੇ, ਬਜ਼ੁਰਗ, ਬੱਚੇ ਸਭ ਨਮਸਤੇ-ਸਲਾਮ ਬੁਲਾ ਰਹੇ ਸਨ ਤੇ ਬੜੇ ਗਹੁ ਨਾਲ ਤੱਕ ਰਹੇ ਸਨ। ਸਾਰਾ ਪਿੰਡ ਕੱਚਾ ਹੀ ਸੀ। ਕੱਚੀਆਂ ਗਲੀਆਂ, ਕੱਚੇ ਘਰ, ਕੱਚੇ ਬੂਹੇ, ਨਿੱਕੇ-ਨਿੱਕੇ ਬਾਹਰਲੇ ਦਰਵਾਜ਼ੇ, ਗੱਲ ਕੀ ਜਿਹੜਾ ਹਾਲ ਸਾਡੇ ਪੰਜਾਬ ਦਾ ਅੱਜ ਤੋਂ ਕੋਈ 35-40 ਸਾਲ ਪਹਿਲਾਂ ਸੀ ਉਧਰ ਹੁਣ ਵੀ ਇਹੀ ਹਾਲ ਹੈ। ਲੋਕ ਅਤਿ ਦੇ ਗਰੀਬ ਹਨ। ਪਿੰਡਾਂ ਦਾ ਹਾਲ ਬਹੁਤ ਹੀ ਮਾੜਾ ਹੈ, ਇਹ ਪਿੰਡ ਕਾਫੀ ਵੱਡਾ ਹੈ ਤੇ ਕਈ ਲੋਕਾਂ ਨੇ ਕਰਿਆਨੇ, ਕੱਪੜੇ, ਫੋਟੋਗ੍ਰਾਫੀ ਆਦਿ ਦੁਕਾਨਾਂ ਵੀ ਪਾਈਆਂ ਹੋਈਆਂ ਹਨ। ਗਲੀਆਂ 'ਚੋਂ ਲੰਘਦੇ ਹੋਏ ਅਸੀਂ ਚੱਕੀ ਸਾਹਿਬ ਪਹੁੰਚ ਗਏ। ਇਹ ਉਹ ਸਥਾਨ ਹੈ ਜਿੱਥੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਮ ਲੋਕਾਂ ਦੇ ਨਾਲ ਇੱਥੇ ਚੱਕੀਆਂ ਚਲਾਈਆਂ ਸਨ। ਬਾਬਰ ਦੀਆਂ ਫੌਜਾਂ ਨੇ ਆਮ ਲੋਕਾਂ ਦੇ ਨਾਲ ਗੁਰੂ ਨਾਨਕ ਦੇਵ ਜੀ ਨੂੰ ਵੀ ਚੱਕੀ ਪੀਹਣ ਲਾ ਦਿੱਤਾ ਸੀ। ਇਤਿਹਾਸ ਮੁਤਾਬਕ ਸ੍ਰੀ ਗੁਰੂ ਨਾਨਕ ਦੇਵ ਜੀ ਅੱਖਾਂ ਮੀਟ ਕੇ ਬੈਠੇ ਸਨ ਤੇ ਚੱਕੀ ਆਪੇ ਚੱਲ ਰਹੀ ਸੀ, ਜਦੋਂ ਇਹ ਕਾਰਨਾਮਾ ਬਾਬਰ ਦੀਆਂ ਫੌਜਾਂ ਨੇ ਵੇਖਿਆ ਤਾਂ ਉਨ੍ਹਾਂ ਨੇ ਬਾਬਰ ਨੂੰ ਜਾ ਕੇ ਦੱਸਿਆ। ਬਾਬਰ ਨੇ ਆਪ ਇਹ ਕੌਤਕ ਆ ਕੇ ਵੇਖਿਆ ਤੇ ਹੈਰਾਨ ਰਹਿ ਗਿਆ। ਉਹ ਗੁਰੂ ਜੀ ਦੇ ਚਰਨਾਂ 'ਤੇ ਢਹਿ ਪਿਆ। ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਤੇ ਅਨੇਕਾਂ ਹੋਰ ਬੰਦੀਆਂ ਨੂੰ ਬੜੀ ਇੱਜ਼ਤ ਨਾਲ ਛੱਡ ਦਿੱਤਾ। ਇਥੇ ਪੁਰਾਤਨ ਕਮਰੇ ਜਿਹੇ ਬਣੇ ਹਨ ਤੇ ਇਕ ਦੋ ਪੁੜ ਚੱਕੀਆਂ ਦੇ ਵੀ ਪਏ ਹਨ। ਹੋਰ ਕੋਈ ਚੀਜ਼ ਨਹੀਂ ਹੈ। ਇਥੋਂ ਦਰਸ਼ਨ

ਕਰਕੇ ਅਸੀਂ ਵਾਪਸ ਬੱਸਾਂ ਵਿਚ ਆਣ ਬੈਠੇ ਤੇ ਬੱਸਾਂ ਕਰਤਾਰ ਸਾਹਿਬ ਜੀ ਵਲ ਰਵਾਨਾ ਹੋ ਗਈਆਂ। ਬੱਸਾਂ ਇੱਕ ਦੂਜੀ ਤੋਂ ਥੋੜ੍ਹੀ ਵਿੱਥ 'ਤੇ ਹੀ ਤੇਜ਼ ਰਫ਼ਤਾਰ ਨਾਲ ਚੱਲ ਰਹੀਆਂ ਸਨ। ਚੌਂਕ ਕੋਲ ਅਚਾਨਕ ਪਤਾ ਨਹੀਂ ਕੀ ਬਣਿਆ। ਇੱਕ ਬੱਸ ਦੇ ਡਰਾਇਵਰ ਨੇ ਜ਼ੋਰ ਦੀ ਬਰੇਕ ਮਾਰ ਦਿੱਤੀ, ਫਿਰ ਕੀ ਛੇ ਸੱਤ ਬੱਸਾਂ ਠਾਹ-ਠਾਹ ਇਕ ਦੂਜੀ ਦੇ ਵਿਚ ਵੱਜ ਗਈਆਂ। ਸ਼ੀਸ਼ੇ ਤਾਂ ਬਥੇਰੇ ਟੁੱਟ ਗਏ ਪਰ ਪ੍ਰਮਾਤਮਾ ਦੀ ਕਿਰਪਾ ਨਾਲ ਸੰਗਤ ਦਾ ਕੋਈ ਵੀ ਨੁਕਸਾਨ ਨਹੀਂ ਹੋਇਆ। ਉਧਰਲੇ ਡਰਾਈਵਰ ਕੰਡਕਟਰਾਂ ਨੂੰ ਜ਼ਰੂਰ ਮਾੜੀਆਂ-ਮੋਟੀਆਂ ਸੱਟਾਂ ਲੱਗੀਆਂ ਸੀ। ਸਾਡੀ ਵਾਲੀ ਬੱਸ ਕਾਫੀ ਪਿੱਛੇ ਸੀ। ਅੱਧਾ ਕੁ ਘੰਟਾ ਇਥੇ ਰੁਕਣ ਤੋਂ ਬਾਅਦ ਫਿਰ ਅੱਗੇ ਵਲ ਰਵਾਨਾ ਹੋ ਗਏ। ਸ਼ਾਮੀ ਸਾਢੇ ਚਾਰ ਵਜੇ ਅਸੀਂ ਕਰਤਾਰਪੁਰ ਸਾਹਿਬ ਵਿਖੇ ਪਹੁੰਚ ਗਏ। ਤਕਰੀਬਨ ਸਾਰਾ ਦਿਨ ਹੀ ਬੀਤ ਗਿਆ ਸੀ। ਭੁੱਖ ਬਹੁਤ ਲੱਗ ਗਈ ਸੀ ਤੇ ਤਕਰੀਬਨ ਸਾਰੀਆਂ ਹੀ ਸੰਗਤਾਂ ਪਹਿਲਾਂ ਲੰਗਰ ਵੱਲ ਨੂੰ ਹੋ ਗਈਆਂ। ਲੰਗਰ ਛਕ ਕੇ ਅਸੀਂ ਦਰਬਾਰ ਸਾਹਿਬ ਅੰਦਰ ਮੱਥਾ ਟੇਕਣ ਚਲੇ ਗਏ। ਇੱਥੇ ਕੇਲਿਆਂ ਦਾ ਖੁੱਲ੍ਹਾ ਲੰਗਰ ਸੀ, ਜਿੰਨੇ ਜੀਅ ਕਰਦਾ ਖਾਓ, ਵੱਡਾ ਸਾਰਾ ਢੇਰ ਲੱਗਾ ਹੋਇਆ ਸੀ। ਦਰਬਾਰ ਸਾਹਿਬ ਅੰਦਰ ਸੁੰਦਰ ਪਾਲਕੀ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੈ। ਤਿੰਨ ਮੰਜ਼ਿਲ ਾ ਇਮਾਰਤ ਬਣੀ ਹੋਈ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣਾ ਅੰਤਮ ਸਮਾਂ ਇੱਥੇ ਹੀ ਗੁਜ਼ਾਰਿਆ ਸੀ। ਸ੍ਰੀ ਕਰਤਾਰਪੁਰ ਸਾਹਿਬ ਲਾਹੌਰ ਤੋਂ 105 ਕਿਲੋਮੀਟਰ, ਅੰਮ੍ਰਿਤਸਰ ਤੋਂ 60 ਕਿਲੋਮੀਟਰ ਤੇ ਬਟਾਲਾ ਤੋਂ 36 ਕਿਲੋਮੀਟਰ ਹੈ। ਇਥੋਂ ਦਾ ਰੇਲਵੇ ਸਟੇਸ਼ਨ ਵੀ ਨੇੜੇ ਹੀ ਹੈ। ਇਸ ਸਥਾਨ 'ਤੇ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ 22 ਸਤੰਬਰ 1539 ਈ. ਨੂੰ ਜੋਤੀ ਜੋਤ ਸਮਾਏ ਸਨ। ਉਨ੍ਹਾਂ ਆਪਣੇ ਜੀਵਨ ਦਾ ਅੰਤਲਾ ਸਮਾਂ ਇੱਥੇ ਹੀ ਗੁਜ਼ਾਰਿਆ ਤੇ ਆਪਣੇ ਹੱਥੀਂ ਖੇਤੀ ਵੀ ਕਰਦੇ ਰਹੇ। ਇਥੇ ਹੀ ਦੂਜੇ ਪਾਤਸ਼ਾਹ ਜੀ ਨੂੰ ਗੱਦੀ ਬਖਸ਼ ਕੇ ਲਹਿਣੇ ਤੋਂ ਅੰਗਦ ਕੀਤਾ। ਇਹ ਸਥਾਨ ਰਾਵੀ ਦਰਿਆ ਦੇ ਕੋਲ ਹੀ ਹੈ। ਇਹ ਸਥਾਨ ਸਿੱਖਾਂ ਅਤੇ ਮੁਸਲਮਾਨਾਂ ਦੋਵਾਂ ਲਈ ਖਿੱਚ ਦਾ ਕੇਂਦਰ ਹੈ। ਮੁਸਲਮਾਨ ਬਾਬੇ ਨਾਨਕ ਨੂੰ ਆਪਣਾ ਪੀਰ ਮੰਨਦੇ ਹਨ ਜਦਕਿ ਸਿੱਖ ਉਨ੍ਹਾਂ ਨੂੰ ਗੁਰੂ ਮੰਨਦੇ ਹਨ। ਇਤਿਹਾਸ ਮੁਤਾਬਕ ਜਦ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਇਸ ਜਗ੍ਹਾ ਜੋਤੀ ਜੋਤ ਸਮਾਏ ਸਨ ਤਾਂ ਮੁਸਲਮਾਨਾਂ ਤੇ ਸਿੱਖਾਂ ਵਿਚਾਲੇ ਮੱਤਭੇਦ ਪੈਦਾ ਹੋ ਗਿਆ ਸੀ। ਮੁਸਲਮਾਨ ਕਹਿੰਦੇ ਸਨ ਬਈ ਅਸੀਂ ਅੰਤਮ ਦੇਹ ਨੂੰ ਦਫ਼ਨਾਉਣਾ ਹੈ ਅਤੇ ਸਿੱਖ ਕਹਿੰਦੇ ਸਨ ਅਸੀਂ ਸੰਸਕਾਰ ਕਰਨਾ ਹੈ। ਇਸ ਤਰ੍ਹਾਂ ਰਾਤ ਬੀਤ ਗਈ ਸੀ ਤੇ ਫਿਰ ਜਦ ਸਵੇਰੇ ਉਨ੍ਹਾਂ ਦੀ ਦੇਹ ਤੋਂ ਚਾਦਰ ਹਟਾਈ ਗਈ ਤਾਂ ਉੱਥੇ ਸਿਰਫ ਸੁਗੰਧੀਦਾਰ ਫੁੱਲ ਹੀ ਪਏ ਸਨ। ਦੋਹਾਂ ਧਿਰਾਂ ਨੇ ਚਾਦਰ ਅਤੇ ਫੁੱਲਾਂ ਦਾ ਆਪੋ-ਆਪਣੀ ਰੀਤ ਮੁਤਾਬਕ ਜੋ ਕਰਨਾ ਸੀ ਕਰ ਦਿੱਤਾ। ਅੱਜ ਵੀ ਮੁਸਲਮਾਨ ਇਥੇ ਮੇਲਾ ਮਨਾਉਂਦੇ ਹਨ ਤੇ ਸਿੱਖ ਸੰਗਤਾਂ ਵੀ ਦੇਸਾਂ ਵਿਦੇਸ਼ਾਂ ਤੋਂ ਇਥੇ ਪਹੁੰਚਦੀਆਂ ਹਨ। ਇਥੇ ਇੱਕ ਖੂਹ ਨਿਸ਼ਾਨੀ ਵਜੋਂ ਮੌਜੂਦ ਹੈ। ਲੱਕੜ ਦੀ ਗਾਂਧੀ ਤੇ ਨਿੱਕੀਆਂ-ਨਿੱਕੀਆਂ ਟਿੰਡਾਂ ਵੀ ਹਾਲੇ ਪਈਆਂ ਹਨ। ਉਪਰਲੀ ਇਮਾਰਤ

ਤੇ ਸੱਚਖੰਡ ਵਿੱਚ ਇੱਕ ਵੱਡਾ ਪਲੰਘ ਵੀ ਮੌਜੂਦ ਹੈ। ਸੰਗਤਾਂ ਬੜੇ ਪਿਆਰ ਸਤਿਕਾਰ ਨਾਲ ਦਰਸ਼ਨ ਕਰਦੀਆਂ ਹਨ। ਸਭ ਤੋਂ ਉਪਰਲੀ ਮੰਜ਼ਿਲ ਤੇ ਚੜ੍ਹਦਿਆਂ ਆਪਣੇ ਪੰਜਾਬ ਦੇ ਮੋਬਾਇਲਾਂ ਦੀ ਰੇਜ਼ ਆ ਜਾਂਦੀ ਹੈ। ਲੋਕ ਆਪੋ-ਆਪਣੀਆਂ ਜੇਬਾਂ ਵਿਚੋਂ ਮੋਬਾਇਲ ਕੱਢ ਕੇ ਚਾਲੂ ਕਰਕੇ ਘਰੋਂ-ਘਰੀ ਫੋਨ ਕਰਦੇ ਹਨ। ਇਸ ਸਥਾਨ ਤੋਂ ਸਾਡੇ ਪੰਜਾਬ ਦੀ ਹੱਦ ਸਿਰਫ਼ ਤਿੰਨ ਕਿਲੋਮੀਟਰ ਹੈ ਤੇ ਸਾਰੀਆਂ ਸੰਗਤਾਂ ਨੂੰ ਇਸ ਸਥਾਨ ਦੇ ਦਰਸ਼ਨ ਕਰਨ ਵਾਸਤੇ ਕਈ ਸੌ ਕਿਲੋਮੀਟਰ ਦਾ ਸਫ਼ਰ ਤੈਅ ਕਰਨਾ ਪੈਂਦਾ ਹੈ। ਵਾਕਿਆ ਹੀ ਦੋਵਾਂ ਸਰਕਾਰਾਂ ਨੂੰ ਇੱਥੋਂ ਲਾਂਘਾ ਬਣਾਉਣਾ ਚਾਹੀਦਾ ਹੈ, ਇਸ ਲਈ ਸਰਹੱਦ 'ਤੇ ਸਾਡੇ ਲੋਕ ਹਰ ਮਹੀਨੇ ਅਰਦਾਸ ਵੀ ਕਰਦੇ ਹਨ। ਪਾਕਿਸਤਾਨ ਦੀ ਸਰਕਾਰ ਨੂੰ ਇਸ 'ਤੇ ਵਿਸ਼ੇਸ਼ ਧਿਆਨ ਦੇਣਾ ਚਾਹੀਦਾ ਹੈ। ਇਥੇ ਦਰਸ਼ਨ ਕਰਦਿਆਂ ਬਹੁਤ ਹਨੇਰਾ ਹੋ ਚੁੱਕਾ ਸੀ, ਸੰਗਤਾਂ ਆਪੋ-ਆਪਣੀਆਂ ਬੱਸਾਂ ਵਿਚ ਬੈਠ ਰਹੀਆਂ ਸਨ। ਹਨੇਰਾ ਹੋਣ ਕਰਕੇ ਬਜ਼ੁਰਗਾਂ ਨੂੰ ਬੱਸਾਂ ਲੱਭਣ ਵਿਚ ਔਖ ਮਹਿਸੂਸ ਹੋ ਰਹੀ ਸੀ, ਕਿਉਂਕਿ ਹੁਣ ਉਨ੍ਹਾਂ ਨੇ ਬੱਸਾਂ ਹੋਰ ਟਿਕਾਣੇ 'ਤੇ ਲਾ ਲਈਆਂ ਸੀ। ਅਸੀਂ ਤਾਂ ਆਪਣੀ ਬੱਸ ਦਾ ਨੰਬਰ ਨੋਟ ਕਰ ਲਿਆ ਸੀ, ਪਰ ਦੂਜਿਆਂ ਨੂੰ ਦਿੱਕਤ ਆ ਰਹੀ ਸੀ। ਪਾਕਿਸਤਾਨ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਵਕਫ਼ ਬੋਰਡ ਨੂੰ ਯਾਤਰੀਆਂ ਦੀ ਸਹੂਲਤ ਵਾਸਤੇ ਇਨ੍ਹਾਂ ਗੱਲਾਂ ਦਾ ਵੀ ਧਿਆਨ ਰੱਖਣਾ ਚਾਹੀਦਾ ਹੈ। ਇਸ ਲੱਭੋ-ਲਭਾਈ ਵਿਚ ਇਕ ਡੇਢ ਘੰਟਾ ਲੱਗ ਗਿਆ। ਅਖੀਰ ਰਾਤ ਦੇ ਅੱਠ ਵਜੇ ਬੱਸਾਂ ਲਾਹੌਰ ਵੱਲ ਨੂੰ ਰਵਾਨਾ ਹੋਈਆਂ। ਇਹ ਸੜਕ ਬਹੁਤ ਹੀ ਜ਼ਿਆਦਾ ਖਰਾਬ ਸੀ ਤੇ ਬੱਸਾਂ ਹੌਲੀ-ਹੌਲੀ ਚੱਲ ਰਹੀਆਂ ਸਨ। ਸਾਡੀ ਬੱਸ ਵਿਚ ਸਾਡੇ ਹੀ ਪੰਜਾਬ ਤੋਂ ਇੱਕ ਬਜ਼ੁਰਗ ਬਾਪੂ ਉੱਠ ਕੇ ਸਤਿ ਸ੍ਰੀ ਅਕਾਲ ਬੁਲਾ ਕੇ ਸਿੱਖ ਇਤਿਹਾਸ ਤੇ ਸਾਖੀਆਂ ਸੁਣਾਉਣ ਲੱਗਾ। ਬਾਪੂ ਬੜਾ ਹੱਸਮੁਖ ਸੁਭਾਅ ਦਾ ਸੀ। ਸਾਰੀ ਬੱਸ ਵਿਚ ਉਸ ਨੇ ਰੌਣਕ ਜਿਹੀ ਲਾ ਛੱਡੀ ਸੀ। ਅੱਜ ਵੀ ਅਸੀਂ ਉਸ ਬਾਪੂ ਨੂੰ ਯਾਦ ਕਰ ਲਈਦਾ ਹੈ। ਕਈ ਸਵਾਰੀਆਂ ਨੀਂਦ 'ਚ ਹਿਚਕੋਲੇ ਖਾ ਰਹੀਆਂ ਸਨ। ਰਾਤ ਗਿਆਰਾਂ ਕੁ ਵਜੇ ਅਸੀਂ ਲਾਹੌਰ ਡੇਹਰਾ ਸਾਹਿਬ ਗੁਰਦੁਆਰਾ ਵਿਚ ਪਹੁੰਚ ਗਏ। ਗੇਟ ਦੇ ਕੋਲ ਹੀ ਸੰਗਤਾਂ ਵਾਸਤੇ ਕਾਜੂ, ਬਦਾਮ ਤੇ ਫੇਨੀਆਂ ਪਾ ਕੇ ਗਰਮਾ ਗਰਮ ਦੁੱਧ ਵਰਤਾਇਆ ਜਾ ਰਿਹਾ ਸੀ। ਅਸੀਂ ਵੀ ਸਾਰਿਆਂ ਨੇ ਇਹ ਦੁੱਧ ਛਕਿਆ। ਦੁੱਧ ਪੀ ਕੇ ਤਾਂ ਰਸਤੇ ਦਾ ਥਕੇਵਾਂ ਵੀ ਦੂਰ ਹੋ ਗਿਆ। ਇੱਥੋਂ ਚਲ ਕੇ ਫਿਰ ਅਸੀਂ ਸਿੱਧੇ ਆਪਣੇ ਕਮਰੇ ਵਿਚ ਆ ਗਏ ਤੇ ਫਿਰ ਗੱਲਾਬਾਤਾਂ ਕਰਦਿਆਂ ਕਦੋਂ ਨੀਂਦ ਆ ਗਈ ਪਤਾ ਹੀ ਨਹੀਂ ਸੀ ਲੱਗਾ। ਸਵੇਰੇ-ਸਵੇਰੇ ਹਾਲੇ ਉੱਠੇ ਹੀ ਸੀ ਤਾਂ ਇਕ ਅਧਖੜ ਜਿਹਾ ਬੰਦਾ ਸਾਡੇ ਕੋਲ ਆ ਗਿਆ ਕਹਿੰਦਾ ਸਰਦਾਰ ਜੀ ਕਿਸੇ ਕੋਲ ਕੋਈ ਵਾਧੂ ਪੱਗ ਹੈ ਤਾਂ ਦੇ ਦਿਓ ਮੇਰੇ ਕੋਲ ਇੱਕ ਹੀ ਪੱਗ ਹੈ। ਮੈਂ ਉਸ ਨੂੰ ਆਪਣੇ ਕੋਲ ਬਿਠਾ ਲਿਆ ਤੇ ਬਲਵੀਰ ਲਾਟੀ ਨੇ ਆਪਣਾ ਬੈਗ ਖੋਲ੍ਹਿਆ ਤੇ ਇੱਕ ਪੱਗ ਕੱਢ ਕੇ ਉਸ ਨੂੰ ਫੜ੍ਹਾ ਦਿੱਤੀ। ਉਹ ਮੱਥੇ ਨੂੰ ਲਾ ਰਿਹਾ ਸੀ। ਗੱਲਬਾਤ ਕਰਦਿਆਂ ਉਸ ਨੇ ਆਪਣਾ ਨਾਮ ਪ੍ਰੇਮ ਸਿੰਘ ਦੱਸਿਆ, ਕਰਾਚੀ ਦੇ ਪਿੰਡ ਰੋੜੀ ਸੱਖਰ ਦਾ ਰਹਿਣ ਵਾਲਾ ਸੀ। ਉਸ ਨੇ ਕਿਹਾ ਅਸੀਂ

ਬਾਗੜੀਏ ਸਿੱਖ ਹੁੰਦੇ ਆਂ ਤੇ ਮੇਰਾ ਕੰਮ ਪੁਰਾਣੇ ਕੱਪੜੇ ਖਰੀਦ ਕੇ ਸਟੀਲ ਦੇ ਭਾਂਡੇ ਦੇਣੇ ਜਿਵੇਂ ਆਪਣੇ ਵੀ ਪੰਜਾਬ ਵਿਚ ਕਈ ਲੋਕ ਘਰਾਂ 'ਚੋਂ ਵੇਚਣ ਆਉਂਦੇ ਹਨ। ਉਸ ਨੇ ਕਿਹਾ ਅਸੀਂ ਲੰਗਰ ਦੀ ਸੇਵਾ ਕਰਨ ਆਏ ਹਾਂ। ਲਾਹੌਰ ਤੋਂ ਕਰਾਚੀ 20 ਘੰਟੇ ਦਾ ਸਫ਼ਰ ਹੈ ਤੇ 1100 ਰੁਪਏ ਟਿਕਟ ਲੱਗਦੀ ਹੈ। ਉਹ ਕਹਿਣ ਲੱਗਾ ਪਹਿਲਾਂ ਅਸੀਂ ਬੁੱਤ ਪੂਜਾ ਕਰਦੇ ਸੀ ਪਰ ਹੁਣ ਗੁਰੂ ਦੇ ਸੇਵਕ ਬਣ ਗਏ ਹਾਂ ਅਤੇ ਬੁੱਤ ਪੂਜਾ ਛੱਡ ਦਿੱਤੀ ਹੈ। ਉਹਨੇ ਇਹ ਵੀ ਦੱਸਿਆ ਬਈ ਅਸੀਂ ਹਰ ਸਾਲ ਇਥੇ ਲੰਗਰ ਦੀ ਸੇਵਾ ਕਰਨ ਵਾਸਤੇ ਆਉਂਦੇ ਹਾਂ ਸਾਡੇ ਪਾਸ ਬਣੇ ਹੋਏ ਹਨ ਤੇ ਪਾਸ ਵੇਖ ਕੇ ਹੀ ਸਾਨੂੰ ਅੰਦਰ ਦਾਖਲ ਹੋਣ ਦਿੱਤਾ ਜਾਂਦਾ ਹੈ। ਮੈਂ ਲਿਖ ਰਿਹਾ ਸੀ ਤੇ ਮੈਂ ਉਸ ਨੂੰ ਕਿਹਾ ਬਈ ਹੁਣ ਬਾਲ ਬੱਚੇ ਬਾਰੇ ਵੀ ਦੱਸ ਤਾਂ ਉਸ ਨੇ ਹੱਸ ਕੇ ਕਿਹਾ, ਮੇਰੇ ਦਸ ਬੱਚੇ ਹਨ ਤੇ ਗਿਆਰਵਾਂ ਹੋਣ ਵਾਲਾ ਹੈ। ਅਸੀਂ ਸਾਰੇ ਜਣੇ ਹੱਸਣ ਲੱਗ ਪਏ ਸੀ। ਪਰ ਉਹ ਚੁੱਪ ਸੀ ਮੈਂ ਕਿਹਾ ਤੇਰੀਆਂ ਕਿੰਨੀਆਂ ਸ਼ਾਦੀਆਂ ਹੋਈਆਂ ਹਨ ਕਹਿੰਦਾ ਇੱਕ ਹੀ ਹੈ। ਅਸੀਂ ਕਿਹਾ ਤੂੰ ਐਨੇ ਜਵਾਕ ਕੀ ਕਰਨੇ ਨੇ। ਏਨੀ ਮਹਿੰਗਾਈ ਵਿਚ ਤਾਂ ਇੱਕ-ਦੋ ਮਸਾਂ ਪਲਦੇ ਹਨ। ਉਹ ਸੁਭਾਵਿਕ ਹੀ ਕਹਿ ਰਿਹਾ ਸੀ ਕਿ ਇਹ ਤਾਂ ਭਗਵਾਨ ਦੇ ਹੱਥ ਵਿਚ ਹੈ, ਬੰਦਾ ਕੌਣ ਹੁੰਦਾ ਹੈ ਰੱਬ ਆਪੇ ਪਾਲਦਾ ਹੈ। ਅਸੀਂ ਕਹਿ ਰਹੇ ਸੀ ਬਈ ਰਾਤ ਨੂੰ ਅਤੇ ਦਿਨ ਨੂੰ ਗਿਣਤੀ ਤਾਂ ਜ਼ਰੂਰ ਕਰਦੇ ਹੋਵੇਗੇ, ਉਹ ਵੀ ਹੱਸ ਪਿਆ ਤੇ ਅਸੀਂ ਸਾਰੇ ਵੀ ਹੱਸ ਰਹੇ ਸੀ। ਫਿਰ ਉਹ ਪੱਗ ਆਪਣੇ ਹੱਥਾਂ ਵਿਚ ਲੈ ਕੇ ਆਪਣੇ ਤੰਬੂ ਵਿਚ ਚਲਾ ਗਿਆ। ਅਸੀਂ ਬਾਅਦ ਵਿਚ ਵੀ ਹੱਸਦੇ ਰਹੇ। ਅੱਜ 23 ਨਵੰਬਰ ਸੀ ਤੇ ਅੱਜ ਦਾ ਦਿਨ ਹੀ ਰਹਿ ਗਿਆ ਸੀ ਸਾਡੇ ਕੋਲ ਤੇ ਕੱਲ੍ਹ ਨੂੰ ਅਸੀਂ ਆਪਣੇ ਪੰਜਾਬ ਵੱਲ ਰਵਾਨਾ ਹੋ ਜਾਣਾ ਸੀ। ਅੱਜ ਅਸੀਂ ਲਾਹੌਰ ਦੇ ਬਾਜ਼ਾਰ ਘੁੰਮਣ ਅਤੇ ਖਰੀਦੋ ਫਰੋਖ਼ਤ ਵੀ ਕਰਨੀ ਸੀ। ਗੁਰਦੁਆਰਾ ਡੇਅਰਾ ਸਾਹਿਬ ਤੋਂ ਨਿਕਲਦਿਆਂ ਹੀ ਮਹਾਰਾਜਾ ਰਣਜੀਤ ਸਿੰਘ ਦਾ ਸ਼ਾਹੀ ਕਿਲ੍ਹਾ ਹੈ। ਇਹ ਕਿਲਾ ਬਹੁਤ ਜ਼ਿਆਦਾ ਵੱਡਾ ਹੈ ਅਤੇ ਮੇਨ ਦਰਵਾਜ਼ਾ ਜ਼ਿਆਦਾ ਹੀ ਵੱਡਾ ਹੋਣ ਕਰਕੇ ਪੁਰਾਤਨ ਯਾਦ ਦੁਆਉਂਦਾ ਹੈ। ਨਿੱਕੀ ਇੱਟ ਦਾ ਬਣਿਆ ਕਿਲਾ ਅਦਭੁੱਤ ਨਜ਼ਾਰਾ ਪੇਸ਼ ਕਰਦਾ ਹੈ। ਭਾਈ ਬਿਧੀ ਚੰਦ ਨੇ ਇਥੋਂ ਹੀ ਛੇਵੇਂ ਪਾਤਸ਼ਾਹ ਵੇਲੇ ਘੋੜੇ ਕੱਢ ਕੇ ਵਾਪਸ ਲਿਆਂਦੇ ਸਨ। ਇਸ ਤਰ੍ਹਾਂ ਇਸ ਕਿਲੇ ਦੀ ਮਹਾਨਤਾ ਹੈ ਪਰ ਅਫਸੋਸ ਕੁਝ ਕਰਨਾ ਕਰਕੇ ਅਸੀਂ ਦੋਵੇਂ ਵਾਰ ਹੀ ਇਹ ਕਿਲ੍ਹਾ ਨਾ ਵੇਖ ਸਕੇ ਬੱਸ ਬਾਹਰੋਂ ਹੀ ਤੱਕਦੇ ਰਹੇ। ਤੁਰਦੇ ਹੋਏ ਅਸੀਂ ਲਾਹੌਰ ਦੇ ਬਾਜ਼ਾਰਾਂ ਵਿਚੋਂ ਲੰਘ ਰਹੇ ਸੀ। ਕਿਤੇ ਖੁੱਲ੍ਹੇ, ਕਿਤੇ ਭੀੜੇ ਬਜ਼ਾਰ ਨਵੀਆਂ-ਪੁਰਾਣੀਆਂ ਹੱਟੀਆਂ, ਨਵੇਂ ਪੁਰਾਣੇ ਘਰ ਲਾਹੌਰ ਦੇ ਵੇਖਣੇ ਹੀ ਬਣਦੇ ਸਨ। ਸਭ ਤੋਂ ਪਹਿਲਾਂ ਅਸੀਂ ਅਕਬਰੀ ਮੰਡੀ ਗਏ ਜਿਥੇ ਅਕਸਰ ਹੀ ਪੰਜਾਬੀ ਸਭ ਤੋਂ ਵੱਧ ਜਾਂਦੇ ਹਨ। ਇਥੇ ਬਦਾਮ, ਬਦਾਮ ਗਿਰੀ, ਕਾਜੂ, ਛੁਹਾਰੇ, ਖਸਖਸ, ਅਖਰੋਟ, ਸੌਂਗੀ ਅਤੇ ਹਰ ਤਰ੍ਹਾਂ ਦਾ ਡਰਾਈ ਫਰੂਟ ਕਾਫੀ ਸਸਤਾ ਹੈ। ਬਦਾਮ ਦੀ ਗਿਰੀ ਦਾ ਰੇਟ ਸਾਡੇ ਪੰਜਾਬ ਵਿਚ ਪੰਜ ਛੇ ਸੌ ਰੁਪਏ ਕਿਲੋ ਹੈ ਤੇ ਇਧਰ ਪਾਕਿਸਤਾਨ ਵਿਚ ਸਾਡੀ ਕਰੰਸੀ ਮੁਤਾਬਕ ਦੋ ਡਾਈ ਸੌ ਰੁਪਏ ਮਿਲਦੀ ਸੀ। ਇਸੇ ਤਰ੍ਹਾਂ ਖਸਖਸ ਸਾਡੇ ਇਧਰ ਚਾਰ ਸੌ ਤੋਂ ਛੇ ਸੌ ਤੱਕ

ਹੈ ਪਰ ਇਥੇ ਲਾਹੌਰ ਵਿਚ ਸਾਡੀ ਕਰੰਸੀ ਮੁਤਾਬਕ ਅੱਸੀ ਰੁਪਏ ਤੋਂ ਇਕ ਸੌ ਵੀਹ ਰੁਪਏ ਸੀ। ਇਹ ਫ਼ਰਕ ਕਾਫੀ ਹੈ ਤੇ ਇਸ ਕਰਕੇ ਲੋਕ ਜ਼ਿਆਦਾ ਉਧਰੋਂ ਡਰਾਈ ਫਰੂਟ ਹੀ ਖਰੀਦ ਕੇ ਲਿਆਉਂਦੇ ਹਨ। ਇਸੇ ਮਾਰਕੀਟ ਦੇ ਨਾਲ ਹੀ ਛੋਟੀ ਜਿਹੀ ਮਾਰਕੀਟ ਵਿਚ ਬਦਾਮਾਂ ਦਾ ਤੇਲ (ਬਦਾਮ ਰੋਗਨ) ਕੱਢਣ ਵਾਸਤੇ ਛੋਟੇ-ਛੋਟੇ ਕੋਹਲੂ ਲੱਗੇ ਹੋਏ ਹਨ। ਲੋਕੀਂ ਗਿਰੀਆਂ ਲੈ ਕੇ ਕੋਲ ਖੜ੍ਹ ਕੇ ਤੇਲ ਕਢਵਾ ਰਹੇ ਸਨ ਅਤੇ ਇਹ ਤਸੱਲੀ ਸੀ ਕਿ ਇਹ ਵਾਕਿਆ ਹੀ ਅਸਲੀ ਹੈ, ਕੋਈ ਮਿਲਾਵਟ ਨਹੀਂ। ਲੋਕ ਧੜਾਧੜ ਤੇਲ ਕਢਵਾ ਕੇ ਛੋਟੀਆਂ-ਛੋਟੀਆਂ ਸ਼ੀਸ਼ੀਆ ਤੇ ਕੈਨੀਆਂ ਭਰਵਾ ਰਹੇ ਸਨ। ਮੈਂ ਵੀ ਤੇ ਮੇਰੇ ਸਾਥੀਆਂ ਨੇ ਵੀ ਤੇਲ ਕੋਲ ਖੜ੍ਹ ਕੇ ਕਢਵਾਇਆ ਸੀ। ਸਾਡੇ ਵਿਚੋਂ ਕਈ ਸਾਥੀ ਤਾਂ ਗਿਰੀਆਂ ਦਾ ਗੁੱਦਾ ਜਿਹੜਾ ਫੋਕ ਨਿਕਲਦਾ ਹੈ, ਉਹ ਵੀ ਨਾਲ ਲੈ ਆਏ ਸਨ। ਕਹਿੰਦੇ ਪੰਜੀਰੀ ਵਿੱਚ ਪਾ ਲਈਦਾ ਹੈ। ਇਸ ਬਜ਼ਾਰ ਵਿੱਚ ਕਈ ਦੁਕਾਨਾਂ ਤੋਂ ਵੀ ਕਰੰਸੀ ਬਦਲੀ ਹੋ ਜਾਂਦੀ ਹੈ। ਲੋਕ ਕਰੰਸੀ ਬਦਲ ਕੇ ਲੋੜ ਮੁਤਾਬਕ ਡਰਾਈ ਫਰੂਟ ਖਰੀਦ ਰਹੇ ਸਨ। ਇਸ ਤੋਂ ਬਾਅਦ ਪੰਜਾਬੀਆਂ ਦੀ ਖਾਸ ਖਿੱਚ ਜੁੱਤੀਆਂ ਖ਼ਰੀਦਣ ਦੀ ਹੁੰਦੀ ਹੈ। ਲਾਹੌਰ ਤੇ ਕਸੂਰ ਦੀ ਪੰਜਾਬੀ ਜੁੱਤੀ ਦੁਨੀਆ ਭਰ ਵਿਚ ਮਸ਼ਹੂਰ ਹੈ। ਜਥੇ ਨਾਲ ਗਏ ਯਾਤਰੀ, ਡਰਾਈ ਫਰੂਟ, ਜੁੱਤੀਆਂ ਤੇ ਕੱਪੜਾ ਇਹ ਤਿੰਨ ਚੀਜ਼ਾਂ ਜ਼ਰੂਰ ਲਿਆਉਂਦੇ ਹਨ ਤੇ ਇਹ ਹੀ ਉਧਰ ਸਸਤੀਆਂ ਹਨ। ਬਾਕੀਆਂ ਦੇ ਰੇਟ ਤਾਂ ਸਾਡੇ ਨਾਲੋਂ ਦੁਗਣੇ-ਤਿੱਗਣੇ ਹਨ। ਡਰਾਈ ਫਰੂਟ ਵਾਂਗ ਜੁੱਤੀ ਮਾਰਕੀਟ ਵੀ ਬੜੀ ਵੱਡੀ ਤੇ ਆਲੀਸ਼ਾਨ ਹੈ। ਹੱਟਾਂ ਦੇ ਹੱਟ ਭਰੇ ਪਏ ਹਨ ਜੁੱਤੀਆਂ ਨਾਲ। ਚਾਰ ਸੌ ਤੋਂ ਲੈ ਕੇ ਤਿੰਨ ਹਜ਼ਾਰ ਤੱਕ ਦੀਆਂ ਜੁੱਤੀਆਂ ਮਿਲਦੀਆਂ ਹਨ ਜੋ ਅੰਦਰੋਂ-ਬਾਹਰੋਂ ਕੱਢੀਆਂ ਹਨ ਤੇ ਉਹ ਵੀ ਹੱਥ ਨਾਲ। ਉਧਰਲੇ ਲੋਕ ਅਕਸਰ ਘਰਾਂ ਵਿੱਚ ਔਰਤਾਂ ਤੇ ਮਰਦ ਜੁੱਤੀਆਂ ਦੀ ਆਪਣੇ ਹੱਥਾਂ ਨਾਲ ਕਢਾਈ ਕਰਦੇ ਹਨ ਤੇ ਉਹ ਤਿੱਲਾ ਜਿਸ ਨਾਲ ਜੁੱਤੀ ਦੀ ਕਢਾਈ ਕਰਦੇ ਹਨ। ਪਾਣੀ ਨਾਲ ਵੀ ਖਰਾਬ ਨਹੀਂ ਹੁੰਦਾ। ਦੁਕਾਨਦਾਰਾਂ ਨੇ ਮਹਿੰਗੇ ਸ਼ੀਸ਼ੇ ਵਗੈਰਾ ਲਾ ਕੇ ਵਿਚ ਜੁੱਤੀਆਂ ਸ਼ਿੰਗਾਰ-ਸ਼ਿੰਗਾਰ ਰੱਖੀਆਂ ਸਨ ਤੇ ਪੰਜਾਬੀ ਲੋਕ ਦੁਕਾਨਾਂ 'ਤੇ ਝੁਰਮਟ ਪਾਈ ਜੁੱਤੀਆਂ ਖਰੀਦ ਰਹੇ ਸਨ। ਸਾਰੀ ਹੀਰਾ ਮੰਡੀ ਜੁੱਤੀਆਂ ਨਾਲ ਹੀ ਸ਼ਿੰਗਾਰੀ ਪਈ ਸੀ। ਵੰਨ-ਸੁਵੰਨੀਆਂ ਜੁੱਤੀਆਂ ਲਿਸ਼ਕਾਰੇ ਮਾਰ ਰਹੀਆਂ ਸਨ। ਪੰਜਾਬੀ ਜੁੱਤੀਆਂ ਦੇ ਨਾਲ-ਨਾਲ ਪੰਨੇ ਵੀ ਖਰੀਦ ਰਹੇ ਸਨ, ਉਧਰੋਂ ਇਕੱਲੇ ਪੰਨੇ ਲਿਆ ਕੇ ਇਧਰ ਆ ਕੇ ਪੂਰੀ ਜੁੱਤੀ ਬਣਾ ਲੈਂਦੇ ਹਨ ਜਿਹੜੀ ਬਣੀ-ਬਣਾਈ ਉਧਰੋਂ ਜੁੱਤੀ ਲੈ ਕੇ ਆਉਣੀ ਉਹਦਾ ਟੌਹਰ ਕੁਝ ਆਪਣਾ ਹੀ ਹੁੰਦਾ ਹੈ। ਇਥੇ ਘੁੰਮਦਿਆਂ ਮੇਰੇ ਸਾਥੀਆਂ ਨੇ ਇੱਕ ਦੁਕਾਨ 'ਚੋਂ ਆਇਸਕ੍ਰੀਮ ਖਾਧੀ ਸੀ। ਕਹਿੰਦੇ ਲਾਹੌਰ ਦੀ ਆਈਸਕ੍ਰੀਮ ਖਾ ਕੇ ਵੇਖੀਏ ਵਾਕਿਆ ਬੜੀ ਕਮਾਲ ਸੀ। ਇਵੇਂ ਹੀ ਨਿੰਬੂ ਵਾਲੀ ਚਾਹ ਵੀ ਉੱਧਰ ਚੱਲਦੀ ਹੈ। ਚਾਹ ਵਿਚ ਦੁੱਧ ਨਹੀਂ ਸਗੋਂ ਉਸ ਵਿੱਚ ਨਿੰਬੂ ਨਿਚੋੜ ਦੇਂਦੇ ਹਨ ਤੇ ਚਾਹ ਦਾ ਸਵਾਦ ਟੇਸਟੀ ਬਣ ਜਾਂਦਾ ਹੈ। ਭਾਵੇਂ ਗੁਰਦੁਆਰਿਆਂ ਵਿਚ ਲੰਗਰ ਬਹੁਤ ਹੁੰਦੇ ਹਨ ਤੇ ਬਜ਼ਾਰੋਂ ਖਰਚਾ ਕਰਨ ਦੀ ਲੋੜ ਨਹੀਂ ਰਹਿੰਦੀ, ਪਰ ਫਿਰ ਵੀ ਸਾਡੇ ਪੰਜਾਬੀ ਲੋਕ ਕਹਿੰਦੇ ਹਨ ਲਾਹੌਰ

ਕਿਹੜਾ ਨਿੱਤ-ਨਿੱਤ ਆਉਣਾ, ਚੀਜ਼ਾਂ ਦਾ ਸਵਾਦ ਤਾਂ ਵੇਖ ਲਈਏ। ਇਸੇ ਤਰ੍ਹਾਂ ਅਸੀਂ ਇੱਕ ਹਲਵਾਈ ਦੀ ਦੁਕਾਨ ਤੋਂ ਚਮਚਮ ਮਠਿਆਈ ਖਾਧੀ ਸੀ। ਦੇਸੀ ਘਿਓ ਵਿਚ ਬਣੀ ਮਠਿਆਈ ਵਾਕਿਆ ਹੀ ਮੂੰਹ ਵਿਚ ਪਾਣੀ ਲਿਆਉਣ ਵਾਲੀ ਸੀ। ਤੁਰਦੇ-ਫਿਰਦੇ ਅਸੀਂ ਅਨਾਰਕਲੀ ਬਜ਼ਾਰ ਵਿਚ ਆ ਗਏ ਸੀ। ਇਸ ਮਾਰਕੀਟ ਦਾ ਤਾਂ ਕਹਿਣਾ ਹੀ ਕੀ ਕੱਪੜਾ ਤੇ ਮਨਿਆਰੀ ਦਾ ਸਮਾਨ ਮਿਲਦਾ ਹੈ। ਕੱਪੜੇ ਅਤੇ ਮੁਨਿਆਰੀ ਨਾਲ ਦੁਕਾਨਾਂ ਸੱਜ ਵਿਆਹੀ ਦੁਲਹਨ ਵਾਂਗ ਸ਼ਿੰਗਾਰੀਆਂ ਪਈਆਂ ਸਨ। ਪੂਰੀ ਡੈਕੋਰੇਸ਼ਨ ਕਰਕੇ ਦੁਕਾਨਾਂ ਦੇ ਵੱਟ ਹੀ ਕੱਢੇ ਪਏ ਸੀ। ਇਸ ਬਜ਼ਾਰ ਵਿਚ ਮੁਸਲਮਾਨ ਔਰਤਾਂ ਦੀ ਜ਼ਿਆਦਾ ਭੀੜ ਸੀ। ਵੰਨ-ਸੁਵੰਨੇ ਬੁਰਕੇ ਪਾਈ ਅਧਖੜ ਅਤੇ ਨੌਜਵਾਨ ਮੁਟਿਆਰਾਂ ਖਰੀਦੋ-ਫਰੋਖ਼ਤ ਕਰ ਰਹੀਆਂ ਸਨ। ਬੁਰਕਿਆਂ ਵਿਚ ਲਪੇਟੀਆਂ ਵੀ ਉਹ ਪਰੀਆਂ ਵਾਂਗ ਲੱਗ ਰਹੀਆਂ ਸਨ। ਭਾਵੇਂ ਬੁਰਕੇ ਪਾਏ ਹੋਏ ਸਨ ਪਰ ਮੂੰਹ ਉਨ੍ਹਾਂ ਦੇ ਕੁਝ ਕੁਝ ਦਿੱਸ ਰਹੇ ਸਨ। ਕਿਤੇ-ਕਿਤੇ ਮੂੰਹ ਅੱਗੇ ਵੀ ਔਰਤਾਂ ਨੇ ਪਰਦਾ ਕੀਤਾ ਹੋਇਆ ਸੀ। ਇਸ ਬਜ਼ਾਰ ਵਿਚ ਸਾਨੂੰ ਅੱਠ-ਦਸ ਕਾਲਜ ਪੜ੍ਹਦੀਆਂ ਕੁੜੀਆਂ ਮਿਲੀਆਂ ਸਨ। ਉਨ੍ਹਾਂ ਬੁਰਕੇ ਵੀ ਨਹੀਂ ਸਨ ਪਾਏ, ਸਕੂਲਾਂ ਕਾਲਜਾਂ ਵਿਚ ਬੁਰਕੇ ਤੋਂ ਛੋਟ ਮਿਲ ਜਾਂਦੀ ਹੈ। ਉਨ੍ਹਾਂ ਸਾਰੀਆਂ ਦੇ ਪੰਜਾਬੀ ਪਹਿਰਾਵੇ ਸਲਵਾਰ ਕੁੜਤਾ ਪਾਇਆ ਹੋਇਆ ਸੀ ਤੇ ਸਿਰ ’ਤੇ ਚੁੰਨੀਆਂ ਲਈਆਂ ਹੋਈਆਂ ਸਨ। ਉਨ੍ਹਾਂ ਦੀ ਮੈਡਮ ਵੀ ਉਨ੍ਹਾਂ ਦੇ ਨਾਲ ਸੀ। ਉਹ ਸਾਡੇ ਨਾਲ ਗੱਲਾਂਬਾਤਾਂ ਕਰਨ ਲਈ ਖੜ੍ਹ ਗਈਆਂ ਤੇ ਆਪੋ-ਆਪਣੇ ਮੁਬਾਇਲਾਂ ਤੇ ਕੈਮਰਿਆਂ ਨਾਲ ਸਾਡੇ ਨਾਲ ਫੋਟੂਆਂ ਦੀ ਖਿਚਵਾ ਰਹੀਆਂ ਸਨ ਤੇ ਸਾਨੂੰ ਪੱਗ ਬਾਰੇ ਪੁੱਛ ਰਹੀਆਂ ਸਨ, ਸਿਰ ’ਤੇ ਜੂੜੇ ਬਾਰੇ ਪੁੱਛ ਰਹੀਆਂ ਸਨ, ਇਧਰਲੇ ਪੰਜਾਬ ਬਾਰੇ ਪੁੱਛ ਰਹੀਆਂ ਸਨ। ਉਨ੍ਹਾਂ ਦਾ ਕਾਲਜ ਦਾ ਟਾਇਮ ਹੋਣ ਵਾਲਾ ਸੀ। ਮੈਡਮ ਕਾਹਲੀ ਪੈ ਰਹੀ ਸੀ ਪਰ ਉਹ ਸਾਡੇ ਨਾਲ ਫੋਟੂਆਂ ਤੇ ਫੋਟੂਆਂ ਖਿਚਵਾ ਰਹੀਆਂ ਸਨ। ਉਨ੍ਹਾਂ ਨੇ ਸਿੱਖਾਂ ਨੂੰ ਪਹਿਲੀ ਵਾਰ ਵੇਖਿਆ ਸੀ, ਉਹ ਖ਼ੁਸ਼ ਹੋ ਰਹੀਆਂ ਸਨ। ਸਾਰੇ ਬਜ਼ਾਰ ਵਿਚ ਰੌਣਕ ਜਿਹੀ ਲੱਗ ਗਈ ਸੀ। ਅਖੀਰ ਉਨ੍ਹਾਂ ਨੂੰ ਨਾ ਚਾਹੁੰਦਿਆਂ ਹੋਇਆ ਵੀ ਸਾਡੇ ਤੋਂ ਇਜਾਜ਼ਤ ਲੈਣੀ ਪਈ। ਫੇਰ ਪਤਾ ਨਹੀਂ ਅਸੀਂ ਲਾਹੌਰ ਦੇ ਅਨੇਕਾਂ ਬਜ਼ਾਰਾਂ ਵਿਚੋਂ ਲੰਘੇ ਸੀ, ਨਾਮ ਹੀ ਨਹੀਂ ਯਾਦ। ਫਿਰ ਵੀ ਲਾਹੌਰ ਅਨਾਰਕਲੀ ਬਜ਼ਾਰ, ਹੀਰਾ ਮੰਡੀ ਬਜ਼ਾਰ, ਲੰਢਾ ਬਜ਼ਾਰ, ਚੂਨਾ ਮੰਡੀ ਬਜ਼ਾਰ ਅਤੇ ਹੋਰ ਅਨੇਕਾਂ ਹੀ ਬਜ਼ਾਰ ਤੇ ਥਾਵਾਂ ਵੇਖਣਯੋਗ ਹਨ। ਜੱਥੇ ਨਾਲ ਦੀਆਂ ਸੰਗਤਾਂ ਗੁਰਦੁਆਰਾ ਡੇਹਰਾ ਸਾਹਿਬ ਦੇ ਲਾਗੇ-ਲਾਗੇ ਬਜ਼ਾਰਾਂ ਵਿਚੋਂ ਖਰੀਦੋ ਫਰੋਖ਼ਤ ਕਰਦੀਆਂ ਹਨ। ਬਹੁਤੀ ਦੂਰ ਤਕ ਤਾਂ ਕੋਈ-ਕੋਈ ਜਾਂਦਾ ਹੈ। ਅਖੀਰ ਹਨੇਰੇ ਹੋਏ ਅਸੀਂ ਵਾਪਸ ਗੁਰਦੁਆਰਾ ਸਾਹਿਬ ਵਿਖੇ ਆ ਗਏ ਤੇ ਕੀਰਤਨ ਸੁਣਨ ਵਾਸਤੇ ਅੰਦਰ ਬੈਠ ਗਏ। ਫਿਰ ਲੰਗਰ ਪਾਣੀ ਛਕ ਕੇ ਆਪਣੇ ਟੈਂਟ ਵਾਲੇ ਕਮਰੇ ਵਿਚ ਆ ਗਏ। ਅੱਜ ਸਾਡੀ ਇੱਥੇ ਆਖਰੀ ਰਾਤ ਸੀ ਤੇ ਸਵੇਰੇ ਅਸੀਂ ਆਪਣੇ ਪੰਜਾਬ ਵੱਲ ਰਵਾਨਾ ਹੋਣਾ ਸੀ। ਟਰੇਨਾਂ ਦੀ ਅਨਾਊਂਸਮੈਂਟ ਰਾਤ ਹੀ ਕਰ ਦਿੱਤੀ ਗਈ ਸੀ। ਸਵੇਰੇ ਉੱਠ ਕੇ ਅਸੀਂ ਆਪਣੇ ਬਿਸਤਰੇ

ਇਕੱਠੇ ਕਰਕੇ ਜਮਾਂ ਕਰਵਾ ਕੇ ਤੇ ਆਪੋ-ਆਪਣਾ ਸਮਾਨ ਸੰਭਾਲ ਲਿਆ। ਨਹਾ ਕੇ ਅਸੀਂ ਇਧਰ ਉਧਰ ਘੁੰਮਦੇ ਰਹੇ। ਗੁਰਦੁਆਰਾ ਸਾਹਿਬ ਜੀ ਦੇ ਨਾਲ ਹੀ ਲਾਹੌਰ ਦੀ ਸਭ ਤੋਂ ਵੱਡੀ ਸ਼ਾਹੀ ਮਸਜ਼ਿਦ ਹੈ, ਉਸ ਨੂੰ ਵੀ ਬਾਹਰੋਂ ਵੇਖਦੇ ਰਹੇ। ਫਿਰ ਸਾਹਮਣੇ ਮੀਨਾਰੇ ਪਾਕਿਸਤਾਨ ਬਣਿਆ ਹੈ ਉਸ ਨੂੰ ਵੇਖਿਆ। ਮੀਨਾਰੇ ਪਾਕਿਸਤਾਨ ਵੀ ਲਾਹੌਰ ਦਾ ਖਾਸ ਖਿੱਚ ਦਾ ਕੇਂਦਰ ਹੈ। ਅੱਜ ਦੁਕਾਨਾਂ ਵਾਲੇ ਗੁਰਦੁਆਰਾ ਸਾਹਿਬ ਜੀ ਦੇ ਅੰਦਰ ਹੀ ਫੜ੍ਹੀਆਂ ਲਾ ਕੇ ਬੈਠੇ ਹੋਏ ਸਨ। ਆਪਣਾ ਸਮਾਨ ਵੇਚ ਰਹੇ ਸਨ। ਸੰਗਤਾਂ ਧੜਾਧੜ ਉਨ੍ਹਾਂ ਕੋਲੋਂ ਸਮਾਨ ਖਰੀਦ ਰਹੀਆਂ ਸਨ। ਲੰਗਰ ਅੱਜ ਵੀ ਜਿਉਂ ਦੇ ਤਿਉਂ ਚੱਲ ਰਹੇ ਸਨ। ਕਿਸੇ ਚੀਜ਼ ਦੀ ਅੱਜ ਵੀ ਕੋਈ ਘਾਟ ਨਹੀਂ ਸੀ। ਮੈਂ ਅਤੇ ਮੇਰੇ ਸਾਥੀਆਂ ਨੇ ਦਰਬਾਰ ਸਾਹਿਬ ਅੰਦਰੋਂ ਪਿੰਨੀ ਦਾ ਪ੍ਰਸਾਦਿ ਲਿਆ ਸੀ ਘਰ ਲਿਆਉਣ ਵਾਸਤੇ। ਪਹਿਲੀ ਟਰੇਨ ਅੱਠ ਵਜੇ, ਦੂਜੀ ਨੌਂ ਵਜੇ ਤੇ ਸਾਡੀ ਤੀਜੀ ਟਰੇਨ ਦੀ ਦਸ ਵਜੇ ਦੀ ਅਵਾਜ਼ ਸੀ, ਅਖੀਰ ਅਸੀਂ ਨਾ ਚਾਹੁੰਦੇ ਹੋਏ ਆਪੋ-ਆਪਣੇ ਬੈਗ ਮੋਢਿਆਂ ਵਿਚ ਪਾ ਕੇ ਗੁਰਦੁਆਰਾ ਸਾਹਿਬ ਜੀ ਅੰਦਰ ਮੱਥਾ ਟੇਕ ਕੇ ਉਸ ਸੱਚੇ ਪਾਤਸ਼ਾਹ ਦਾ ਕੋਟਿਨ-ਕੋਟ ਧੰਨਵਾਦ ਕਰਕੇ ਬਾਹਰ ਖੜ੍ਹੀਆਂ ਬੱਸਾਂ ਵਿਚ ਬੈਠ ਕੇ ਸਟੇਸ਼ਨ ਵੱਲ ਨੂੰ ਰਵਾਨਾ ਹੋ ਗਏ। ਅੱਜ ਚਿੱਟਾ ਦਿਨ ਸੀ, ਲਾਹੌਰ ਦਾ ਸਟੇਸ਼ਨ ਬਹੁਤ ਵਧੀਆ ਸੀ। ਬੈਗ ਰੱਖ ਕੇ ਇਧਰ ਉਧਰ ਘੁੰਮ ਰਹੇ ਸੀ। ਪਹਿਲੀ ਟਰੇਨ ਚੱਲ ਚੁੱਕੀ ਸੀ ਹੁਣ ਦੂਜੀ ਦੀ ਵਾਰੀ ਸੀ ਤੇ ਫਿਰ ਸਾਡੀ। ਅਸੀਂ ਆਪਸ ਵਿਚ ਗੱਲਾਬਾਤਾਂ ਕਰ ਰਹੇ ਸੀ। ਕਿਵੇਂ ਲੱਗਾ ਲਾਹੌਰ ਅਸੀਂ ਇੱਕ ਦੂਜੇ ਤੋਂ ਪੁੱਛ ਰਹੇ ਸੀ ਤੇ ਮੇਰੇ ਦਿਲ ਦਿਮਾਗ ਵਿਚ ਅੱਜ ਵੀ ਉਹੀ ਲਾਈਨ ਘੁੰਮ ਰਹੀ ਸੀ 'ਜਿਨ੍ਹੇ ਲਾਹੌਰ ਨਹੀਂ ਵੇਖਿਆ ਉਹ ਜੰਮਿਆ ਨਹੀਂ।' ਦੂਜੀ ਟਰੇਨ ਤੁਰਨ ਤੋਂ ਬਾਅਦ ਤੀਜੀ ਟਰੇਨ ਸਟੇਸ਼ਨ 'ਤੇ ਆ ਗਈ। ਅਸੀਂ ਆਪਣੇ ਡੱਬੇ ਤੇ ਸੀਟਾਂ 'ਤੇ ਆਣ ਬੈਠੇ। ਸਟੇਸ਼ਨ 'ਤੇ ਟਰੇਨ ਕਾਫੀ ਸਮਾਂ ਖੜ੍ਹੀ ਰਹੀ ਤੇ ਅਸੀਂ ਗੱਲਾਂਬਾਤਾਂ ਕਰਦੇ ਰਹੇ। ਅਖੀਰ ਇਥੋਂ ਚੱਲ ਕੇ ਵਾਹਗਾ ਬਾਰਡਰ ਤੇ ਫਿਰ ਅਸੀਂ ਸ਼ਾਮ ਦੇ ਚਾਰ ਕੁ ਵਜੇ ਅਟਾਰੀ ਸਟੇਸ਼ਨ 'ਤੇ ਆਣ ਉਤਰੇ। ਅਟਾਰੀ ਸਟੇਸ਼ਨ 'ਤੇ ਨਾ ਤਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਨਾ ਹੀ ਕਿਸੇ ਹੋਰ ਸੰਸਥਾ ਨੇ ਕੋਈ ਵੀ ਲੰਗਰ ਜਾਂ ਚਾਹ ਪਾਣੀ ਦਾ ਪ੍ਰਬੰਧ ਨਹੀਂ ਸੀ ਕੀਤਾ। ਇਥੋਂ ਤੱਕ ਕਿ ਫੋਕੇ ਪਾਣੀ ਦਾ ਪ੍ਰਬੰਧ ਨਹੀਂ ਸੀ। ਸੰਗਤਾਂ ਸਟੇਸ਼ਨ ਤੋਂ ਜਾ ਬਾਹਰ ਦੁਕਾਨਾਂ ਤੋਂ ਮੁੱਲ ਲੈ ਕੇ ਪਾਣੀ ਪੀ ਰਹੀਆਂ ਸਨ। ਉਧਰ ਨੌਂ ਦਿਨ ਕਿਸੇ ਚੀਜ਼ ਦੀ ਤੋਟ ਨਹੀਂ ਆਈ ਤੇ ਇੱਧਰ ਪਾਣੀ ਵੀ ਮੁੱਲ ਲੈ ਕੇ ਪੀ ਰਹੇ ਸਾਂ। ਸੋ ਇਸ ਬਾਰੇ ਸ਼੍ਰੋਮਣੀ ਕਮੇਟੀ ਤੇ ਹੋਰ ਧਾਰਮਿਕ ਸੰਸਥਾਵਾਂ ਨੂੰ ਸੋਚਣਾ ਚਾਹੀਦਾ ਹੈ।

ਮੇਰੇ ਸੂਝਵਾਨ ਪਾਠਕੋ, ਇਸ ਯਾਤਰਾ ਨੂੰ ਲਿਖਦਿਆਂ ਮੈਥੋਂ ਅਨੇਕਾਂ ਹੀ ਭੁੱਲਾਂ ਹੋਈਆਂ ਹਨ। ਅਨੇਕਾਂ ਹੀ ਖਾਮੀਆਂ ਰਹਿ ਗਈਆਂ ਹਨ। ਆਸ ਕਰਦਾ ਹਾਂ ਆਪ ਜ਼ਰੂਰ ਖਿਮਾ ਕਰੋਗੇ ਤੇ ਆਪਣੇ ਟੈਲੀਫੋਨਾਂ ਰਾਹੀਂ ਮੈਨੂੰ ਅਹਿਸਾਸ ਜ਼ਰੂਰ ਕਰਵਾਓਗੇ ਤਾਂ ਕਿ ਅੱਗੇ ਤੋਂ ਅਜਿਹੀਆਂ ਭੁੱਲਾਂ ਨਾ ਹੋਵਣ।

✲✲✲

# ਬੂਟਾ ਗੁਲਾਮੀ ਵਾਲਾ ਸ਼ੁਭ ਚਿੰਤਕਾਂ ਦੀ ਨਜ਼ਰ ਵਿਚ

ਸਾਹਿਤ ਦੀ ਦੁਨੀਆ ਵਿਚ ਗੁਲਾਮੀ ਵਾਲਾ ਦਾ ਨਾਂ ਲੇਖਕਾਂ ਦੀ ਕਤਾਰ ਵਿਚ ਆਉਂਦਾ ਹੈ। ਆਸੇ-ਪਾਸੇ ਵਾਪਰ ਰਹੀਆਂ ਘਟਨਾਵਾਂ ਨੂੰ ਆਪਣੀ ਕਲਮ ਤੋਂ ਹੂ-ਬ-ਹੂ ਬਿਆਨ ਕਰਨਾ ਹੀ ਉਸ ਦੀ ਕਲਾ ਹੈ। ਯਾਤਰਾਵਾਂ ਹਰ ਕੋਈ ਕਰਦਾ ਹੈ। ਅਸੀਂ ਵੀ ਕਰਦੇ ਹਾਂ ਪਰ ਆਪਣੀ ਯਾਤਰਾ ਨੂੰ ਹੋਰਾਂ ਲਈ ਧਿਆਨ ਸਰੋਤ ਬਣਾਉਣਾ ਬੜਾ ਔਖਾ ਹੈ। ਗੁਲਾਮੀ ਵਾਲੇ ਦੀ ਪੁਸਤਕ "ਪਾਕਿਸਤਾਨ ਜਿਹੋ ਜਿਹਾ ਮੈਂ ਵੇਖਿਆ" ਹਰੇਕ ਪੜ੍ਹਨ ਵਾਲੇ ਨੂੰ ਲੱਗਦਾ ਹੈ ਕਿ ਸ਼ਾਇਦ ਉਹ ਵੀ ਉਸ ਅਸਥਾਨ 'ਤੇ ਜਾ ਕੇ ਦਰਸ਼ਨ ਕਰ ਆਇਆ ਹੋਵੇ। ਇਹ ਗੁਣ ਬੂਟਾ ਗੁਲਾਮੀ ਵਾਲਾ ਵਿਚ ਮੌਜੂਦ ਹੈ। ਲੇਖਕ ਲਈ ਸਭ ਤੋਂ ਵੱਡਾ ਤੇ ਔਖਾ ਕੰਮ ਹੁੰਦਾ ਹੈ ਆਪਣੀ ਗੱਲ ਨੂੰ ਸਰਲ ਤੇ ਸਮਝ ਆਉਣ ਵਾਲੇ ਸ਼ਬਦਾਂ ਵਿਚ ਕਹਿਣਾ। ਇਹ ਸ਼ਬਦਾਂ ਦਾ ਭੰਡਾਰ ਵੀ ਗੁਲਾਮੀ ਵਾਲੇ ਕੋਲ ਮੌਜੂਦ ਹੈ। ਪ੍ਰਮਾਤਮਾ ਇਸ ਨੂੰ ਹੋਰ ਬੁਲੰਦੀਆਂ ਤੱਕ ਪਹੁੰਚਾਏ। ਸਾਡੀਆਂ ਸ਼ੁਭ ਦੁਆਵਾਂ ਗੁਲਾਮੀ ਵਾਲੇ ਦੇ ਨਾਲ ਹਨ।

**-ਖੇਤਪਾਲ ਸਿੰਘ ਸਿੱਧੂ**
**ਫੋਟੋਗ੍ਰਾਫ਼ਰ**
**ਕੋਟ ਈਸੇ ਖਾਂ (ਮੋਗਾ)**

✫✫✫

ਪਾਕਿਸਤਾਨ ਦੀ ਦੋ ਵਾਰ ਯਾਤਰਾ ਕਰਕੇ ਉਧਰਲੇ ਗੁਰੂਧਾਮਾਂ ਦੀ ਜਾਣਕਾਰੀ ਤੇ ਸੰਖੇਪ ਇਤਿਹਾਸ ਬੂਟਾ ਗੁਲਾਮੀ ਵਾਲਾ ਨੇ ਇਸ ਪੁਸਤਕ ਰਾਹੀਂ ਲੋਕਾਂ ਤੱਕ ਪਹੁੰਚਾਉਣ ਦੀ ਕ੍ਰਿਪਾਲਤਾ ਕੀਤੀ ਹੈ, ਬਹੁਤ ਹੀ ਵੱਡਾ ਤੇ ਵਧੀਆ ਉਪਰਾਲਾ ਹੈ। ਪਾਕਿਸਤਾਨ ਦੇ ਗੁਰੂਧਾਮਾਂ ਦੀ ਸਾਂਭ ਸੰਭਾਲ ਦੀ ਸੇਵਾ ਇਧਰਲੀ ਸੰਗਤ ਨੂੰ ਮਿਲਣੀ ਚਾਹੀਦੀ ਹੈ। ਉਧਰਲੇ ਹਰੇਕ ਗੁਰਦੁਆਰੇ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੋਣਾ ਚਾਹੀਦਾ ਹੈ ਅਤੇ ਗੁਰੂ ਮਰਿਆਦਾ ਦਾ ਵਿਸ਼ੇਸ਼ ਖ਼ਿਆਲ ਰੱਖਣਾ ਚਾਹੀਦਾ ਹੈ। ਕਿਉਂਕਿ ਸਾਡੇ ਗੁਰੂਆਂ ਨੇ ਸਾਨੂੰ ਇਹੋ ਉਪਦੇਸ਼ ਦਿੱਤਾ ਹੈ ਕਿ 'ਆਗਿਆ ਭਈ ਅਕਾਲ ਕੀ, ਤਬੀ ਚਲਾਇਓ ਪੰਥ, ਸਭ ਸਿੱਖਣ ਕੋ ਹੁਕਮ ਹੈ ਗੁਰੂ ਮਾਨਿਓ ਗ੍ਰੰਥ'। ਸੋ ਉਧਰਲੀ ਸਰਕਾਰ ਨੂੰ ਨਨਕਾਣਾ ਸਾਹਿਬ ਤੇ ਹੋਰ ਗੁਰੂਧਾਮਾਂ ਦੇ ਦਰਸ਼ਨ ਦੀਦਾਰ ਕਰਨ ਲਈ ਵੱਧ ਤੋਂ ਵੱਧ ਵੀਜ਼ੇ ਦੇਣੇ ਚਾਹੀਦੇ ਹਨ ਤਾਂ ਕਿ ਸਾਡੇ ਬੱਚਿਆਂ ਵਿਚ ਵੀ ਉਧਰ ਜਾਣ ਦੀ ਸ਼ਰਧਾ ਬਣੀ ਰਹੇ। ਅਸੀਂ ਆਪਣੇ ਵੱਲੋਂ ਬੂਟਾ ਗੁਲਾਮੀ ਵਾਲਾ ਨੂੰ ਇਹ ਪੁਸਤਕ ਛਪਵਾਉਣ ਤੇ ਬਹੁਤ-ਬਹੁਤ ਵਧਾਈ ਦਿੰਦੇ ਹਾਂ।

**-ਬਾਬਾ ਗੁਰਦੀਪ ਸਿੰਘ ਜੀ**
**ਮੁੱਖ ਸੇਵਾਦਾਰ**
**ਗੁਰਦੁਆਰਾ ਸ਼ਹੀਦ ਬਾਬਾ ਤੇਗਾ ਸਿੰਘ ਜੀ**
**ਚੰਦ ਪੁਰਾਣਾ (ਮੋਗਾ)**

ਬੂਟਾ ਗੁਲਾਮੀ ਵਾਲਾ ਨੇ ਚੜ੍ਹਦੇ ਪੰਜਾਬ ਵਿਚ ਰਹਿੰਦਿਆਂ ਪਾਕਿਸਤਾਨ ਦੀਯਾਤਰਾ ਕਰਕੇ ਚੜ੍ਹਦੇ ਤੇ ਲਹਿੰਦੇ ਪੰਜਾਬ ਦਾ ਮਾਣ ਵਧਾਇਆ ਹੈ। ਧੰਨਭਾਗ ਨੇ ਜੀ ਸਾਡੇ ਤੇ ਦੋਹਾਂ ਹੀ ਪੰਜਾਬਾਂ ਵਾਸਤੇ ਬੜੇ ਫ਼ਖ਼ਰ ਵਾਲੀ ਗੱਲ ਏ ਜੀ। ਅੱਲ੍ਹਾ ਕਰੇ ਇਹ ਪੁਸਤਕ ਹਰ ਇੱਕ ਦੀ ਪਸੰਦ ਬਣੇ। ਸਾਡੀਆਂ ਢੇਰ ਦੁਆਵਾਂ ਗੁਲਾਮੀ ਵਾਲਾ ਦੇ ਨਾਲ ਹਨ। ਪੰਜਾਬ ਗੁਰੂਆਂ, ਪੀਰਾਂ, ਫ਼ਕੀਰਾਂ, ਪੈਗੰਬਰਾਂ, ਸੂਰਬੀਰ ਯੋਧਿਆਂ, ਸ਼ਾਇਰਾਂ, ਲੇਖਕਾਂ ਦੀ ਧਰਤੀ ਹੈ ਤੇ ਇਸ ਧਰਤੀ ’ਤੇ ਇਹੋ ਜਿਹੇ ਹੀਰੇ ਚਮਕਦੇ ਰਹਿਣ। ਬੂਟਾ ਵਾਕਿਆ ਹੀ ਬੂਟਾ ਹੈ ਜੋ ਆਪਣੀ ਕਲਮ ਨਾਲ ਛਾਵਾਂ ਬਿਖੇਰ ਰਿਹਾ ਏ। ਸ਼ਾਲਾ! ਰੱਬ ਮਿਹਰ ਕਰੇ ਸਾਡਾ ਵੱਡਾ ਭਾਈਜਾਨ ਇਸੇ ਤਰ੍ਹਾਂ ਹੀ ਸਾਹਿਤ ਦੀ ਸੇਵਾ ਕਰਦਾ ਰਹੇ। ਆਪਣੇ ਸੰਦੇਸ਼ ਵਿਚ ਮੈਂ ਬੂਟਾ ਜੀ ਨੂੰ ਵਧਾਈਆਂ ਭੇਜ ਰਿਹਾ ਹਾਂ। ਸ਼ਾਲਾ! ਹਯਾਤੀ ਹੋਵੇ, ਰੱਬ ਖ਼ੈਰ ਕਰੇ।

**- ਉਮੇਰ ਇਕਬਾਲ ਉਮੇਰ**
**ਕਸੂਰ (ਲਾਹੌਰ)**
**ਪਾਕਿਸਤਾਨ**

✲✲✲

ਧਾਰਮਿਕ ਇਤਿਹਾਸ ਅਤੇ ਪਾਕਿਸਤਾਨ ਵਿਚ ਨਨਕਾਣਾ ਸਾਹਿਬ ਤੇ ਹੋਰ ਗੁਰਦੁਆਰਿਆਂ ਦੀ ਯਾਤਰਾ ਕਰਕੇ ਬੂਟਾ ਗੁਲਾਮੀ ਵਾਲਾ ਨੇ ਇਹ ਪੁਸਤਕ ਬੜੀ ਹੀ ਮਿਹਨਤ ਨਾਲ ਤਿਆਰ ਕੀਤੀ ਹੈ। ਭਾਵੇਂ ਉਧਰਲੇ ਗੁਰੂਧਾਮਾਂ ਦੀ ਸਾਂਭ ਸੰਭਾਲ ਵਕਫ਼ ਬੋਰਡ ਤੇ ਕਮੇਟੀ ਵਧੀਆ ਨਿਭਾ ਰਹੇ ਹਨ ਪਰ ਇਹ ਸਾਂਭ-ਸੰਭਾਲ ਸਾਡੀ ਸੰਗਤ ਨੂੰ ਮਿਲਣੀ ਚਾਹੀਦੀ ਹੈ ਤੇ ਅਸੀਂ ਹਰ ਰੋਜ਼ ਅਰਦਾਸਾਂ ਵੀ ਕਰਦੇ ਹਾਂ। ਬਾਕੀ ਬੂਟਾ ਜੀ ਨੇ ਉਧਰਲੇ ਗੁਰੂਧਾਮਾਂ ਦੀ ਵਿਸ਼ੇਸ਼ ਜਾਣਕਾਰੀ ਆਪਣੀ ਕਲਮ ਰਾਹੀਂ ਦਿੱਤੀ ਹੈ। ਇਸ ਤੇ ਅਸੀਂ ਬੂਟਾ ਜੀ ਦਾ ਧੰਨਵਾਦ ਕਰਦੇ ਹਾਂ ਅਤੇ ਆਸ ਕਰਦੇ ਹਾਂ ਕਿ ਇਹ ਪੁਸਤਕ ਹਰੇਕ ਘਰ ਦਾ ਸ਼ਿੰਗਾਰ ਬਣੇਗੀ ਅਤੇ ਹਰ ਕੋਈ ਇਸ ਨੂੰ ਪੜ੍ਹਕੇ ਘਰ ਬੈਠਿਆਂ ਹੀ ਉਧਰਲੇ ਗੁਰੂਧਾਮਾਂ ਬਾਰੇ ਜਾਣ ਜਾਵੇਗਾ। ਮੈਂ ਭਾਈ ਬੂਟਾ ਗੁਲਾਮੀ ਵਾਲਾ ਨੂੰ ਇਸ ਉਪਰਾਲੇ ਤੇ ਬਹੁਤ-ਬਹੁਤ ਧੰਨਵਾਦ ਕਰਦਾ ਹਾਂ ਅਤੇ ਆਸ ਕਰਦਾ ਹਾਂ ਕਿ ਇਹ ਅੱਗੇ ਤੋਂ ਵੀ ਅਜਿਹੇ ਕੰਮ ਕਰਦੇ ਰਹਿਣ।

**-ਬਾਬਾ ਅਵਤਾਰ ਸਿੰਘ ਜੀ**
**ਮੁੱਖ ਸੇਵਾਦਾਰ**
**ਸੰਤ ਬਾਬਾ ਤੁਲਸੀ ਦਾਸ ਜੀ ਝੁੱਗੀ ਵਾਲੇ**
**ਪਿੰਡ ਦੌਲੇ ਵਾਲਾ (ਮਾਇਰ): 98885-94917**

ਸਾਡੇ ਸ਼ਹਿਰ ਕੋਟ ਈਸੇ ਖਾਂ ਦੇ ਬੂਟਾ ਗੁਲਾਮੀ ਵਾਲਾ ਨੇ ਪਾਕਿਸਤਾਨ ਦੇ ਗੁਰੂਧਾਮਾਂ ਦੀ ਦੋ ਵਾਰ ਯਾਤਰਾ ਕਰਕੇ ਇਹ ਸਫ਼ਰਨਾਮਾ ਪੁਸਤਕ ਲਿਖੀ ਹੈ। ਇਹ ਬਹੁਤ ਹੀ ਵਧੀਆ ਕਦਮ ਹੈ। ਗੁਰੂਧਾਮਾਂ ਦੀ ਯਾਤਰਾ ਕਰਨੀ ਤੇ ਫਿਰ ਉਸਨੂੰ ਪੁਸਤਕ ਦਾ ਰੂਪ ਦੇਣਾ ਹਰ ਇਕ ਦੇ ਵੱਸ ਦੀ ਗੱਲ ਨਹੀਂ। ਇਹ ਕੰਮ ਇਕ ਚੰਗਾ ਸਾਹਿਤਕਾਰ, ਚੰਗਾ ਲੇਖਕ ਤੇ ਵਧੀਆ ਇਨਸਾਨ ਹੀ ਕਰ ਸਕਦਾ ਹੈ। 'ਪਾਕਿਸਤਾਨ ਜਿਹੋ ਜਿਹਾ ਮੈਂ ਵੇਖਿਆ' ਪੁਸਤਕ ਰਾਹੀਂ ਗੁਲਾਮੀ ਵਾਲਾ ਨੇ ਗੁਰੂਧਾਮਾਂ ਦੇ ਨਾਲ-ਨਾਲ ਸਾਨੂੰ ਉਧਰਲੇ ਹਾਲਾਤਾਂ, ਪੰਜਾਬੀ ਵਿਰਸੇ, ਸਭਿਆਚਾਰ ਤੇ ਲੋਕਾਂ ਦੇ ਰਹਿਣ-ਸਹਿਣ ਬਾਰੇ ਵੀ ਜਾਣੂ ਕਰਵਾਇਆ ਹੈ। ਪਿੰਡਾਂ ਤੇ ਸ਼ਹਿਰਾਂ ਵਿਚ ਵੱਸਦੇ ਲੋਕਾਂ ਦਾ ਚਿਤਰਣ ਬੜਾ ਬਾਖੂਬੀ ਨਿਭਾਇਆ ਹੈ। ਗੁਲਾਮੀ ਵਾਲਾ ਨੂੰ ਇਹ ਕਾਰਜ ਕਰਨ ਤੇ ਅਦਾਰਾ ਹੇਮਕੁੰਟ ਸਕੂਲ ਕੋਟ ਈਸੇ ਖਾਂ ਵਧਾਈਆਂ ਦਿੰਦਾ ਹੈ ਅਤੇ ਕਾਮਨਾ ਕਰਦਾ ਹੈ ਕਿ ਵਾਹਿਗੁਰੂ ਇਸ ਨੂੰ ਦਿਨ ਦੁੱਗਣੀ, ਰਾਤ ਚੌਗੁਣੀ ਤਰੱਕੀ ਬਖ਼ਸ਼ੇ।

**-ਸ੍ਰੀ ਹੇਮਕੁੰਟ ਸ.ਸ. ਸਕੂਲ ਕੋਟ ਈਸੇ ਖਾਂ**
**ਸ੍ਰੀ ਹੇਮਕੁੰਟ ਸਾਹਿਬ ਸ. ਸ. ਸਕੂਲ ਫਤਹਿਗੜ੍ਹ ਪੰਜਤੂਰ**
**ਕੁਲਵੰਤ ਸਿੰਘ ਚੇਅਰਮੈਨ, ਰਣਜੀਤ ਕੌਰ ਮੈਨੇਜਿੰਗ ਡਾਇਰੈਕਟਰ**
**ਕੋਟ ਈਸੇ ਖਾਂ, ਮੋਗਾ**

✲✲✲

ਮੇਰਾ ਦੋਸਤ ਬੂਟਾ ਗੁਲਾਮੀ ਵਾਲਾ ਚੇਤੰਨ ਵਿਅਕਤੀ ਹੈ। ਨਵੇਂ ਪੁਰਾਣੇ ਲੇਖਕਾਂ ਨੂੰ ਜੋੜ ਕੇ ਅਸੀਂ ਸਾਹਿਤ ਸਭਾ ਚਲਾ ਰਹੇ ਹਾਂ ਜਿਸ ਦਾ ਉਹ ਪ੍ਰਧਾਨ ਵੀ ਹੈ। ਗੀਤ, ਗ਼ਜ਼ਲਾਂ, ਕਵਿਤਾਵਾਂ ਤੇ ਅਖ਼ਬਾਰਾਂ ਵਿਚ ਉਸਦੇ ਲੇਖ ਅਕਸਰ ਛਪਦੇ ਰਹਿੰਦੇ ਹਨ ਅਤੇ ਇਹ ਸਾਹਿਤ ਦੀ ਪੰਜਾਬੀ ਮਾਂ ਬੋਲੀ ਦੀ ਸੇਵਾ ਕਰ ਰਿਹਾ ਏ। ਉਸ ਨੇ ਆਪਣੀ ਪਾਕਿਸਤਾਨ ਯਾਤਰਾ ਨੂੰ ਪਹਿਲਾਂ ਅਖ਼ਬਾਰ ਵਿਚ ਪ੍ਰਕਾਸ਼ਿਤ ਕਰਵਾਇਆ, ਜਿਥੋਂ ਉਸ ਨੂੰ ਭਰਪੂਰ ਹੁੰਗਾਰਾ ਮਿਲਿਆ ਤੇ ਫਿਰ ਉਸ ਨੇ ਹਥਲੀ ਪੁਸਤਕ "ਪਾਕਿਸਤਾਨ ਜਿਹੋ ਜਿਹਾ ਮੈਂ ਵੇਖਿਆ" ਛਪਵਾਈ। ਇਹ ਇਕ ਸ਼ਲਾਘਾਯੋਗ ਕਾਰਜ ਹੈ। ਪਾਕਿਸਤਾਨ ਵਿਚ ਵਿਚਰਦਿਆਂ ਉਸ ਨੇ ਨਨਕਾਣਾ ਸਾਹਿਬ ਅਤੇ ਹੋਰ ਗੁਰਧਾਮਾਂ ਦੀ ਜਾਣਕਾਰੀ ਦੇ ਨਾਲ-ਨਾਲ ਇਤਿਹਾਸਕ, ਸਮਾਜਿਕ, ਪੁਰਾਤਨ ਵਿਸ਼ਿਆਂ ਨੂੰ ਦਰਸਾਇਆ ਹੈ ਅਤੇ ਪਾਕਿਸਤਾਨ ਦੀ ਮਹਿਮਾਨ ਨਿਵਾਜ਼ੀ, ਬੋਲੀ, ਪਹਿਰਾਵੇ, ਪੇਂਡੂ ਸਭਿਆਚਾਰ ਦਾ ਵਰਨਣ ਵੀ ਬਾਖੂਬੀ ਕੀਤਾ ਹੈ। ਸਰਲ ਤੇ ਸਪੱਸ਼ਟ ਭਾਸ਼ਾ ਵਿਚ ਸਫ਼ਰਨਾਮਾ ਲਿਖਣ ਤੇ ਬੂਟਾ ਗੁਲਾਮੀ ਵਾਲਾ ਨੂੰ ਮੈਂ ਵਧਾਈ ਦਿੰਦਾ ਹਾਂ।

**-ਵਿਵੇਕ**
**ਜਰਨਲ ਸਕੱਤਰ ਨਵ-ਪੰਜਾਬੀ ਸਾਹਿਤ ਸਭਾ**
**ਕੋਟ ਈਸੇ ਖਾਂ** (ਮੋਗਾ)

ਹਰ ਰੋਜ਼ ਦੀ ਅਰਦਾਸ ਵਿਚ ਹਰ ਗੁਰਸਿੱਖ ਸੱਚੇ ਸਤਿਗੁਰੂ ਤੋਂ ਇਹੀ ਮੰਗਦਾ ਹੈ ਕਿ ਸ਼੍ਰੀ ਨਨਕਾਣਾ ਸਾਹਿਬ, ਸ੍ਰੀ ਪੰਜਾ ਸਾਹਿਬ ਅਤੇ ਹੋਰ ਗੁਰੂਧਾਮਾਂ ਤੋਂ ਜਿਨ੍ਹਾਂ ਤੋਂ ਪੰਥ ਨੂੰ ਵਿਛੋੜਿਆ ਗਿਆ ਹੈ, ਖੁਲ੍ਹੇ ਦਰਸ਼ਨ ਦੀਦਾਰ ਅਤੇ ਸੇਵਾ ਸੰਭਾਲ ਦਾ ਦਾਨ ਖ਼ਾਲਸਾ ਜੀ ਨੂੰ ਬਖਸ਼ੇ। ਇਹ ਰੀਝ ਪਤਾ ਨਹੀਂ ਕਦੋਂ ਪੂਰੀ ਹੋਵੇਗੀ ਪਰ ਬੂਟਾ ਗੁਲਾਮੀ ਵਾਲਾ ਨੇ ਉਧਰਲੇ ਗੁਰੂਧਾਮਾਂ ਦੀ ਯਾਤਰਾ ਕਰਕੇ ਇਹ ਕਿਤਾਬ ਛਪਵਾ ਕੇ ਬਹੁਤ ਹੀ ਸ਼ਲਾਘਾਯੋਗ ਕੰਮ ਕੀਤਾ ਹੈ। ਇਸ ਨੂੰ ਪੜ੍ਹ ਕੇ ਉਧਰਲੇ ਗੁਰਧਾਮਾਂ ਦਾ ਸੰਖੇਪ ਵਰਨਣ ਜਾਨਣ ਨੂੰ ਮਿਲੇਗਾ। ਮੈਂ ਆਸ ਕਰਦਾ ਹਾਂ ਅਤੇ ਵਾਹਿਗੁਰੂ ਅੱਗੇ ਅਰਦਾਸ ਕਰਦਾ ਹਾਂ ਉਹ ਗੁਲਾਮੀ ਵਾਲਾ ਦੀ ਕਲਮ ਨੂੰ ਹੋਰ ਅਜਿਹੇ ਕਾਰਜ ਕਰਨ ਦਾ ਬਲ ਬਖ਼ਸ਼ੇ।

**–ਬਾਬਾ ਮਨੋਹਰ ਸਿੰਘ ਜੀ**

✲✲✲

ਜਿਨ੍ਹਾਂ ਦੇ ਮਨ ਵਿਚ ਅੱਗੇ ਵਧਣ ਦੀ ਚਾਹ ਹੁੰਦੀ ਹੈ, ਉਹ ਕਦੇ ਪਿੱਛੇ ਮੁੜ ਕੇ ਨਹੀਂ ਵੇਖਦੇ ਤੇ ਇਹਨਾਂ ਵਿਚੋਂ ਹੀ ਹੈ ਬੂਟਾ ਗੁਲਾਮੀ ਵਾਲਾ, ਜਿਸਨੇ ਪਾਕਿਸਤਾਨ ਦੀ ਦੋ ਵਾਰ ਯਾਤਰਾ ਕਰਕੇ ਪਹਿਲਾਂ ਅਖ਼ਬਾਰਾਂ ਵਿਚ ਤੇ ਹੁਣ ਬਹੁਤ ਹੀ ਮਿਹਨਤ ਕਰਕੇ ਪੁਸਤਕ ਤਿਆਰ ਕੀਤੀ ਹੈ। ਉਸਨੇ ਆਪਣੀ ਕਲਮ ਨਾਲ ਸਾਹਿਤ ਦੀ ਸੇਵਾ ਕਰਦਿਆਂ ਤੀਹ–ਪੈਂਤੀ ਸਾਲ ਦਾ ਸਮਾਂ ਗੁਜ਼ਾਰਿਆ ਹੈ। ਹਥਲੀ ਪੁਸਤਕ ਵਿਚ ਉਸਨੇ ਪਾਕਿਸਤਾਨ ਵਿਚਲੇ ਗੁਰੂਧਾਮਾਂ ਦਾ ਸੰਖੇਪ ਵਰਨਣ, ਉਧਰਲੇ ਲੋਕਾਂ ਦੇ ਮੇਲ–ਮਿਲਾਪ, ਰਹਿਣ ਸਹਿਣ, ਰੀਤੀ ਰਿਵਾਜ਼, ਪਹਿਰਾਵੇ ਤੇ ਸਭਿਆਚਾਰ ਨੂੰ ਬਾਖੂਬੀ ਪੇਸ਼ ਕੀਤਾ ਹੈ। ਇਸ ਲਈ ਗੁਲਾਮੀ ਵਾਲਾ ਵਧਾਈ ਦਾ ਪਾਤਰ ਹੈ ਤੇ ਆਓ ਦੋਸਤੋ, ਮਿੱਤਰੋ ਉਸਦੀ ਇਸ ਪੁਸਤਕ ਨੂੰ ਖਰੀਦ ਕੇ ਪੜ੍ਹੀਏ ਤਾਂ ਕਿ ਉਸ ਦੀ ਕੀਤੀ ਮਿਹਨਤ ਦਾ ਉਸਨੂੰ ਫਲ ਮਿਲ ਸਕੇ ਤੇ ਉਹ ਅਜਿਹੇ ਕਾਰਜ ਅੱਗੇ ਤੋਂ ਵੀ ਕਰਦਾ ਰਹੇ।

**–ਜਸਵਿੰਦਰ ਸਿੰਘ ਸਿੱਧੂ**

**ਪ੍ਰਧਾਨ ਈ.ਟੀ.ਟੀ. ਅਧਿਆਪਕ ਯੂਨੀਅਨ, ਪੰਜਾਬ, 81466-10000**

✲✲✲

ਮੇਰੀ ਤੇ ਬੂਟਾ ਜੀ ਦੀ ਮੁਲਾਕਾਤ ਉਸ ਦੀ ਛਪੀ ਅਖ਼ਬਾਰ ਵਿਚ ਪਾਕਿਸਤਾਨ ਦੀ ਯਾਤਰਾ ਤੋਂ ਹੋਈ ਤੇ ਬਾਅਦ ਵਿਚ ਅਸੀਂ ਦੋਵੇਂ ਗੂੜ੍ਹੇ ਮਿੱਤਰ ਬਣ ਗਏ। ਗੁਲਾਮੀ ਵਾਲਾ ਨੇ ਆਪਣੀ ਯਾਤਰਾ ਦੌਰਾਨ ਜੋ ਕੁਝ ਵੇਖਿਆ ਉਸ ਨੂੰ ਹੂ–ਬ–ਹੂ ਸੱਚ ਲਿਖਿਆ। ਮੈਂ ਉਸ ਦੁਆਰਾ ਲਿਖੀ ਯਾਤਰਾ ਦਾ ਅੱਖਰ–ਅੱਖਰ ਪੜ੍ਹਿਆ ਹੈ ਤੇ ਬੜਾ ਦਿਲ ਖੁਸ਼ ਹੋਇਆ। ਇਸ ਯਾਤਰਾ ਤੋਂ ਸਾਹਿਤ ਦੇ ਖੇਤਰ ਵਿਚ ਬੂਟਾ ਗੁਲਾਮੀ ਵਾਲਾ ਧਰੂ ਤਾਰੇ ਵਾਂਗ ਚਮਕਿਆ ਹੈ। ਭਵਿੱਖ ਵਿਚ ਵੀ ਆਸ ਕਰਦੇ ਹਾਂ ਕਿ ਬੂਟਾ ਜੀ ਪੰਜਾਬੀ ਮਾਂ ਬੋਲੀ ਦੀ ਇਸੇ ਤਰ੍ਹਾਂ ਸੇਵਾ ਕਰਦੇ ਰਹਿਣ। ਸਾਡੀਆਂ ਸ਼ੁੱਭ ਇਛਾਵਾਂ ਇਨ੍ਹਾਂ ਦੇ ਨਾਲ ਹਨ।

**-ਪਵਨ ਸ਼ਾਹਪੁਰੀ**

**ਡੇਰਾ ਬਾਬਾ ਨਾਨਕ, ਗੁਰਦਾਸਪੁਰ**

ਧਾਰਮਿਕ ਇਤਿਹਾਸ ਅਤੇ ਪੁਸਤਕ ਲਿਖਣੀ ਕੋਈ ਸੌਖਾ ਕੰਮ ਨਹੀਂ ਹੈ ਪਰ ਬੂਟਾ ਗੁਲਾਮੀ ਵਾਲਾ ਨੇ ਪਾਕਿਸਤਾਨ ਦੀ ਧਰਤੀ ਤੋਂ ਨਨਕਾਣਾ ਸਾਹਿਬ ਅਤੇ ਹੋਰ ਗੁਰਧਾਮਾਂ ਦੀ ਦੋ ਵਾਰ ਯਾਤਰਾ ਕਰਕੇ ਆਪਣਾ ਜੀਵਨ ਤਾਂ ਸਫ਼ਲ ਕੀਤਾ ਹੀ ਹੈ ਉਥੇ ਹਥਲੀ ਪੁਸਤਕ ਨੂੰ ਲਿਖ ਕੇ ਅਤੇ ਲੋਕਾਂ ਤੱਕ ਪੁੱਜਦਾ ਕਰਕੇ ਇਕ ਬਹੁਤ ਹੀ ਸ਼ਲਾਘਾਯੋਗ ਕੰਮ ਕੀਤਾ ਹੈ। ਲੇਖਕ ਨੇ ਆਪਣੀ ਸੂਝ-ਬੂਝ ਨਾਲ ਉਧਰਲੇ ਗੁਰੂਧਾਮਾਂ ਦੀ ਸੰਖੇਪ ਜਿਹੀ ਜਾਣਕਾਰੀ ਦੇ ਕੇ ਆਪਣੀ ਕਲਮ ਦਾ ਉਤਮ ਨਮੂਨਾ ਪੇਸ਼ ਕੀਤਾ ਹੈ। ਭਾਵੇਂ ਅਜਿਹੇ ਕਾਰਜ ਹੈ ਬੜੇ ਔਖੇ ਪਰ ਪ੍ਰਮਾਤਮਾ ਦੀ ਕ੍ਰਿਪਾ ਤੇ ਸੰਗਤਾਂ ਦੀਆਂ ਸ਼ੁਭ ਕਾਮਨਾਵਾਂ ਨਾਲ ਸਭ ਕਾਰਜ ਸਿਰੇ ਚੜ੍ਹ ਜਾਂਦੇ ਹਨ। ਅਸੀਂ ਬੂਟਾ ਗੁਾਲਮੀ ਵਾਲਾ ਜੀ ਨੂੰ ਇਹ ਕਾਰਜ ਕਰਨ ਤੇ ਵਧਾਈ ਦੇਂਦੇ ਹਾਂ ਅਤੇ ਅਰਦਾਸ ਕਰਦੇ ਹਾਂ ਕਿ ਇਹਨਾਂ ਦੀ ਕਲਮ ਹੋਰ ਵੀ ਤਰੱਕੀਆਂ ਕਰੇ। **-ਬਾਬਾ ਪਵਨਦੀਪ ਸਿੰਘ ਜੀ**

**ਮੁੱਖ ਸੇਵਾਦਾਰ**

**ਤਪ ਅਸਥਾਨ ਕੇਰਵਾਲੀ ਖੂਹੀ (ਧਰਮ ਕੋਟ)**

✲✲✲

ਮੈਨੂੰ ਅੱਜ ਬੜਾ ਮਾਣ ਮਹਿਸੂਸ ਹੋ ਰਿਹਾ ਏ ਕਿ ਮੇਰੇ ਵੱਡੇ ਭਰਾ ਬੂਟਾ ਗੁਲਾਮੀ ਵਾਲਾ ਜੀ ਪਿਛਲੇ ਤੀਹ-ਪੈਂਤੀ ਸਾਲ ਦੀ ਅਣਥੱਕ ਮਿਹਨਤ ਸਦਕਾ ਇਸ ਮੁਕਾਮ 'ਤੇ ਪਹੁੰਚੇ ਹਨ। ਪ੍ਰਮਾਤਮਾ ਦੀ ਕ੍ਰਿਪਾ ਨਾਲ ਚੰਗਾ ਸਾਹਿਤ ਲਿਖਣ ਤੇ ਪੜ੍ਹਣ ਦੀ ਕਲਾ ਸਾਨੂੰ ਵਿਰਸੇ ਵਿਚੋਂ ਮਿਲੀ ਹੈ ਤੇ ਗੁਲਾਮੀ ਵਾਲਾ ਅੱਜ ਚੰਗੇ ਲੇਖਕਾਂ ਵਿਚ ਗਿਣਿਆ ਜਾਂਦਾ ਹੈ। ਪੁਸਤਕ ' ਪਾਕਿਸਤਾਨ ਜਿਹੋ ਜਿਹਾ ਮੈਂ ਵੇਖਿਆ' ਲੈ ਕੇ ਪਾਠਕਾਂ ਦੀ ਕਚਹਿਰੀ ਵਿਚ ਪੁੱਜਾ ਹੈ। ਮੈਂ ਆਸ ਕਰਦਾ ਹਾਂ ਕਿ ਇਹ ਧਾਰਮਿਕ ਪੁਸਤਕ ਹਰ ਘਰ ਦਾ ਸ਼ਿੰਗਾਰ ਬਣੇਗੀ ਅਤੇ ਹਰ ਕਈ ਬਜ਼ੁਰਗ, ਜਵਾਨ ਤੇ ਬੱਚੇ ਇਸ ਨੂੰ ਪੜ੍ਹਕੇ ਬੂਟਾ ਗੁਲਾਮੀ ਵਾਲਾ ਜੀ ਤੋਂ ਭਵਿੱਖ ਵਿਚ ਵੀ ਅਜਿਹਾ ਕਰਨ ਦੀ ਆਸ ਰੱਖਣਗੇ। ਗੁਲਾਮੀ ਵਾਲਾ ਨੇ ਸਾਡੇ ਸਾਰੇ ਪਰਿਵਾਰ ਤੇ ਸਾਡੀ ਜਨਮ ਧਰਤੀ ਪਿੰਡ ਗੁਲਾਮੀ ਵਾਲਾ ਦਾ ਨਾਮ ਰੌਸ਼ਨ ਕੀਤਾ ਹੈ। ਇਸ 'ਤੇ ਮੈਂ ਬਹੁਤ ਵਧਾਈ ਦਿੰਦਾ ਹਾਂ।

**-ਕਾਰਜ ਸਿੰਘ (ਮੰਘੇੜਾ ਬੈਗ ਹਾਊਸ)**

**ਮੇਨ ਚੌਕ ਕੋਟ ਈਸੇ ਖ਼ਾਂ (ਮੋਗਾ) 93160-34203**


✲✲✲

ਜਿੱਥੋਂ ਤੱਕ ਮੈਂ ਗੁਲਾਮੀ ਵਾਲਾ ਨੂੰ ਜਾਣਦਾ ਹਾਂ ਉਹ ਬੜੇ ਹੀ ਨਿੱਘੇ ਸੁਭਾਅ ਦੇ ਮਾਲਕ ਅਤੇ ਮਿਲਣਸਾਰ ਹਨ। ਉਹ ਪਿਛਲੇ ਤੀਹ-ਪੈਂਤੀ ਸਾਲ ਤੋਂ ਸਾਹਿਤ ਦੀ ਸੇਵਾ ਕਰ ਰਹੇ ਹਨ ਤੇ ਸਾਹਿਤ ਸਭਾ ਕੋਟ ਈਸੇ ਖਾਂ ਦੇ ਪ੍ਰਧਾਨ ਵੀ ਹਨ। ਉਨ੍ਹਾਂ ਹੱਥਲੀ ਪੁਸਤਕ ਪਾਠਕਾਂ ਦੀ ਝੋਲੀ ਪਾਈ ਹੈ। ਆਪਣੀ ਕਲਮ ਦੀ ਲਿਖਣ ਸ਼ੈਲੀ ਰਾਹੀਂ ਜਿਥੇ ਉਸਨੇ ਗੁਰਧਾਮਾਂ ਬਾਰੇ ਜਾਣਕਾਰੀ ਦਿੱਤੀ, ਉਥੇ ਅਸੀਂ ਖ਼ੁਦ ਵੀ ਪਾਕਿਸਤਾਨੀ ਪਿੰਡਾਂ ਦੇ ਘਰਾਂ ਵਿਚ ਮੰਜਿਆਂ ਤੇ ਚਾਦਰਾਂ ਵਿਛਾ ਕੇ ਬੈਠਿਆ ਮਹਿਸੂਸ ਕੀਤਾ ਹੈ। ਨਨਕਾਣਾ ਸਾਹਿਬ ਵਿਚ ਨਗਰ ਕੀਰਤਨ, ਮੋਟਰ ਸਾਇਕਲ, ਰਿਕਸ਼ੇ ਵਾਲੇ ਨਾਲ ਮੁਲਾਕਾਤ, ਉਧਰਲੇ ਲੋਕਾਂ ਦਾ ਪਿਆਰ ਅਜਿਹੀਆਂ ਕਈ ਪੁਸਤਕਾਂ ਵਿਚਲੀਆਂ ਗੱਲਾਂ ਮਨ ਨੂੰ ਟੁੰਬਦੀਆਂ ਹਨ। ਗੁਲਾਮੀ ਵਾਲਾ ਦਾ ਉਪਰਾਲਾ ਬੜਾ ਹੀ ਸ਼ਲਾਘਾਯੋਗ ਹੈ। ਇਹ ਉਸਦੇ ਸਫ਼ਰ ਦੀ ਸ਼ੁਰੂਆਤ ਹੈ। ਉਸਨੇ ਬੜਾ ਪੈਂਡਾ ਤੈਅ ਕਰਨਾ ਹੈ।


**-ਗੁਲਾਬ ਸਿੰਘ ਮਨਾਵਾਂ ਮੋਗਾ**: 70877-29727

# ਜਿਨ੍ਹਾਂ ਨੇ ਮੇਰਾ ਸਾਥ ਦਿੱਤਾ


ਕਾਰਜ ਸਿੰਘ (ਮੰਘੇੜਾ)


ਸੁਰਜੀਤ ਸਿੰਘ (ਗਾਬਾ)


ਸੁਖਬੀਰ ਸਿੰਘ (ਸੁੱਖਾ)


ਬਾਬਰ ਖਾਨ ਚਿਸ਼ਤੀ


ਹਰਬੰਸ਼ ਸਿੰਘ (ਗੇਂਦੂ)



ਪ੍ਰੇਮ ਕੁਮਾਰ (ਬਿੱਲੂ)


ਸੁੱਚਾ ਸਿੰਘ (ਕਟੋਰਾ)


ਜੀਤ ਸਿੰਘ ਪਟਿਆਲਾ


ਵਿਨੇ ਕੁਮਾਰ (ਕਾਕਾ)


ਅੰਗਰੇਜ ਸਿੰਘ (ਰਾਜਾ)


ਦਵਿੰਦਰ ਸਿੰਘ (ਗਲੌਂਟੀ)


ਲਖਵੀਰ ਸਿੰਘ (ਲਵਲੀ)

ਮੈਂ ਬਹੁਤ ਧੰਨਵਾਦੀ ਹਾਂ ਉਨ੍ਹਾਂ ਸੱਜਣਾਂ ਦਾ ਜਿਨ੍ਹਾਂ ਨੇ ਮੈਨੂੰ ਇਹ ਕਿਤਾਬ ਛਪਵਾਉਣ ਵਿਚ ਹਰ ਪੱਖੋਂ ਸਹਿਯੋਗ ਦਿੱਤਾ, ਮੈਂ ਉਨ੍ਹਾਂ ਦਾ ਹਮੇਸ਼ਾ ਰਿਣੀ ਰਹਾਂਗਾ। ਮੈਂ ਵਿਸ਼ੇਸ਼ ਤੌਰ ’ਤੇ ਧੰਨਵਾਦੀ ਹਾਂ ਵਰਲਡ ਯੂਥ ਪਾਵਰ ਆਰਗੇਨਾਈਜ਼ੇਸ਼ਨ ਦੇ ਸੰਸਥਾਪਕ ਹਰਵਿੰਦਰ ਸੰਧੂ ਨਿਹਾਲਗੜ੍ਹੀਆ ਦਾ ਜਿਨ੍ਹਾਂ ਨੇ ਇਸ ਪੁਸਤਕ ਨੂੰ ਨੇਪਰੇ ਚਾੜ੍ਹਨ ਵਾਸਤੇ ਮੈਨੂੰ ਪੂਰਾ ਪੂਰਾ ਸਹਿਯੋਗ ਦਿੱਤਾ।